PAIGAM-E-JAGAT

# ਪੈਗ਼ਾਮ-ਏ-ਜਗਤ


ਮੇਰਾ ਧਰਮ ਸੱਚ ਅਤੇ ਅਹਿੰਸਾ 'ਤੇ ਆਧਾਰਿਤ ਹੈ। ਸੱਚ ਹੀ ਮੇਰਾ ਰੱਬ ਹੈ; ਅਹਿੰਸਾ ਉਸ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ।

-ਮਹਾਤਮਾ ਗਾਂਧੀ

Title code : CHAMUL00914 | E-mail : Info@paigamejagat.com | 1 ਤੋਂ 7 ਅਕਤੂਬਰ, 2026, ਸਾਲ-4, ਅੰਕ-9, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701



## ਜਲੰਧਰ ਰੈਲੀ 'ਚ ਅਮਿਤ ਸ਼ਾਹ ਦਾ ਵੱਡਾ ਦਾਅਵਾ

# ਬੀਜੇਪੀ ਦੀ ਸਰਕਾਰ ਆਈ ਤਾਂ 2029 ਤੱਕ ਚਿੱਟਾ ਮੁਕਤ ਹੋਵੇਗਾ ਪੰਜਾਬ

**ਜਲੰਧਰ, 30 ਸਤੰਬਰ (ਪੈ.ਗਾਮ-ਏ-ਜਗਤ)**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਜਲੰਧਰ ਦੌਰੇ 'ਤੇ ਹਨ। ਇਸ ਸਮੇਂ ਉਹ ਜਲੰਧਰ ਵਿੱਚ ਰੈਲੀ ਨੂੰ ਸੰਬੋਧਿਤ ਕਰ ਰਹੇ ਹਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਭਾਜਪਾ 2027 ਦੀਆਂ ਚੋਣਾਂ ਨਸ਼ਾ ਮੁਕਤ ਪੰਜਾਬ ਦੇ ਨਾਮ 'ਤੇ ਲੜੇਗੀ। ਮੈਂ ਪੰਜਾਬ ਦੇ ਨੌਜਵਾਨਾਂ ਨਾਲ ਇੱਕ ਵਾਅਦਾ ਕਰਕੇ ਜਾ ਰਿਹਾ ਹਾਂ: ਭਾਜਪਾ ਨੂੰ ਵੋਟ ਦਿਓ, ਕਮਲ ਤੇ ਮੋਹਰ ਲਗਾਓ। ਅਸੀਂ 31 ਦਸੰਬਰ, 2029 ਤੋਂ ਪਹਿਲਾਂ ਪੰਜਾਬ ਨੂੰ ਨਸ਼ੇ ਦੀ ਲਤ ਤੋਂ ਮੁਕਤ ਕਰ ਦੇਵਾਂਗੇ ਉਨ੍ਹਾਂ ਕਿਹਾ ਕਿ ਜਦੋਂ ਵੀ ਰਾਸ਼ਟਰੀ ਸੁਰੱਖਿਆ ਦੀ ਗੱਲ ਆਉਂਦੀ ਹੈ, ਤਾਂ ਪੰਜਾਬ ਦੇ ਜਵਾਨ ਸਭ ਤੋਂ ਪਹਿਲਾਂ ਆਪਣੀਆਂ ਜਾਨਾਂ ਕੁਰਬਾਨ ਕਰਦੇ ਹਨ। ਪੰਜਾਬੀਆਂ ਦੀਆਂ ਕੁਰਬਾਨੀਆਂ ਨਾਲ ਨਾ ਸਿਰਫ਼ ਆਜ਼ਾਦੀ ਮਿਲੀ ਸਗੋਂ ਉਨ੍ਹਾਂ ਨੇ ਦੇਸ਼ ਦੀ ਰੱਖਿਆ ਲਈ ਸਭ ਤੋਂ ਵੱਡੀਆਂ ਕੁਰਬਾਨੀਆਂ ਵੀ ਦਿੱਤੀਆਂ ਹਨ। ਅਮਿਤ ਸ਼ਾਹ ਨੇ ਕਿਹਾ, "ਮੈਂ ਪੰਜਾਬ ਦੀਆਂ ਮਾਵਾਂ ਨੂੰ ਪ੍ਰਣਾਮ ਕਰਨਾ ਚਾਹੁੰਦਾ ਹਾਂ। ਅੱਜ ਇੱਥੇ ਬਹੁਤ ਸਾਰੇ ਮੁੱਦੇ ਹਨ। ਨਸ਼ਿਆਂ ਦਾ ਮੁੱਦਾ ਹੈ। ਔਰਤਾਂ ਦੀ ਸੁਰੱਖਿਆ ਦਾ ਮੁੱਦਾ ਹੈ। ਸੁਰੱਖਿਆ ਦਾ ਮੁੱਦਾ ਹੈ। ਕਾਨੂੰਨ ਵਿਵਸਥਾ ਦਾ ਮੁੱਦਾ ਹੈ। ਭਾਰਤੀ ਜਨਤਾ ਪਾਰਟੀ ਆਉਣ ਵਾਲੀਆਂ ਚੋਣਾਂ ਨਸ਼ਾ ਮੁਕਤ ਪੰਜਾਬ ਦੇ ਮੁੱਦੇ 'ਤੇ ਲੜੇਗੀ।

ਇਸ ਤੋਂ ਪਹਿਲਾਂ ਸੁਰੱਖਿਆ ਦੇ ਸਖ਼ਤ ਪ੍ਰਬੰਧਾਂ ਵਿਚਕਾਰ ਸ਼ਾਹ ਸ੍ਰੀ ਦੇਵੀ ਤਲਾਬ ਮੰਦਰ ਪਹੁੰਚੇ, ਜਿੱਥੇ ਮੰਦਰ ਕਮੇਟੀ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਸ਼ਾਹ ਨੇ ਮੰਦਰ 'ਚ ਨਤਮਸਤਕ ਹੋ ਕੇ ਮੱਥਾ ਟੇਕਿਆ ਤੇ ਇਸ ਤੋਂ ਬਾਅਦ ਪਰਾਗਪੁਰ ਸਥਿਤ ਰੈਲੀ ਵਾਲੀ ਥਾਂ ਲਈ ਰਵਾਨਾ ਹੋ ਗਏ।

ਸ਼ਾਹ ਨੇ ਕਿਹਾ ਕਿ ਪੰਜਾਬ ਵਿੱਚ ਕਣਕ-ਚੌਲ ਉੱਗਦੇ ਹਨ, ਪਰ ਪਿਛਲੀਆਂ ਸਰਕਾਰਾਂ ਨੇ ਪੰਜਾਬ ਵਿੱਚ ਚਿੱਟਾ ਬੋ ਦਿੱਤਾ। ਮੈਂ ਹੁਣੇ ਉਨ੍ਹਾਂ ਪਰਿਵਾਰਾਂ ਨੂੰ ਮਿਲ ਕੇ ਆਇਆ ਹਾਂ ਜਿਨ੍ਹਾਂ ਨੇ ਨਸ਼ੇ ਕਰਕੇ ਆਪਣੇ ਬੱਚੇ ਗੁਆ ਦਿੱਤੇ ਹਨ। ਆਪਣੇ ਦੋ ਬੱਚਿਆਂ ਦੀ ਫੋਟੋ ਆਪਣੀ ਗੋਦ ਵਿੱਚ ਲੈ ਕੇ ਇੱਕ ਮਾਂ ਨੇ ਮੈਨੂੰ ਕਿਹਾ ਕਿ ਪੰਜਾਬ ਨੂੰ ਚਿੱਟਾ ਤੋਂ ਬਚਾਓ। ਸਿਰਫ਼ ਭਾਰਤੀ ਜਨਤਾ ਪਾਰਟੀ ਹੀ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰ ਸਕਦੀ ਹੈ। ਭਾਜਪਾ ਨੇ ਦੇਸ਼ ਭਰ ਵਿੱਚ ਆਪਣੀ ਮਿਹਨਤ ਦਾ ਪ੍ਰਦਰਸ਼ਨ ਕੀਤਾ ਹੈ।

ਅਮਿਤ ਸ਼ਾਹ ਦੇ ਮੰਦਰ ਦੌਰੇ ਦੌਰਾਨ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੀ ਉਨ੍ਹਾਂ ਦੇ ਨਾਲ ਰਹੇ। ਮੰਦਰ ਕੰਪਲੈਕਸ ਦੇ ਨੇੜੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ ਤੇ ਪੁਲਿਸ ਤੇ ਸੁਰੱਖਿਆ ਟੀਮਾਂ ਵੱਲੋਂ ਪਹਿਲਾਂ ਹੀ ਜਾਂਚ ਕੀਤੀ ਗਈ ਸੀ। ਅਮਿਤ ਸ਼ਾਹ ਪਰਾਗਪੁਰ ਨੇੜੇ ਹੋਣ ਵਾਲੀ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਦੀ ਸਮਾਪਤੀ ਰੈਲੀ ਨੂੰ ਸੰਬੋਧਨ ਕੀਤਾ। ਭਾਜਪਾ ਦੀਆਂ ਚਾਰ ਯਾਤਰਾਵਾਂ ਨੇ 18 ਸਤੰਬਰ ਤੋਂ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚੋਂ ਲੰਘਦਿਆਂ ਕਰੀਬ 4,000 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਹੈ। ਇਨ੍ਹਾਂ ਯਾਤਰਾਵਾਂ ਦਾ ਅੱਜ ਜਲੰਧਰ 'ਚ ਸਮਾਪਨ ਹੋ ਗਿਆ ਹੈ। ਉੱਥੇ ਹੀ ਅਮਿਤ ਸ਼ਾਹ ਦੇ ਜਲੰਧਰ ਦੌਰੇ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਵੀ ਸਵਾਲ ਉਠਾਏ ਗਏ। ਸ਼ਹਿਰ ਦੇ ਕੁਝ ਰਸਤਿਆਂ 'ਤੇ ਅਜਿਹੇ ਬੋਰਡ ਲਗਾਏ ਗਏ ਹਨ, ਜਿਨ੍ਹਾਂ ਰਾਹੀਂ ਕੇਂਦਰ ਸਰਕਾਰ ਤੇ ਪੰਜਾਬ ਨਾਲ ਜੁੜੇ ਮੁੱਦਿਆਂ 'ਤੇ ਸਵਾਲ ਪੁੱਛੇ ਗਏ। ਇਸ ਤੋਂ ਪਹਿਲਾਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਤੇ ਵਿਧਾਇਕ ਪਰਗਟ ਸਿੰਘ ਨੇ ਵੀ ਭਾਜਪਾ ਦੀ ਨਸ਼ਾ ਮੁਕਤ ਯਾਤਰਾ ਨੂੰ ਲੈ ਕੇ ਸਵਾਲ ਚੁੱਕੇ ਸਨ।

## ਅਮਿਤ ਸ਼ਾਹ ਨਸ਼ਾ ਮੁਕਤ ਯਾਤਰਾ ਪੰਜਾਬ ਦੀ ਬਜਾਏ ਗੁਜਰਾਤ ਤੋਂ ਸ਼ੁਰੂ ਕਰਨ : 'ਆਪ'

**ਚੰਡੀਗੜ੍ਹ** : ਆਮ ਆਦਮੀ ਪਾਰਟੀ ('ਆਪ') ਨੇ ਬੁੱਧਵਾਰ ਨੂੰ ਜਲੰਧਰ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਰੈਲੀ ਤੋਂ ਬਾਅਦ ਉਨ੍ਹਾਂ 'ਤੇ ਪਲਟਵਾਰ ਕੀਤਾ। ਪਾਰਟੀ ਨੇ ਸ਼ਾਹ ਨੂੰ ਪੰਜਾਬ ਨੂੰ 'ਰਾਜਨੀਤਿਕ ਨਿਸ਼ਾਨਾ' ਬਣਾਉਣਾ ਬੰਦ ਕਰਨ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਡਰੱਗ ਨੈਟਵਰਕ ਤੇ ਜਾਂਚ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ। ਇੱਕ ਬਿਆਨ ਵਿੱਚ 'ਆਪ' ਨੇ ਕਿਹਾ, 'ਭਾਜਪਾ ਨੂੰ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਨੂੰ ਬਦਨਾਮ ਕਰਨਾ ਬੰਦ ਕਰਨਾ ਚਾਹੀਦਾ ਹੈ ਅਤੇ ਦੇਸ਼ ਭਰ ਦੇ ਭਾਜਪਾ ਸ਼ਾਸਤ ਸੂਬਿਆਂ ਤੋਂ ਆ ਰਹੇ ਨਸ਼ਿਆਂ ਖ਼ਿਲਾਫ਼ ਕਾਰਵਾਈ ਕਰਨੀ ਸ਼ੁਰੂ ਕਰਨੀ ਚਾਹੀਦੀ ਹੈ।' ਜਿਸ ਦਿਨ ਅਮਿਤ ਸ਼ਾਹ ਪੰਜਾਬ ਵਿੱਚ ਨਸ਼ਾ ਵਿਰੋਧੀ ਮੁਹਿੰਮ 'ਤੇ ਰੈਲੀ ਨੂੰ ਸੰਬੋਧਿਤ ਰਹੇ ਸਨ, ਉਸੇ ਦਿਨ ਗੁਜਰਾਤ ਏ ਟੀ ਐੱਸ ਅਤੇ ਭਾਰਤੀ ਕੋਸਟ ਗਾਰਡ ਵੱਲੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਫੜੇ ਜਾਣ ਵੱਲ ਇਸ਼ਾਰਾ ਕਰਦਿਆਂ 'ਆਪ' ਨੇ ਕਿਹਾ ਕਿ ਇਸ ਬਰਾਮਦਗੀ ਨੇ ਇੱਕ ਵਾਰ ਫਿਰ ਤੱਟਵਰਤੀ ਸੂਬੇ ਰਾਹੀਂ ਚੱਲ ਰਹੇ ਨਸ਼ਾ ਤਸਕਰੀ ਦੇ ਰੂਟਾਂ ਵੱਲ ਧਿਆਨ ਖਿੱਚਿਆ ਹੈ। 'ਆਪ' ਦੇ ਬਿਆਨ ਵਿੱਚ ਕਿਹਾ ਗਿਆ, 'ਅਮਿਤ ਸ਼ਾਹ ਅੱਜ ਪੰਜਾਬ ਵਿੱਚ ਨਸ਼ਿਆਂ 'ਤੇ ਭਾਸ਼ਣ ਦੇਣ ਆਏ ਸਨ। ਉਸੇ ਸਮੇਂ, ਇੱਕ ਆਪਰੇਸ਼ਨ ਵਿੱਚ 3,000 ਕਰੋੜ ਰੁਪਏ ਤੋਂ ਵੱਧ ਕੀਮਤ ਦੀ 526 ਕਿਲੋਗ੍ਰਾਮ ਮੈਥਾਮਫੇਟਾਮਾਈਨ ਅਤੇ ਹੈਰੋਇਨ ਜ਼ਬਤ ਕੀਤੀ ਗਈ ਹੈ, ਜਿਸਦੀ ਖੁਫੀਆ ਜਾਣਕਾਰੀ ਗੁਜਰਾਤ ਏ ਟੀ ਐੱਸ ਨੇ ਦਿੱਤੀ ਸੀ। ਅਸੀਂ ਲਗਾਤਾਰ ਕਹਿ ਰਹੇ ਹਾਂ ਕਿ ਗੁਜਰਾਤ ਦੇਸ਼ ਵਿੱਚ ਨਸ਼ਿਆਂ ਦੇ ਮੁੱਖ ਲਾਂਘੇ ਵਜੋਂ ਉੱਭਰਿਆ ਹੈ। ਇਹ ਬਰਾਮਦਗੀ ਇੱਕ ਵਾਰ ਫਿਰ ਸਮੱਸਿਆ ਦੇ ਵੱਡੇ ਪੱਧਰ ਨੂੰ ਦਰਸਾਉਂਦੀ ਹੈ। ਜੇਕਰ ਅਮਿਤ ਸ਼ਾਹ 'ਨਸ਼ਾ ਮੁਕਤ ਭਾਰਤ' ਨੂੰ ਲੈ ਕੇ ਗੰਭੀਰ ਹਨ, ਤਾਂ ਉਨ੍ਹਾਂ ਨੂੰ ਆਪਣੀ 'ਨਸ਼ਾ ਮੁਕਤ ਯਾਤਰਾ' ਪੰਜਾਬ ਤੋਂ ਨਹੀਂ, ਸਗੋਂ ਗੁਜਰਾਤ ਤੋਂ ਸ਼ੁਰੂ ਕਰਨੀ ਚਾਹੀਦੀ ਹੈ।'

## ਜਲੰਧਰ: ਭਾਜਪਾ ਦੀ 'ਨਸ਼ਾ ਮੁਕਤ ਰੈਲੀ' ਦੌਰਾਨ ਭਾਜਪਾ ਆਗੂ ਰਜਨੀਸ਼ ਸਹਿਗਲ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

**ਜਲੰਧਰ** : ਜਲੰਧਰ ਦੇ ਪਰਾਗਪੁਰ ਵਿੱਚ ਬੁੱਧਵਾਰ ਨੂੰ ਆਯੋਜਿਤ ਭਾਜਪਾ ਦੀ ਨਸ਼ਾ ਮੁਕਤ ਰੈਲੀ ਦੌਰਾਨ ਇੱਕ ਭਾਜਪਾ ਕਰਮਚਾਰੀ ਦੀ ਹਾਰਟ ਅਟੈਕ (ਦਿਲ ਦਾ ਦੌਰਾ ਪੈਣ) ਨਾਲ ਮੌਤ ਹੋ ਗਈ। ਰੈਲੀ ਦੇ ਮੰਚ ਤੋਂ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਰਮਚਾਰੀ ਦੀ ਮੌਤ ਦੀ ਜਾਣਕਾਰੀ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਭਾਜਪਾ ਨੇਤਾ ਰਜਨੀਸ਼



ਸਹਿਗਲ ਬੁੱਧਵਾਰ ਦੁਪਹਿਰ ਲਗਭਗ 1 ਵਜੇ ਕੇ 23 ਮਿੰਟ 'ਤੇ ਰੈਲੀ ਵਾਲੀ ਥਾਂ 'ਤੇ ਪਹੁੰਚੇ ਸਨ। ਦੱਸਿਆ ਜਾ ਰਹਾ ਹੈ ਕਿ ਪੰਡਾਲ ਵਿੱਚ ਦਾਖਲ ਹੋਣ ਲਈ ਪੁਲਿਸ ਵੱਲੋਂ ਗੇਟ 'ਤੇ ਚੈਕਿੰਗ ਕੀਤੀ ਜਾ ਰਹੀ ਸੀ। ਇਸੇ ਦੌਰਾਨ ਰਜਨੀਸ਼ ਸਹਿਗਲ ਅਚਾਨਕ ਡਿੱਗ ਪਏ ਅਤੇ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਸੁਰੱਖਿਆ ਵਿੱਚ ਤਾਇਨਾਤ ਕਰਮਚਾਰੀਆਂ ਨੇ ਤੁਰੰਤ ਉਨ੍ਹਾਂ ਨੂੰ ਐਂਬੂਲੈਂਸ ਰਾਹੀਂ ਨਿੱਜੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ।

## ਸੁਖਜਿੰਦਰ ਰੰਧਾਵਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਘੇਰਿਆ

# ਇੱਕ ਹੋਰ ਵਾਅਦਾ, ਇੱਕ ਹੋਰ ਡੈੱਡਲਾਈਨ ਦੇਣ ਤੋਂ ਪਹਿਲਾਂ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਨਸ਼ਿਆਂ ਦੀ ਤਸਕਰੀ ਦਾ ਹਿਸਾਬ ਦੇਵੇ ਕੇਂਦਰ : ਰੰਧਾਵਾ

**ਚੰਡੀਗੜ੍ਹ, 30 ਸਤੰਬਰ (ਪੈ.ਗਾਮ-ਏ-ਜਗਤ)**

ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਜਲੰਧਰ ਦੌਰੇ 'ਤੇ ਸਵਾਲਾਂ ਦੀ ਬੌਛਾਰ ਕਰਦਿਆਂ ਕਿਹਾ ਕਿ ਦਿੱਲੀ ਵਿੱਚ ਬੈਠ ਕੇ ਪੰਜਾਬ ਦੇ ਗੰਭੀਰ ਮੁੱਦਿਆਂ ਸਬੰਧੀ ਉਨ੍ਹਾਂ ਵੱਲੋਂ ਲਿਖੀਆਂ ਗਈਆਂ ਚਿੱਠੀਆਂ ਦਾ ਜਵਾਬ ਨਹੀਂ ਦਿੱਤਾ ਗਿਆ, ਪਰ ਅੱਜ ਅਮਿਤ ਸ਼ਾਹ ਖੁਦ ਪੰਜਾਬ ਆਏ ਹਨ। ਅਜਿਹੇ ਵਿੱਚ ਉਨ੍ਹਾਂ ਨੂੰ ਸਿਆਸੀ ਭਾਸ਼ਣ ਦੇਣ ਤੋਂ ਪਹਿਲਾਂ ਪੰਜਾਬ ਦੀ ਜਨਤਾ ਦੇ ਉਨ੍ਹਾਂ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ, ਜੋ ਲੰਮੇ ਸਮੇਂ ਤੋਂ ਅਣਸੁਲਝੇ ਹਨ। ਪੰਜਾਬ ਨੂੰ 31 ਦਸੰਬਰ 2029 ਤੱਕ ਨਸ਼ਾ ਮੁਕਤ ਕਰਨ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਤੀ ਗਈ ਡੈੱਡਲਾਈਨ 'ਤੇ ਰੰਧਾਵਾ ਨੇ ਕਿਹਾ ਕਿ ਪੰਜਾਬ ਨੂੰ ਇੱਕ ਹੋਰ ਵਾਅਦੇ



ਜਾਂ ਡੈੱਡਲਾਈਨ ਦੀ ਲੋੜ ਨਹੀਂ ਹੈ। ਨਵੀਂ ਡੈੱਡਲਾਈਨ ਦੇਣ ਤੋਂ ਪਹਿਲਾਂ ਕੇਂਦਰ ਨੂੰ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਨਸ਼ਿਆਂ ਦੀ ਤਸਕਰੀ ਅਤੇ ਬਰਾਮਦਗੀ ਬਾਰੇ ਵੀ ਦੇਸ਼ ਨੂੰ ਜਵਾਬ ਦੇਣਾ ਚਾਹੀਦਾ ਹੈ। ਸਰਕਾਰੀ ਰਿਕਾਰਡ ਮੁਤਾਬਕ, ਗੁਜਰਾਤ ਦੇ ਮੁੰਦਰਾ ਪੋਰਟ 'ਤੇ 2021 ਵਿੱਚ 2,988 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਦੀ ਬਰਾਮਦਗੀ ਹੋਈ ਸੀ।

# ਸੁਪਰੀਮ ਕੋਰਟ ਵੱਲੋਂ ਪਟਾਕਿਆਂ 'ਤੇ ਪੂਰਨ ਪਾਬੰਦੀ ਲਗਾਉਣ ਤੋਂ ਇਨਕਾਰ

**ਨਵੀਂ ਦਿੱਲੀ, 30 ਸਤੰਬਰ (ਪੈ.ਗਾਮ-ਏ-ਜਗਤ)**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਪਟਾਕਿਆਂ 'ਤੇ ਮੁਕੰਮਲ ਪਾਬੰਦੀ ਲਗਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਕੋਰਟ ਨੇ ਦੀਵਾਲੀ ਦੌਰਾਨ ਨਿਰਧਾਰਤ ਸਮੇਂ ਦੇ ਅੰਦਰ ਇਜਾਜ਼ਤ ਪ੍ਰਾਪਤ ਕਿਸਮਾਂ ਦੇ ਪਟਾਕੇ ਚਲਾਉਣ ਦੀ ਇਜਾਜ਼ਤ ਦੇ ਕੇ ਇੱਕ ਸੰਤੁਲਿਤ ਪਹੁੰਚ ਅਪਣਾਉਣ ਦੀ ਹਮਾਇਤ ਕੀਤੀ ਹੈ।

ਜਸਟਿਸ ਐੱਮ.ਐੱਮ. ਸੁੰਦਰੇਸ਼ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ, "ਅਸੀਂ ਇਸਨੂੰ ਬਿਲਕੁਲ ਸਾਫ਼ ਕਰ ਦਿੰਦੇ ਹਾਂ। ਨਾ ਤਾਂ ਅਸੀਂ ਪੂਰੀ ਪਾਬੰਦੀ ਲਈ ਤੁਹਾਡੀ ਗੱਲ ਨਾਲ ਸਹਿਮਤ ਹੋਣ ਜਾ ਰਹੇ ਹਾਂ, ਅਤੇ ਨਾ ਹੀ ਅਸੀਂ ਉਨ੍ਹਾਂ ਨੂੰ 24 ਘੰਟੇ ਪਟਾਕੇ ਚਲਾਉਣ ਦੀ ਇਜਾਜ਼ਤ ਦੇਣ ਜਾ ਰਹੇ ਹਾਂ। ਦੋ ਕਾਰਨਾਂ ਕਰਕੇ, ਇੱਕ ਤਾਂ ਪੂਰੀ ਪਾਬੰਦੀ

**ਸਾਰਾ ਦਿਨ ਪਟਾਕੇ ਚਲਾਉਣ ਨਾਲ ਹਰ ਜੀਵ 'ਤੇ ਪਵੇਗਾ ਬੁਰਾ ਪ੍ਰਭਾਵ, ਕੋਰਟ ਨੇ ਤੈਅ ਸਮੇਂ ਅਤੇ ਨਿਰਧਾਰਤ ਪਟਾਕਿਆਂ ਦੀ ਵਰਤੋਂ 'ਤੇ ਦਿੱਤਾ ਜ਼ੋਰ**



ਨਾਲ ਕੁਝ ਭਾਵਨਾਤਮਕ ਪ੍ਰਭਾਵ ਪਵੇਗਾ... ਨੰਬਰ ਇੱਕ। ਨੰਬਰ ਦੋ, ਉਨ੍ਹਾਂ ਨੂੰ ਸਾਰਾ ਦਿਨ ਇਜਾਜ਼ਤ ਦੇਣ ਨਾਲ ਬਜ਼ੁਰਗਾਂ, ਬਿਮਾਰ ਲੋਕਾਂ ਅਤੇ ਬੱਚਿਆਂ ਸਮੇਤ ਹਰ ਦੂਜੇ ਜੀਵ 'ਤੇ ਬਹੁਤ ਵੱਡਾ ਪ੍ਰਭਾਵ ਪਵੇਗਾ। ਸਾਨੂੰ ਇੱਕ ਅਜਿਹਾ ਹੱਲ ਲੱਭਣ ਦੀ ਲੋੜ ਹੈ ਜਿਸ ਰਾਹੀਂ ਅਸੀਂ ਨਿਰਧਾਰਤ ਸਮਾਂ ਦੇ ਸਕੀਏ ਅਤੇ ਇਹ ਨਿਰਧਾਰਤ ਕਰ ਸਕੀਏ ਕਿ ਕਿਹੜੇ ਪਟਾਕੇ ਵਰਤੇ ਜਾਣੇ ਚਾਹੀਦੇ ਹਨ। ਇਹ ਬੈਂਚ 2015 ਦੀ ਇੱਕ ਕਾਰਵਾਈ ਤੋਂ ਪੈਦਾ ਹੋਏ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ ਜਿਸ ਵਿੱਚ ਚੋਟੀ ਦੀ ਅਦਾਲਤ ਅਕਤੂਬਰ ਅਤੇ ਜਨਵਰੀ ਦੇ ਵਿਚਕਾਰ ਦਿੱਲੀ ਅਤੇ ਹੋਰ ਹਵਾ ਪ੍ਰਦੂਸ਼ਣ ਪ੍ਰਭਾਵਿਤ ਰਾਜਾਂ ਵਿੱਚ ਪਟਾਕਿਆਂ ਦੀ ਵਰਤੋਂ ਨੂੰ ਸੀਮਤ ਕਰਨ ਦੇ ਨਿਰਦੇਸ਼ ਦੇ ਰਹੀ ਹੈ। ਹਾਲਾਂਕਿ ਅਕਤੂਬਰ 2025 ਵਿੱਚ, ਚੋਟੀ ਦੀ ਅਦਾਲਤ ਨੇ ਦੀਵਾਲੀ ਲਈ ਦਿੱਲੀ-ਐੱਨ.ਸੀ.ਆਰ. ਖੇਤਰ ਵਿੱਚ ਪਾਬੰਦੀ ਵਿੱਚ ਢਿੱਲ ਦਿੱਤੀ ਸੀ ਅਤੇ ਤਿਉਹਾਰ ਦੇ ਦਿਨ ਹਰੇ ਪਟਾਕਿਆਂ (ਗ੍ਰੀਨ ਕ੍ਰੈਕਰਜ਼) ਦੀ ਵਰਤੋਂ ਦੀ ਇਜਾਜ਼ਤ ਦਿੱਤੀ ਸੀ।

## ਤੇਲੰਗਾਨਾ ਦੇ ਨਿਜ਼ਾਮਾਬਾਦ ਅਤੇ ਕਾਮਾਰੇਡੀ ਦੇ 4 ਨੌਜਵਾਨ ਰੂਸ 'ਚ ਫਸੇ

**ਹੈਦਰਾਬਾਦ:** ਰੋਜ਼ਗਾਰ ਲਈ ਰੂਸ ਗਏ ਨਿਜ਼ਾਮਾਬਾਦ ਅਤੇ ਕਾਮਾਰੇਡੀ ਜ਼ਿਲ੍ਹਿਆਂ ਦੇ ਨੌਜਵਾਨ ਕਥਿਤ ਤੌਰ 'ਤੇ ਰੂਸੀ ਫੌਜ ਦੇ ਕੈਂਪ ਵਿੱਚ ਫਸ ਗਏ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਮਿਲਟਰੀ ਟਰੇਨਿੰਗ ਦੇ ਕੇ ਯੂਕ੍ਰੇਨ ਬਾਰਡਰ 'ਤੇ ਭੇਜਿਆ ਜਾ ਸਕਦਾ ਹੈ। ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਨੇ ਕੇਂਦਰ ਸਰਕਾਰ ਅਤੇ ਤੇਲੰਗਾਨਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਨੌਜਵਾਨਾਂ ਦੀ ਭਾਰਤ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣ। ਜਾਣਕਾਰੀ ਮੁਤਾਬਕ ਲਗਭਗ 6 ਮਹੀਨੇ ਪਹਿਲਾਂ ਨਿਜ਼ਾਮਾਬਾਦ ਜ਼ਿਲ੍ਹੇ ਦੇ ਭੁਕਿਆ ਰਵਿੰਦਰ, ਅਸ਼ੋਕ ਅਤੇ ਮੇਗਾਵਤ ਪ੍ਰਕਾਸ਼ ਅਤੇ ਕਾਮਾਰੇਡੀ ਜ਼ਿਲ੍ਹੇ ਦੇ ਮੁਹੰਮਦ ਅਫਜ਼ਲ ਖਾਨ ਹੈਲਪਰ ਦੀ ਨੌਕਰੀ ਲਈ ਇੱਕ ਏਜੰਟ ਨੂੰ ਪ੍ਰਤੀ ਵਿਅਕਤੀ 3 ਲੱਖ ਰੁਪਏ ਦੇ ਕੇ ਰੂਸ ਦੇ ਮਾਸਕੋ ਗਏ ਸਨ।

# ਕੇਂਦਰ ਸਰਕਾਰ ਨੇ ਕਣਕ ਸਮੇਤ ਹਾੜ੍ਹੀ ਫਸਲਾਂ ਦੇ ਐਮਐਸਪੀ 'ਚ ਕੀਤਾ ਵਾਧਾ

**ਨਵੀਂ ਦਿੱਲੀ, 30 ਸਤੰਬਰ (ਪੈ.ਗਾਮ-ਏ-ਜਗਤ)**

ਦੇਸ਼ ਦੇ ਕਰੋੜਾਂ ਕਿਸਾਨਾਂ ਲਈ ਕੇਂਦਰ ਸਰਕਾਰ ਵੱਲੋਂ ਇੱਕ ਵੱਡੀ ਖ਼ੁਸ਼ਖ਼ਬਰੀ ਸਾਹਮਣੇ ਆਈ ਹੈ। ਕੇਂਦਰ ਸਰਕਾਰ ਨੇ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 25 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਬਾਅਦ 2027-28 ਦੇ ਹਾੜ੍ਹੀ ਸੀਜ਼ਨ ਲਈ ਕਣਕ ਦਾ ਐਮਐਸਪੀ ਵੱਧ ਕੇ 2,610 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਇਸ ਤੋਂ ਪਹਿਲਾਂ 2026-27 ਵਿੱਚ ਕਣਕ ਦਾ ਐਮਐਸਪੀ 2,585 ਰੁਪਏ ਪ੍ਰਤੀ ਕੁਇੰਟਲ ਸੀ। ਸਰਕਾਰ ਮੁਤਾਬਕ, ਇਸ ਫੈਸਲੇ ਦਾ ਉਦੇਸ਼ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਬਿਹਤਰ ਮੁੱਲ ਦੇਣਾ ਅਤੇ ਉਤਪਾਦਨ ਲਾਗਤ 'ਤੇ ਉਚਿਤ ਮਾਰਜਿਨ ਯਕੀਨੀ ਬਣਾਉਣਾ ਹੈ।

ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਦੱਸਿਆ ਕਿ ਕਣਕ ਦੀ ਉਤਪਾਦਨ ਲਾਗਤ ਲਗਭਗ 1,264 ਰੁਪਏ ਪ੍ਰਤੀ ਕੁਇੰਟਲ ਹੈ। ਇਸ ਦੇ ਮੁਕਾਬਲੇ ਸਰਕਾਰ ਨੇ 2027-28 ਲਈ ਐਮਐਸਪੀ 2,610 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ। ਯਾਨੀ ਕਣਕ ਦਾ ਐਮਐਸਪੀ ਉਤਪਾਦਨ ਲਾਗਤ ਦੇ ਦੋਗੁਣੇ ਤੋਂ ਵੀ ਵੱਧ ਹੈ। ਕਣਕ ਦੇਸ਼ ਦੀ ਮੁੱਖ ਰਬੀ ਫਸਲ ਹੈ। ਇਸ ਦੀ ਬਿਜਾਈ ਆਮ ਤੌਰ 'ਤੇ ਅਕਤੂਬਰ ਤੋਂ ਸ਼ੁਰੂ ਹੁੰਦੀ ਹੈ, ਜਦੋਂ ਕਿ ਅਪ੍ਰੈਲ ਤੋਂ ਇਸ ਦੀ ਵਾਢੀ ਸ਼ੁਰੂ ਹੁੰਦੀ ਹੈ। ਅਜਿਹੇ ਵਿੱਚ ਨਵੇਂ ਐਮਐਸਪੀ ਦਾ ਐਲਾਨ ਕਿਸਾਨਾਂ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਸਰਕਾਰ ਨੇ



ਸਿਰਫ਼ ਕਣਕ ਹੀ ਨਹੀਂ, ਸਗੋਂ ਹੋਰ ਪੰਜ ਹਾੜ੍ਹੀ ਫਸਲਾਂ ਦੇ ਐਮਐਸਪੀ ਵਿੱਚ ਵੀ ਵਾਧਾ ਕੀਤਾ ਹੈ। ਜੌਂ ਦਾ ਐਮਐਸਪੀ 2,150 ਰੁਪਏ ਤੋਂ ਵਧਾ ਕੇ 2,286 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਦਾਲਾਂ ਵਿੱਚ ਛੋਲਿਆਂ ਦਾ ਐਮਐਸਪੀ 5,875 ਰੁਪਏ ਤੋਂ ਵਧ ਕੇ 5,958 ਰੁਪਏ ਅਤੇ ਮਸਰਾਂ ਦਾ ਐਮਐਸਪੀ 7,000 ਰੁਪਏ ਤੋਂ ਵਧ ਕੇ 7,390 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਉੱਥੇ ਹੀ ਤੇਲਬੀਜ ਫਸਲਾਂ ਵਿੱਚ ਸਰ੍ਹੋਂ ਦਾ ਐਮਐਸਪੀ 6,200 ਰੁਪਏ ਤੋਂ ਵਧਾ ਕੇ 6,613 ਰੁਪਏ ਅਤੇ ਕੁਸੁੰਭ ਦਾ ਐਮਐਸਪੀ 6,540 ਰੁਪਏ ਤੋਂ ਵਧਾ ਕੇ 7,215 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਸਰਕਾਰ ਦੇ ਅਨੁਮਾਨ ਮੁਤਾਬਕ, 2027-28 ਦੇ ਮਾਰਕੀਟਿੰਗ ਸੀਜ਼ਨ ਵਿੱਚ ਲਗਭਗ 324 ਲੱਖ ਟਨ ਹਾੜ੍ਹੀ ਦੀਆਂ ਫਸਲਾਂ ਦੀ ਖਰੀਦ ਲਈ ਕਿਸਾਨਾਂ ਨੂੰ ਕੁੱਲ 90,962 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾਵੇਗਾ। ਐਮਐਸਪੀ ਤੈਅ ਕਰਨ ਵਿੱਚ ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਆਧਾਰ ਬਣਾਇਆ ਗਿਆ ਹੈ।

## ਅੰਮ੍ਰਿਤਸਰ ਵਿੱਚ ਨਸ਼ੀਲੇ ਪਦਾਰਥ ਅਤੇ ਹਥਿਆਰ ਤਸਕਰੀ ਕਰਨ ਵਾਲੇ ਨੈੱਟਵਰਕਾਂ ਨਾਲ ਜੁੜੇ

# ਪੰਜ ਵਿਅਕਤੀ 13 ਪਿਸਤੌਲਾਂ ਅਤੇ 3.2 ਕਿਲੋ ਹੈਰੋਇਨ ਸਮੇਤ ਕਾਬੂ






**ਚੰਡੀਗੜ੍ਹ/ਅੰਮ੍ਰਿਤਸਰ 30 ਸਤੰਬਰ (ਪੈ.ਗਾਮ-ਏ-ਜਗਤ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਵਿਅਕਤੀਆਂ ਨੂੰ 13 ਪਿਸਤੌਲਾਂ ਅਤੇ 3.267 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਨਸ਼ਾ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰ ਸਪਲਾਈ ਕਰਨ ਵਾਲੇ ਤਿੰਨ ਨੈੱਟਵਰਕਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕ੍ਰਿਸ਼ ਗੋਲਡ (20) ਵਾਸੀ ਲੋਹਗੜ੍ਹ (ਅੰਮ੍ਰਿਤਸਰ); ਕੁਨਾਲ ਮਹਿਤਾ ਉਰਫ਼ ਕੰਨੂ (21) ਵਾਸੀ ਕਟੜਾ ਡੁੱਲੋ (ਅੰਮ੍ਰਿਤਸਰ); ਰੌਬਿਨ (21) ਵਾਸੀ ਹਿੰਦੁਸਤਾਨ ਬਸਤੀ, ਅੰਮ੍ਰਿਤਸਰ; ਜਸਕਰਨ ਸਿੰਘ ਉਰਫ਼ ਜੱਸ (36) ਵਾਸੀ ਭੂਟਾਨਪੁਰਾ (ਅੰਮ੍ਰਿਤਸਰ) ਅਤੇ ਜੋਬਨਪ੍ਰੀਤ ਸਿੰਘ ਉਰਫ਼ ਜੋਬਨ (22) ਵਾਸੀ ਪਿੰਡ ਨੌਸ਼ਹਿਰਾ ਢੱਲਾ (ਤਰਨ ਤਾਰਨ) ਵਜੋਂ ਹੋਈ ਹੈ। ਮੁਲਜ਼ਮ ਜਸਕਰਨ ਉਰਫ਼ ਜੱਸ ਇੱਕ ਆਦਤਨ ਅਪਰਾਧੀ ਹੈ ਅਤੇ ਉਸ ਵਿਰੁੱਧ ਪਹਿਲਾਂ ਹੀ ਐਨਡੀਪੀਐਸ ਐਕਟ, ਆਰਮਜ਼ ਐਕਟ ਤਹਿਤ ਪੰਜ ਅਪਰਾਧਿਕ ਮਾਮਲੇ ਦਰਜ ਹਨ।

ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਅੱਠ .30 ਬੋਰ ਪੀਐਕਸ-3, ਤਿੰਨ .30 ਬੋਰ, ਇੱਕ 9ਐਮਐਮ ਗਲਾਕ ਅਤੇ ਇੱਕ 9ਐਮਐਮ ਪਿਸਤੌਲ ਸਮੇਤ 22 ਜ਼ਿੰਦਾ ਕਾਰਤੂਸ ਸ਼ਾਮਲ ਹਨ। ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦੀ ਕਾਰ ਜਿਸ ਦੀ ਵਰਤੋਂ ਉਹ ਤਸਕਰੀ ਲਈ ਕਰ ਰਹੇ ਸਨ, ਵੀ ਜ਼ਬਤ ਕਰ ਲਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਇਸ ਖੇਤਰ ਵਿੱਚ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਵਿਦੇਸ਼ਾਂ ਵਿੱਚ ਬੈਠੇ ਹੈਂਡਲਰਾਂ ਸਮੇਤ ਇਸ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਲਈ ਅਗਲੇਰੀ ਜਾਂਚ ਜਾਰੀ ਹੈ। ਪਹਿਲੇ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਕਮਿਸ਼ਨਰ ਆਫ ਪੁਲਿਸ (ਸੀਪੀ) ਅੰਮ੍ਰਿਤਸਰ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਕ੍ਰਿਸ਼ ਗੋਲਡ ਅਤੇ ਕੁਨਾਲ ਮਹਿਤਾ ਉਰਫ਼ ਕੰਨੂ ਨੂੰ ਦੋ .30 ਬੋਰ ਦੇ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ, ਜਦਕਿ ਕੁਨਾਲ ਉਰਫ਼ ਕੰਨੂ ਵੱਲੋਂ ਪੁੱਛਗਿੱਛ ਦੌਰਾਨ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਤਿੰਨ ਹੋਰ ਪਿਸਤੌਲਾਂ ਸਮੇਤ 14 ਜ਼ਿੰਦਾ ਕਾਰਤੂਸ ਅਤੇ 1.227 ਕਿਲੋ ਹੈਰੋਇਨ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਉਪਰੰਤ ਪੁੱਛਗਿੱਛ ਦੌਰਾਨ ਸਿਵਲ ਲਾਈਨਜ਼ ਇਲਾਕੇ ਤੋਂ ਉਨ੍ਹਾਂ ਦੇ ਸਾਥੀ ਰੌਬਿਨ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਦੂਜੇ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸੀਪੀ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਇੱਕ ਕਾਰ ਨੂੰ ਰੋਕਿਆ ਅਤੇ 2.040 ਕਿਲੋ ਹੈਰੋਇਨ ਸਮੇਤ ਜਸਕਰਨ ਸਿੰਘ ਉਰਫ਼ ਜੱਸ ਨੂੰ ਕਾਬੂ ਕਰ ਲਿਆ।

ਤੀਜੇ ਆਪਰੇਸ਼ਨ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਭਰੋਸੇਯੋਗ ਸੂਚਨਾ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਜੋਬਨਪ੍ਰੀਤ ਸਿੰਘ ਉਰਫ਼ ਜੋਬਨ ਨੂੰ ਕਾਬੂ ਕੀਤਾ ਅਤੇ ਉਸ ਕੋਲੋਂ ਅੱਠ ਪੀਐਕਸ -3 ਪਿਸਤੌਲ ਅਤੇ ਅੱਠ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਇਸ ਸਬੰਧੀ, ਤਿੰਨ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

# ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ 'ਚ ਹੰਗਾਮਾ ਇੱਕ ਵੱਡੀ ਸਾਜ਼ਿਸ਼: ਅਸ਼ੋਕ ਮਿੱਤਲ

**ਜਲੰਧਰ, 30 ਸਤੰਬਰ (ਪੈ.ਗਾਮ-ਏ-ਜਗਤ)**

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਕੈਂਪਸ ਵਿੱਚ ਵਿਦਿਆਰਥੀਆਂ ਵੱਲੋਂ ਹੰਗਾਮਾ ਕਰਨ ਦੇ ਚਾਰ ਦਿਨ ਬਾਅਦ ਰਾਜ ਸਭਾ ਮੈਂਬਰ ਅਤੇ ਐੱਲ.ਪੀ.ਯੂ. ਦੇ ਚਾਂਸਲਰ ਅਸ਼ੋਕ ਮਿੱਤਲ ਨੇ ਪੂਰੇ ਮਾਮਲੇ 'ਤੇ ਪਹਿਲੀ ਵਾਰ ਬੋਲਦਿਆਂ, ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਇੱਥੇ ਹੋਈ ਰੈਲੀ ਦੌਰਾਨ ਐੱਲ.ਪੀ.ਯੂ. ਵਿੱਚ ਹੋਈਆਂ ਘਟਨਾਵਾਂ ਨੂੰ ਯੂਨੀਵਰਸਿਟੀ ਵਿਰੁੱਧ ਇੱਕ 'ਸਾਜ਼ਿਸ਼' ਕਰਾਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਯੂਨੀਵਰਸਿਟੀ ਦੀ ਇੱਕ ਮਹਿਲਾ ਵਿਦਿਆਰਥਣ ਬਾਰੇ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ '100 ਕਰੋੜ ਫੀਸਦੀ' ਝੂਠੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਦੇ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਐੱਲ.ਪੀ.ਯੂ. ਨੂੰ ਨਿਸ਼ਾਨਾ ਬਣਾਇਆ



ਗਿਆ ਸੀ, ਤਾਂ ਅਸ਼ੋਕ ਮਿੱਤਲ ਨੇ ਕਿਹਾ, 'ਸਿਰਫ਼ ਐੱਲ.ਪੀ.ਯੂ. ਅਤੇ ਚਿਤਕਾਰਾ ਵਿੱਚ ਹੀ ਅਜਿਹੀਆਂ ਘਟਨਾਵਾਂ ਕਿਉਂ ਵਾਪਰੀਆਂ। ਇਸ ਦੇ ਪਿੱਛੇ ਅਸਲ ਵਿੱਚ ਇੱਕ ਵੱਡੀ ਸਾਜ਼ਿਸ਼ ਹੈ। ਇਹ ਪੰਜਾਬ ਨੂੰ ਨੁਕਸਾਨ ਪਹੁੰਚਾਉਣ, ਹਿੰਦੂ-ਸਿੱਖ ਏਕਤਾ ਨੂੰ ਢਾਹ ਲਾਉਣ, ਯੂਨੀਵਰਸਿਟੀ ਨੂੰ ਅਸਥਿਰ ਕਰਨ, ਪੰਜਾਬ ਨੂੰ ਬਦਨਾਮ ਕਰਨ, ਪੰਜਾਬ ਦੀ ਆਰਥਿਕਤਾ ਨੂੰ ਸੱਟ ਮਾਰਨ, ਨੌਕਰੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਹੈ।






## ਸੰਪਾਦਕ ਦੀ ਕਲਮ ਤੋਂ

# ਮੀਂਹ ਦਾ ਮੌਸਮ ਮੁੱਕਿਆ, ਪਾਣੀ ਦੀ ਚਿੰਤਾ ਬਾਕੀ



ਮਾਨਸੂਨ ਦਾ ਮੌਸਮ ਹੁਣ ਆਪਣੇ ਅੰਤ ਵੱਲ ਹੈ, ਪਰ ਪਾਣੀ ਨਾਲ ਜੁੜੀਆਂ ਚਿੰਤਾਵਾਂ ਖ਼ਤਮ ਨਹੀਂ ਹੋਈਆਂ ਹਨ। ਆਮ ਤੌਰ 'ਤੇ ਮੀਂਹ ਦਾ ਮੌਸਮ ਪਾਣੀ ਦੇ ਭੰਡਾਰ ਭਰਨ, ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਅਤੇ ਆਉਣ ਵਾਲੇ ਸੁੱਕੇ ਮਹੀਨਿਆਂ ਲਈ ਕੁਦਰਤੀ ਤਿਆਰੀ ਦਾ ਸਮਾਂ ਮੰਨਿਆ ਜਾਂਦਾ ਹੈ। ਇਸ ਵਾਰ ਕਈ ਖੇਤਰਾਂ ਵਿੱਚ ਮੀਂਹ ਦੀ ਅਸਮਾਨ ਵੰਡ ਅਤੇ ਘਾਟ ਨੇ ਇਸ ਪੂਰੇ ਚੱਕਰ ਨੂੰ ਪ੍ਰਭਾਵਿਤ ਕੀਤਾ ਹੈ।



ਦਵਿੰਦਰ ਕੁਮਾਰ
ਸੰਪਾਦਕ, ਪੈ.ਗਾਮ-ਏ-ਜਗਤ

ਕੇਂਦਰੀ ਜਲ ਕਮਿਸ਼ਨ ਦੇ ਤਾਜ਼ਾ ਅੰਕੜਿਆਂ ਮੁਤਾਬਕ ਦੇਸ਼ ਦੇ 178 ਮਹੱਤਵਪੂਰਨ ਜਲ ਭੰਡਾਰਾਂ ਵਿੱਚ ਪਾਣੀ ਦੀ ਮਾਤਰਾ ਉਨ੍ਹਾਂ ਦੀ ਕੁੱਲ ਸਮਰੱਥਾ ਦੇ ਲਗਭਗ 70 ਫ਼ੀਸਦੀ ਤੱਕ ਰਹਿ ਗਈ ਹੈ, ਜੋ ਪਿਛਲੇ ਦਸ ਸਾਲਾਂ ਦੀ ਔਸਤ 76.62 ਫ਼ੀਸਦੀ ਤੋਂ ਘੱਟ ਹੈ। ਉੱਤਰੀ ਖੇਤਰ ਦੇ ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਰਾਜਸਥਾਨ ਨਾਲ ਸਬੰਧਤ 11 ਵੱਡੇ ਭੰਡਾਰਾਂ ਵਿੱਚ ਵੀ ਪਿਛਲੇ ਸਾਲ ਦੇ ਮੁਕਾਬਲੇ ਕਮੀ ਦਰਜ ਕੀਤੀ ਗਈ ਹੈ। ਇਹ ਅੰਕੜੇ ਸਿਰਫ਼ ਡੈਮਾਂ ਵਿੱਚ ਪਾਣੀ ਦੀ ਮਾਤਰਾ ਨਾਲ ਜੁੜੇ ਨਹੀਂ ਹਨ। ਇਨ੍ਹਾਂ ਦਾ ਸਿੱਧਾ ਸਬੰਧ ਪੀਣ ਵਾਲੇ ਪਾਣੀ, ਖੇਤੀਬਾੜੀ, ਉਦਯੋਗ, ਬਿਜਲੀ ਉਤਪਾਦਨ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਪਾਣੀ ਦੀ ਉਪਲਬਧਤਾ ਨਾਲ ਹੈ। ਜੇ ਮਾਨਸੂਨ ਦੇ ਅੰਤ ਵਿੱਚ ਹੀ ਭੰਡਾਰ ਆਮ ਪੱਧਰ ਤੋਂ ਹੇਠਾਂ ਹੋਣ ਤਾਂ ਸਰਦੀਆਂ ਅਤੇ ਅਗਲੀਆਂ ਗਰਮੀਆਂ ਵਿੱਚ ਪਾਣੀ ਦੀ ਮੰਗ ਨੂੰ ਪੂਰਾ ਕਰਨ ਲਈ ਸਾਵਧਾਨੀ ਦੀ ਲੋੜ ਹੋਵੇਗੀ।

ਪੰਜਾਬ ਦੀ ਸਥਿਤੀ ਇਸ ਪੱਖੋਂ ਹੋਰ ਵੀ ਮਹੱਤਵਪੂਰਨ ਹੈ। ਸੂਬੇ ਦੀ ਖੇਤੀਬਾੜੀ ਲੰਮੇ ਸਮੇਂ ਤੋਂ ਧਰਤੀ ਹੇਠਲੇ ਪਾਣੀ 'ਤੇ ਵੱਡੀ ਨਿਰਭਰਤਾ ਰੱਖਦੀ ਹੈ। ਇਸ ਸਾਲ ਮਾਨਸੂਨ ਦੀ ਘਾਟ ਕਾਰਨ ਕਈ ਖੇਤਰਾਂ ਵਿੱਚ ਫਸਲਾਂ ਦੀ ਸਿੰਚਾਈ ਲਈ ਟਿਊਬਵੈੱਲਾਂ 'ਤੇ ਨਿਰਭਰਤਾ ਵਧੀ, ਜਿਸ ਦਾ ਅਸਰ ਬਿਜਲੀ ਦੀ ਮੰਗ 'ਤੇ ਵੀ ਹੋਇਆ ਹੈ। ਇਸ ਨਾਲ ਇਹ ਗੱਲ ਹੋਰ ਸਪੱਸ਼ਟ ਹੁੰਦੀ ਹੈ ਕਿ ਪਾਣੀ ਅਤੇ ਬਿਜਲੀ ਨੂੰ ਵੱਖ-ਵੱਖ ਸਮੱਸਿਆਵਾਂ ਵਜੋਂ ਦੇਖਣਾ ਮੁਸ਼ਕਲ ਹੈ। ਜਦੋਂ ਮੀਂਹ ਘਟਦਾ ਹੈ ਤਾਂ ਸਿੰਚਾਈ ਲਈ ਬਿਜਲੀ ਦੀ ਲੋੜ ਵਧਦੀ ਹੈ ਅਤੇ ਧਰਤੀ ਹੇਠਲੇ ਪਾਣੀ 'ਤੇ ਦਬਾਅ ਵੀ ਵਧ ਸਕਦਾ ਹੈ। ਪੰਜਾਬ ਵਿੱਚ ਕੁਝ ਅੰਕੜਿਆਂ ਅਨੁਸਾਰ ਓਵਰ-ਐਕਸਪਲੋਇਟਿਡ ਬਲਾਕਾਂ ਦੀ ਗਿਣਤੀ ਵਿੱਚ ਹਲਕਾ ਸੁਧਾਰ ਦਰਜ ਹੋਇਆ ਹੈ, ਪਰ ਕੁਝ ਖੇਤਰਾਂ ਵਿੱਚ ਪਾਣੀ ਦਾ ਪੱਧਰ ਹੋਰ ਡੂੰਘਾ ਹੋਇਆ ਹੈ। 2025 ਦੀ ਪੋਸਟ-ਮਾਨਸੂਨ ਨਿਗਰਾਨੀ ਵਿੱਚ 40 ਮੀਟਰ ਤੋਂ ਵੱਧ ਡੂੰਘਾਈ 'ਤੇ ਪਾਣੀ ਵਾਲੇ ਖੂਹਾਂ ਦਾ ਹਿੱਸਾ ਵਧ ਕੇ 9 ਫ਼ੀਸਦੀ ਹੋ ਗਿਆ ਸੀ। ਪਰ ਸਥਾਨਕ ਪੱਧਰ 'ਤੇ ਪਾਣੀ ਕਿੰਨੀ ਡੂੰਘਾਈ 'ਤੇ ਹੈ ਅਤੇ ਕਿੰਨੀ ਤੇਜ਼ੀ ਨਾਲ ਬਦਲ ਰਿਹਾ ਹੈ, ਇਹ ਵੀ ਮਹੱਤਵਪੂਰਨ ਹੈ।

ਇਸ ਦੇ ਨਾਲ ਇੱਕ ਹੋਰ ਵਿਰੋਧਾਭਾਸ ਵੀ ਸਾਹਮਣੇ ਆ ਰਿਹਾ ਹੈ। ਕਈ ਸ਼ਹਿਰ ਮੀਂਹ ਦੌਰਾਨ ਪਾਣੀ ਨਾਲ ਭਰ ਜਾਂਦੇ ਹਨ, ਪਰ ਕੁਝ ਸਮੇਂ ਬਾਅਦ ਉਹੀ ਖੇਤਰ ਪਾਣੀ ਦੀ ਕਮੀ ਨਾਲ ਜੂਝਦੇ ਹਨ। ਗੁਰੂਗ੍ਰਾਮ ਵਿਚ ਮਾਨਸੂਨ ਦੌਰਾਨ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਦੇ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਗਿਰਾਵਟ ਵੀ ਦਰਜ ਕੀਤੀ ਗਈ ਹੈ। ਇਹ ਸਵਾਲ ਖੜ੍ਹਾ ਕਰਦਾ ਹੈ ਕਿ ਮੀਂਹ ਦੇ ਪਾਣੀ ਨੂੰ ਸਿਰਫ਼ ਨਿਕਾਸ ਦੀ ਸਮੱਸਿਆ ਵਜੋਂ ਦੇਖਣ ਦੀ ਬਜਾਏ ਉਸ ਨੂੰ ਸੰਭਾਲਣ ਅਤੇ ਧਰਤੀ ਵਿੱਚ ਵਾਪਸ ਪਹੁੰਚਾਉਣ ਦੇ ਮੌਕੇ ਵਜੋਂ ਕਿੰਨਾ ਵਰਤਿਆ ਜਾ ਰਿਹਾ ਹੈ। ਇੱਥੇ ਜਲ ਸੰਭਾਲ ਦੀ ਭੂਮਿਕਾ ਮਹੱਤਵਪੂਰਨ ਬਣ ਜਾਂਦੀ ਹੈ। ਘਰਾਂ, ਸਕੂਲਾਂ, ਸਰਕਾਰੀ ਇਮਾਰਤਾਂ, ਉਦਯੋਗਿਕ ਇਕਾਈਆਂ ਅਤੇ ਵੱਡੇ ਰਿਹਾਇਸ਼ੀ ਪ੍ਰਾਜੈਕਟਾਂ ਵਿੱਚ ਮੀਂਹ ਦੇ ਪਾਣੀ ਨੂੰ ਇਕੱਠਾ ਕਰਨ ਅਤੇ ਧਰਤੀ ਵਿੱਚ ਪਹੁੰਚਾਉਣ ਵਾਲੇ ਪ੍ਰਬੰਧ ਸਿਰਫ਼ ਕਾਗਜ਼ੀ ਨਿਯਮ ਨਾ ਬਣਨ, ਸਗੋਂ ਉਨ੍ਹਾਂ ਦੀ ਕਾਰਗੁਜ਼ਾਰੀ ਵੀ ਦੇਖੀ ਜਾਣੀ ਚਾਹੀਦੀ ਹੈ। ਜਿੱਥੇ ਮੀਂਹ ਦਾ ਪਾਣੀ ਤੇਜ਼ੀ ਨਾਲ ਨਾਲਿਆਂ ਵਿੱਚ ਚਲਾ ਜਾਂਦਾ ਹੈ, ਉੱਥੇ ਕੁਦਰਤੀ ਰੀਚਾਰਜ ਖੇਤਰਾਂ ਦੀ ਸੰਭਾਲ ਵੀ ਉਨੀ ਹੀ ਮਹੱਤਵਪੂਰਨ ਹੈ।

ਖੇਤੀਬਾੜੀ ਵਿੱਚ ਵੀ ਪਾਣੀ ਦੀ ਵਰਤੋਂ ਬਾਰੇ ਲੰਬੀ ਮਿਆਦ ਦੀ ਸੋਚ ਦੀ ਲੋੜ ਹੈ। ਫਸਲ ਦੀ ਚੋਣ, ਸਿੰਚਾਈ ਦੇ ਢੰਗ, ਮਿੱਟੀ ਵਿੱਚ ਨਮੀ ਕਾਇਮ ਰੱਖਣ ਦੀਆਂ ਤਕਨੀਕਾਂ ਅਤੇ ਘੱਟ ਪਾਣੀ ਵਾਲੀਆਂ ਫਸਲਾਂ ਵੱਲ ਰੁਝਾਨ ਇਸ ਚਰਚਾ ਦਾ ਹਿੱਸਾ ਹੋ ਸਕਦੇ ਹਨ। ਇਸ ਦੇ ਨਾਲ ਕਿਸਾਨਾਂ ਲਈ ਆਰਥਿਕ ਤੌਰ 'ਤੇ ਵਿਹਾਰਕ ਵਿਕਲਪ ਵੀ ਲੋੜੀਂਦੇ ਹਨ, ਕਿਉਂਕਿ ਪਾਣੀ ਬਚਾਉਣ ਦੀ ਜ਼ਿੰਮੇਵਾਰੀ ਸਿਰਫ਼ ਸਲਾਹਾਂ ਰਾਹੀਂ ਨਹੀਂ ਨਿਭਾਈ ਜਾ ਸਕਦੀ। ਪਾਣੀ ਦੀ ਸਮੱਸਿਆ ਦਾ ਇੱਕ ਹੋਰ ਪੱਖ ਇਸ ਦੀ ਬਰਬਾਦੀ ਹੈ। ਸ਼ਹਿਰੀ ਖੇਤਰਾਂ ਵਿੱਚ ਲੀਕੇਜ, ਬੇਲੋੜੀ ਵਰਤੋਂ ਅਤੇ ਪੀਣਯੋਗ ਪਾਣੀ ਦੀ ਗੈਰ-ਜ਼ਰੂਰੀ ਕੰਮਾਂ ਲਈ ਵਰਤੋਂ ਘਟਾਉਣੀ ਹੋਵੇਗੀ। ਉਦਯੋਗਾਂ ਅਤੇ ਵੱਡੀਆਂ ਸੰਸਥਾਵਾਂ ਵਿੱਚ ਪਾਣੀ ਦੀ ਮੁੜ ਵਰਤੋਂ ਵਧਾਉਣ ਨਾਲ ਵੀ ਤਾਜ਼ੇ ਪਾਣੀ 'ਤੇ ਦਬਾਅ ਘਟ ਸਕਦਾ ਹੈ। ਇਸ ਲਈ ਪਾਣੀ ਦੀ ਉਪਲਬਧਤਾ ਵਧਾਉਣ ਦੇ ਨਾਲ ਖਪਤ ਦੇ ਢੰਗ ਨੂੰ ਬਿਹਤਰ ਬਣਾਉਣਾ ਵੀ ਜ਼ਰੂਰੀ ਹੈ।

ਮੀਂਹ ਦਾ ਮੌਸਮ ਭਾਵੇਂ ਖ਼ਤਮ ਹੋ ਰਿਹਾ ਹੈ, ਪਰ ਪਾਣੀ ਦੀ ਯੋਜਨਾਬੰਦੀ ਦਾ ਕੰਮ ਇੱਥੋਂ ਸ਼ੁਰੂ ਹੋਣਾ ਜ਼ਰੂਰੀ ਹੈ। ਡੈਮਾਂ ਵਿੱਚ ਮੌਜੂਦਾ ਭੰਡਾਰ, ਧਰਤੀ ਹੇਠਲੇ ਪਾਣੀ ਦੀ ਸਥਿਤੀ, ਖੇਤੀਬਾੜੀ ਦੀ ਮੰਗ, ਸ਼ਹਿਰੀ ਖਪਤ ਅਤੇ ਆਉਣ ਵਾਲੇ ਮੌਸਮ ਦੀਆਂ ਸੰਭਾਵਨਾਵਾਂ ਨੂੰ ਇਕੱਠੇ ਦੇਖਣ ਦੀ ਲੋੜ ਹੈ। ਇਸ ਵਾਰ ਦੇ ਅੰਕੜੇ ਕਿਸੇ ਇੱਕ ਖੇਤਰ ਜਾਂ ਇੱਕ ਵਰਗ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਬਜਾਏ ਭਵਿੱਖ ਲਈ ਤਿਆਰੀ ਬਾਰੇ ਸੋਚਣ ਦਾ ਮੌਕਾ ਦਿੰਦੇ ਹਨ। ਪਾਣੀ ਜਦੋਂ ਮੌਜੂਦ ਹੋਵੇ ਤਾਂ ਉਸ ਦੀ ਕਦਰ ਕਰਨਾ ਆਸਾਨ ਹੁੰਦਾ ਹੈ, ਪਰ ਉਸ ਦੀ ਕਮੀ ਦਾ ਅਸਰ ਸਾਹਮਣੇ ਆਉਣ ਤੋਂ ਪਹਿਲਾਂ ਯੋਜਨਾ ਬਣਾਉਣਾ ਹੀ ਅਸਲ ਜਲ ਸੁਰੱਖਿਆ ਹੈ।

## ਕੇਂਦਰ ਸਰਕਾਰ ਦੀ ਨਵੀਂ ਝੋਨਾ ਪੜਤਾਲ ਨੀਤੀ

# ਪੰਜਾਬ ਦੇ ਸ਼ੈਲਰ ਮਾਲਕਾਂ ਤੇ ਕਿਸਾਨੀ ਉੱਤੇ ਸਿੱਧਾ ਹਮਲਾ






ਕੇ.ਐੱਸ. ਅਮਰ
ਪਿੰਡ ਤੇ ਡਾਕ. ਕੋਟਲੀ ਖਾਸ ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ,
ਮੋਬਾ. 94653-69343


ਭਾਰਤ ਸਰਕਾਰ ਦੇ ਖੁਰਾਕ ਅਤੇ ਜਨਤਕ ਵੰਡ ਵਿਭਾਗ ਵੱਲੋਂ 23 ਸਤੰਬਰ, 2026 ਨੂੰ ਜਾਰੀ ਕੀਤਾ ਗਿਆ ਪੱਤਰ ਇੱਕ ਆਮ ਸਰਕਾਰੀ ਹੁਕਮ ਨਹੀਂ ਹੈ। ਇਹ ਪੱਤਰ ਪੰਜਾਬ ਦੀ ਮੰਡੀ ਪ੍ਰਣਾਲੀ, ਸਾਡੇ ਰਾਈਸ ਮਿਲਰਾਂ ਅਤੇ ਸਭ ਤੋਂ ਵੱਧ ਸਾਡੇ ਅੰਨਦਾਤਾ ਕਿਸਾਨ ਉੱਤੇ ਇੱਕ ਸੋਚਿਆਂ ਸਮਝਿਆਂ ਸਿੱਧਾ ਹਮਲਾ ਹੈ। ਇਸ ਪੱਤਰ ਵਿੱਚ ਲਿਖੀਆਂ ਚਾਰ ਮੱਦਾਂ - ਦੁੱਗਣੀ ਵਸੂਲੀ, ਬਾਰਾਂ ਫੀਸਦੀ ਵਿਆਜ, ਪੁਲਸ ਕੇਸ਼ ਅਤੇ ਦੋ ਸਾਲ ਦੀ ਕਾਲੀ ਸੂਚੀ - ਪੰਜਾਬ ਦੀ ਕਿਸਾਨੀ ਅਤੇ ਮੰਡੀਆਂ ਨੂੰ ਤਹਿਸ- ਨਹਿਸ਼ ਕਰਨ ਲਈ ਕਾਫੀ ਹਨ।

ਪੰਜਾਬ ਵਿੱਚ ਕਿਸਾਨ ਦਾ ਝੋਨਾ ਮੰਡੀ ਵਿੱਚ ਆਉਂਦਾ ਹੈ, ਸਰਕਾਰ ਖਰੀਦਦੀ ਹੈ ਅਤੇ ਫਿਰ ਉਹੀ ਝੋਨਾ ਸ਼ੈਲਰ ਮਾਲਕਾਂ ਨੂੰ ਸੰਭਾਲਣ ਅਤੇ ਚਾਵਲ ਬਣਾਉਣ ਲਈ ਦਿੱਤਾ ਜਾਂਦਾ ਹੈ। ਝੋਨਾ ਕੋਈ ਲੋਹਾ ਨਹੀਂ ਜੋ ਜਿਨ੍ਹਾਂ ਰੱਖੋ ਉਨ੍ਹਾਂ ਹੀ ਰਹੇਗਾ। ਇਸ ਵਿੱਚੋਂ ਨਮੀ ਉੱਡਦੀ ਹੈ, ਭਾਰ ਘਟਦਾ ਹੈ, ਕਈ ਵਾਰ ਖੁੱਲ੍ਹੇ ਵਿੱਚ ਪਿਆ ਝੋਨਾ ਮੀਂਹ ਕਾਰਨ ਖਰਾਬ ਵੀ ਹੋ ਜਾਂਦਾ ਹੈ। ਪਹਿਲਾਂ ਇਸ ਕੁਦਰਤੀ ਘਾਟ ਨੂੰ ਇੱਕ ਜਾਂ ਦੋ ਫੀਸਦੀ ਤੱਕ ਸਰਕਾਰ ਮੰਨ ਲੈਂਦੀ ਸੀ। ਪਰ ਨਵੀਂ ਨੀਤੀ ਕਹਿੰਦੀ ਹੈ ਕਿ ਜਿੰਨ੍ਹਾਂ ਵੀ ਝੋਨਾ ਘੱਟ ਮਿਲਿਆ, ਉਸਨੂੰ ਚੋਰੀ ਹੋਇਆ ਸਮਝਿਆ ਜਾਵੇਗਾ ਅਤੇ ਸ਼ੈਲਰ ਮਾਲਕਾਂ ਤੋਂ ਉਸਦੀ ਕੀਮਤ ਦਾ ਦੁੱਗਣਾ ਪੈਸਾ ਵਿਆਜ਼ ਸਮੇਤ ਵਸੂਲਿਆ ਜਾਵੇਗਾ।

ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਸ਼ੈਲਰ ਮਾਲਕ ਇਹ ਪੈਸਾ ਆਪਣੇ ਘਰੋਂ ਨਹੀਂ ਦੇਵੇਗਾ ਅਤੇ ਇਸਦਾ ਦਬਾ ਕਿਸਾਨ ਤੇ ਪਵੇਗਾ। ਸਰਕਾਰੀ ਅਫਸਰ ਵੀ ਕਿਸਾਨ ਨੂੰ ਤੰਗ ਕਰੇਗਾ। ਆਖਰੀ ਸੱਟ ਕਿਸਾਨ ਦੀ ਜੇਬ ਉੱਤੇ ਹੀ ਪੈਣੀ ਹੈ।

ਦੂਜਾ ਵੱਡਾ ਹਮਲਾ ਪੁਲਸ ਕੇਸ਼ ਅਤੇ ਕਾਲੀ ਸੂਚੀ ਦਾ ਹੈ। ਪੰਜਾਬ ਵਿੱਚ ਚਾਰ ਹਜ਼ਾਰ ਤੋਂ ਵੱਧ ਰਾਈਸ ਮਿੱਲਾਂ ਹਨ। ਪੰਜਾਬ ਇਕੱਲਾ ਹੀ ਦੇਸ਼ ਦੇ ਕੇਂਦਰੀ ਭੰਡਾਰ ਵਿੱਚ ਚਾਲੀ ਫ਼ੀਸਦੀ ਤੋਂ ਵੱਧ ਚਾਵਲ ਦਿੰਦਾ ਹੈ। ਜੇ ਸਾਂਝੀ ਪੜਤਾਲ ਵੇਲੇ ਕਿਸੇ ਮਿੱਲ ਵਿੱਚ ਦਸ ਕੁਇੰਟਲ ਝੋਨਾ ਘੱਟ ਗਿਣਿਆ ਗਿਆ ਤਾਂ ਸਿੱਧਾ ਪੁਲਸ ਕੇਸ਼ ਅਤੇ ਦੋ ਸਾਲ ਲਈ ਮਿੱਲ ਬੰਦ ਹੋਵੇਗੀ। ਇੱਕ ਛੋਟੀ ਜਿਹੀ ਗਿਣਤੀ ਦੀ ਗਲਤੀ ਜਾਂ ਅਫਸਰ ਦੀ ਬਦਨੀਅਤੀ ਕਾਰਨ ਇੱਕ ਪਰਿਵਾਰ ਦੀ ਕਈ ਸਾਲ ਪੁਰਾਣੀ ਮਿੱਲ ਬੰਦ ਹੋ ਸਕਦੀ ਹੈ।

ਜਦੋਂ ਮਿੱਲਾਂ ਬੰਦ ਹੋਣਗੀਆਂ ਤਾਂ ਸਰਕਾਰੀ ਝੋਨੇ ਦੀ ਮਿਲਿੰਗ ਕੌਣ ਕਰੇਗਾ? ਮੰਡੀਆਂ ਵਿੱਚ ਝੋਨੇ ਦੀਆਂ ਢੇਰੀਆਂ ਲੱਗ ਜਾਣਗੀਆਂ। ਟਰਾਲੀਆਂ ਦਿਨਾਂ ਬੱਧੀ ਖੜ੍ਹੀਆਂ ਰਹਿਣਗੀਆਂ। ਝੋਨਾ ਖੁੱਲ੍ਹੇ ਅਸਮਾਨ ਹੇਠ ਸੜੇਗਾ ਅਤੇ ਨੁਕਸਾਨ ਕਿਸਾਨ ਦਾ ਹੋਵੇਗਾ। ਪਿਛਲੇ ਵਰ੍ਹੇ ਵੀ ਅਸੀਂ ਇਹ ਨਜ਼ਾਰਾ ਦੇਖਿਆ ਸੀ।

ਤੀਜੀ ਗੱਲ ਸੂਬਿਆਂ ਦੇ ਹੱਕਾਂ ਦੀ ਹੈ। ਪੰਜਾਬ ਹਰ ਸਾਲ ਕੇਂਦਰੀ ਪੂਲ ਅਨੁਸਾਰ 45 ਹਜ਼ਾਰ ਕਰੋੜ ਦਾ ਝੋਨਾ ਅਤੇ 30 ਹਜ਼ਾਰ ਕਰੋੜ ਦੀ ਕਣਕ ਖਰੀਦ ਦਾ ਹੈ।ਪੰਜਾਬ ਦੀ ਆਪਣੀ ਮਿਲਿੰਗ ਨੀਤੀ ਹੈ ਜੋ ਪੰਜਾਬ ਦੇ ਮੌਸਮ ਅਤੇ ਹਾਲਾਤਾਂ ਮੁਤਾਬਕ ਬਣੀ ਹੋਈ ਹੈ। ਕੇਂਦਰ ਨੇ ਇੱਕੋ ਹੁਕਮ ਆਂਧਰਾ ਪ੍ਰਦੇਸ਼ ਤੋਂ ਲੈ ਕੇ ਪੰਜਾਬ ਤੱਕ ਸਭ ਉੱਤੇ ਥੋਪ ਦਿੱਤਾ ਹੈ। ਪੰਜਾਬ ਦਾ ਝੋਨਾ ਅਤੇ ਦੱਖਣ ਦਾ ਝੋਨਾ ਇੱਕੋ ਜਿਹਾ ਨਹੀਂ ਹੈ। ਇਹ ਸੰਘੀ ਢਾਂਚੇ ਦੇ ਵਿਰੁੱਧ ਹੈ।

ਸਭ ਤੋਂ ਖਤਰਨਾਕ ਗੱਲ ਸਟਾਕ ਨੂੰ ਸਰਕਾਰੀ ਖਾਤੇ ਵਿੱਚੋਂ ਕੱਟਣ ਵਾਲੀ ਹੈ। ਘੱਟ ਮਿਲਿਆ ਝੋਨਾ ਕਾਗਜ਼ਾਂ ਵਿੱਚੋਂ ਹੀ ਗਾਇਬ ਕਰ ਦਿੱਤਾ ਜਾਵੇਗਾ। ਇਸ ਨਾਲ ਕਾਲਾ ਬਾਜ਼ਾਰੀ ਦਾ ਰਸਤਾ ਖੁੱਲ੍ਹੇਗਾ।

ਭ੍ਰਿਸ਼ਟਾਚਾਰ ਰੋਕਣਾ ਚੰਗੀ ਗੱਲ ਹੈ ਪਰ ਇਸਦਾ ਤਰੀਕਾ ਇਹ ਨਹੀਂ ਹੋਣਾ ਚਾਹੀਦਾ। ਸਰਕਾਰ ਨੂੰ ਚਾਹੀਦਾ ਸੀ ਕਿ ਕੁਦਰਤੀ ਘਾਟ ਦੀ ਵਿਗਿਆਨਕ ਹੱਦ ਤੈਅ ਕਰਦੀ, ਪਹਿਲਾਂ ਚੇਤਾਵਨੀ, ਫਿਰ ਜੁਰਮਾਨਾ ਅਤੇ ਅਖੀਰ ਵਿੱਚ ਪੁਲਸ ਕੇਸ਼ ਦਾ ਤਰੀਕਾ ਅਪਣਾਉਂਦੀ। ਪੰਜਾਬ ਸਰਕਾਰ ਨਾਲ ਬੈਠ ਕੇ ਗੱਲ ਕਰਦੀ।

ਅੱਜ ਪੰਜਾਬ ਦਾ ਕਿਸਾਨ ਪਹਿਲਾਂ ਹੀ ਕਰਜ਼ੇ ਅਤੇ ਘੱਟ ਭਾਅ ਦੀ ਮਾਰ ਹੇਠ ਹੈ। ਅਜਿਹੀ ਸਖਤ ਨੀਤੀ ਉਸਦੀ ਰਹਿੰਦੀ ਖੂੰਹਦੀ ਕਮਰ ਵੀ ਤੋੜ ਦੇਵੇਗੀ। ਇਹ ਨੀਤੀ ਅਸਲ ਵਿੱਚ ਸ਼ੈਲਰ ਮਾਲਕਾਂ ਨੂੰ ਡਰਾ ਕੇ ਕਿਸਾਨ ਨੂੰ ਮੰਡੀ ਵਿੱਚ ਇਕੱਲਾ ਕਰਨ ਦੀ ਨੀਤੀ ਹੈ। ਐਫ. ਸੀ. ਆਈ ਦੇ ਗੁਦਾਮਾਂ ਵਿੱਚ ਅਜੇ ਤੱਕ ਸਾਲ 2025 26 ਦਾ ਪੁਰਾਣਾ ਝੋਨੇ ਦਾ ਸਟਾਕ ਅੱਗੇ ਸਿਫਟ ਨਹੀਂ ਹੋਇਆ, ਜਿਸ ਕਾਰਨ ਨਵੇਂ ਝੋਨੇ ਲਈ ਸਟੋਰੇਜ ਦਾ ਪ੍ਰਬੰਧ ਕਰਨਾ ਅਤੀ ਜਰੂਰੀ ਹੈ। ਸ਼ੈਲਰ ਮਾਲਕ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦਾ ਮੰਨਣਾ ਹੈ ਕਿ ਜਦੋਂ ਤੱਕ ਕੇਂਦਰ ਸਰਕਾਰ ਵਿਵਸਥਾ ਠੀਕ ਨਹੀਂ ਕਰਦੀ ਸ਼ੈਲਰ ਮਾਲਕ ਸਰਕਾਰੀ ਝੋਨੇ ਦੀ ਮਿਲਿੰਗ ਦਾ ਇਕਰਾਰਨਾਮਾ ਸਾਈਨ ਨਹੀਂ ਕਰਨਗੇ। ਜੇਕਰ ਵਿਵਸਥਾ ਖਰਾਬ ਦੀ ਹੈ ਤਾਂ ਮੰਡੀਆਂ ਵਿੱਚ ਕਿਸਾਨਾਂ ਦੀ ਖੱਜਲ ਖੁਆਰੀ ਹੋਣੀ ਤਹਿ ਹੈ। ਇਹ ਪੰਜਾਬ ਦੇ ਕਿਸਾਨ ਨਾਲ ਬਹੁਤ ਵੱਡਾ ਧੋਖਾ ਹੋਵੇਗਾ। ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਪੰਜਾਬ ਸਰਕਾਰ ਨੂੰ ਵੀ ਇਸ ਦਾ ਤੁਰੰਤ ਵਿਰੋਧ ਕਰਨਾ ਚਾਹੀਦਾ ਹੈ।

# ਪਥਰੀਲਾ ਜੰਗਲ: ਜਨ-ਚੇਤਨਾ ਅਤੇ ਯਥਾਰਥ ਦਾ ਦਸਤਾਵੇਜ਼

ਪ੍ਰਸੱਧ ਲੋਕ ਸ਼ਾਇਰ ਜਗਦੀਸ਼ ਰਾਣਾ ਦਾ ਨਵਾਂ ਗ਼ਜ਼ਲ ਸੰਗ੍ਰਹਿ 'ਪਥਰੀਲਾ ਜੰਗਲ' ਸਮਕਾਲੀ ਸਮੇਂ ਦੇ ਗੰਭੀਰ ਯਥਾਰਥ, ਸਮਾਜਕ ਵਿਸੰਗਤੀਆਂ, ਰਾਜਨੀਤਕ ਕਠੋਰਤਾ ਅਤੇ ਆਮ ਆਦਮੀ ਦੇ ਲੰਬੇ ਸੰਘਰਸ਼ਾਂ ਨੂੰ ਬਹੁਤ ਹੀ ਬੇਬਾਕ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਪੇਸ਼ ਕਰਦਾ ਹੈ। ਇਹ ਸੰਗ੍ਰਹਿ ਸਿਰਫ਼ ਕਾਗਜ਼ੀ ਸ਼ਿਅਰੋ-ਸ਼ਾਇਰੀ ਦਾ ਮੁਜਸਮਾ ਨਹੀਂ ਹੈ, ਸਗੋਂ ਮੌਜੂਦਾ ਦੌਰ ਦੇ ਪਥਰੀਲੇ ਅਤੇ ਔਖੇ ਹਾਲਾਤਾਂ ਵਿਰੁੱਧ ਜਨ-ਚੇਤਨਾ ਦਾ ਇੱਕ ਪ੍ਰਭਾਵਸ਼ਾਲੀ ਦਸਤਾਵੇਜ਼ ਹੈ। ਰਾਣਾ ਦੀ ਸ਼ਾਇਰੀ ਵਿੱਚ ਹਕੂਮਤੀ ਤਾਨਾਸ਼ਾਹੀ ਖ਼?ਲਾਫ਼ ਤਿੱਖਾ ਵਿਦਰੋਹੀ ਸੁਰ ਅਤੇ ਮਿਹਨਤਕਸ਼ ਅਵਾਮ ਪ੍ਰਤੀ ਅਟੁੱਟ ਸੰਵੇਦਨਾ ਸਾਫ਼ ਦੇਖਣ ਨੂੰ ਮਿਲਦੀ ਹੈ, ਜੋ ਪਾਠਕਾਂ ਦੇ ਮਨਾਂ ਨੂੰ ਡੂੰਘਾਈ ਨਾਲ ਟੁੰਬਦੀ ਹੈ।

ਕਿਤਾਬ ਦੇ ਪੰਨਿਆਂ 'ਤੇ ਨਜ਼ਰ ਮਾਰੀਏ ਤਾਂ ਸ਼ਾਇਰ ਨੇ ਮੌਜੂਦਾ ਦੌਰ ਦੀ ਰਾਜਨੀਤਿਕ ਵਿਵਸਥਾ ਅਤੇ ਹਾਕਮਾਂ ਦੀ ਬੇਪਰਵਾਹੀ ਉੱਤੇ ਕਰਾਰੀ ਚੋਟ ਕੀਤੀ ਹੈ। ਸੱਤਾ ਵਿੱਚ ਬੈਠੇ ਲੋਕਾਂ ਦੀ ਬੇਹੁਰਮਤੀ ਅਤੇ ਆਮ ਜਨਤਾ ਦੀ ਦੁਰਦਸ਼ਾ ਦਾ ਚਿਤਰਣ ਕਰਦਿਆਂ ਉਹ ਬਹੁਤ ਹੀ ਸਾਰਥਕ ਸ਼ਿਅਰ

ਘੜਦੇ ਹਨ ਜਿੱਥੇ ਭੁੱਖਿਆਂ ਦੀ ਸਾਰ ਲੈਣ ਦੀ ਬਜਾਏ ਹਾਕਮ ਆਪਣੇ ਐਸ਼ੋ-ਆਰਾਮ ਵਿੱਚ ਮਸਤ ਨਜ਼ਰ ਆਉਂਦੇ ਹਨ ਅਤੇ ਦਿਖਾਵੇ ਲਈ ਖੋਖਲੇ ਕਰਮਕਾਂਡ ਕੀਤੇ ਜਾਂਦੇ ਹਨ।ਇਸੇ ਸੰਦਰਭ ਵਿੱਚ ਉਨ੍ਹਾਂ ਦੀ ਇਹ ਕਾਵਿ-ਪੰਕਤੀ ਬਹੁਤ ਉਹ ਕੁਝ ਬਿਆਨ ਕਰ ਜਾਂਦੀ ਹੈ ਕਿ :-

ਪੁੱਛਣ ਨਾ ਭੁੱਖਿਆਂ ਨੂੰ, ਰੱਜੇ ਰਜਾਈ ਜਾਵਣ।

ਹਾਕਮ ਸਮੇਂ ਦੇ ਸਭ ਕੁਝ, ਰਲ?-ਮਿਲ? ਕੇ ਖਾਈ ਜਾਵਣ।

ਜੋ ਅਜੋਕੀ ਸਿਆਸਤ ਦੇ ਭਿਆਨਕ ਪਾਖੰਡ ਨੂੰ ਬੇਪਰਦਾ ਕਰਦੀ ਹੈ।

ਇਸ ਸੰਗ੍ਰਹਿ ਦੀਆਂ ਕਈ ਗ਼ਜ਼ਲਾਂ ਇਸ ਗੱਲ 'ਤੇ ਡੂੰਘਾ ਰੋਸ ਪ੍ਰਗਟ ਕਰਦੀਆਂ ਹਨ ਕਿ ਕਿਵੇਂ ਲੋਕਤੰਤਰ ਦੇ ਬੁਨਆਦੀ ਕਦਰਾਂ-ਕੀਮਤਾਂ, ਰਿਸ਼ਤਿਆਂ ਦਾ ਨਿੱਘ ਅਤੇ ਜ਼ਿੰਦਗੀ ਦੀਆਂ ਖ਼ੁਸ਼ੀਆਂ ਨੂੰ ਯੋਜਨਾਬੱਧ ਤਰੀਕੇ ਨਾਲ ਖੋਹ ਲਿਆ ਗਿਆ ਹੈ। ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਪ੍ਰਸ਼ਾਸਨਕ ਬੇਰੁਖ਼ੀ ਨੇ ਆਮ ਇਨਸਾਨ ਦੀ ਜ਼ਿੰਦਗੀ ਨੂੰ ਅਸਹਿ ਬਣਾ ਦਿੱਤਾ ਹੈ ਸ਼ਾਇਰ ਇਸ ਦਰਦ ਨੂੰ ਬਿਆਨ ਕਰਦਿਆਂ ਲਿਖਦਾ ਹੈ ਕਿ :-

ਕੌਣ ਸਾਡੇ ਬਾਗ਼ 'ਚੋਂ ਮਹਿਕਾਂ ਚੁਰਾ ਕੇ ਲੈ ਗਿਆ।

ਚੁੱਪ ਫੈਲੀ ਹੈ ਕੋਈ ਖ਼ੁਸ਼ੀਆਂ ਚੁਰਾ ਕੇ ਲੈ ਗਿਆ।

ਜੋ ਸਿਰਫ਼ ਖ਼ੁਸ਼ੀਆਂ ਦੀ ਚੋਰੀ ਨਹੀਂ ਸਗੋਂ ਪ੍ਰਗਟਾਵੇ ਦੀ ਆਜ਼ਾਦੀ ਅਤੇ ਸੱਚਾਈ ਨੂੰ ਦਬਾਉਣ ਵਾਲੇ ਸਿਸਟਮ ਵੱਲ ਇੱਕ ਗੰਭੀਰ ਇਸ਼ਾਰਾ ਹੈ। ਇਨ੍ਹਾਂ ਸਾਰੀਆਂ ਮੁਸ਼ਕਲਾਂ ਅਤੇ ਹਨੇਰੇ ਦੇ ਬਾਵਜੂਦ, 'ਪਥਰੀਲਾ ਜੰਗਲ' ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਮਾਯੂਸੀ ਵਿੱਚ ਡੁੱਬਣ ਦੀ ਬਜਾਏ ਉਮੀਦ ਅਤੇ ਸੰਘਰਸ਼ ਦਾ ਦੀਵਾ ਜਗਾਈ ਰੱਖਦੀ ਹੈ। ਜਗਦੀਸ਼ ਰਾਣਾ ਦੀਆਂ ਗ਼ਜ਼ਲਾਂ ਸਿਰਫ਼ ਹਾਲਾਤ ਦਾ ਰੋਣਾ ਨਹੀਂ ਰੋਂਦੀਆਂ, ਸਗੋਂ ਪਾਠਕਾਂ ਨੂੰ ਆਪਣੇ ਹੱਕਾਂ ਲਈ ਜਾਗਣ ਅਤੇ ਲੜਨ ਦਾ ਹੋਕਾ ਦਿੰਦੀਆਂ ਹਨ। ਸ਼ਾਇਰ ਦਾ ਇਹ ਵਿਸ਼ਵਾਸ਼ ਕਿ :-

ਪੁੱਛੇ ਜੇ ਕੋਈ ਕਿੱਦਾਂ, ਜੀਵਨ ਬਿਤਾ ਰਿਹਾ ਹਾਂ,

ਮੈਂ ਸੀਤ ਸੂਰਜਾਂ ਨੂੰ, ਦੀਵੇ ਦਿਖਾ ਰਿਹਾ ਹਾਂ।

ਹਨੇਰੇ ਦੌਰ ਵਿੱਚ ਵੀ ਰੌਸ਼ਨੀ ਦੀ ਤਲਾਸ਼ ਨੂੰ ਜਾਰੀ ਰੱਖਣ ਦਾ ਸੁਨੇਹਾ ਦਿੰਦਾ ਹੈ। ਸੰਖੇਪ ਵਿੱਚ ਇਹ ਗ਼ਜ਼ਲ ਸੰਗ੍ਰਹਿ ਆਧੁਨਿਕ




ਪੰਜਾਬੀ ਸ਼ਾਇਰੀ ਵਿੱਚ ਜਨਵਾਦੀ ਚੇਤਨਾ ਦਾ ਇੱਕ ਅਨਮੋਲ ਹਸਤਾਖ਼ਰ ਹੈ ਜੋ ਸਮਾਜਿਕ ਸਰੋਕਾਰਾਂ ਅਤੇ ਇਨਸਾਨੀ ਦਰਦ ਦੀ ਸੱਚੀ ਸੁੱਚੀ ਤਸਵੀਰ ਪੇਸ਼ ਕਰਦਾ ਹੈ।

ਜਗਦੀਸ਼ ਰਾਣਾ ਦੀ ਕਿਤਾਬ ਪਥਰੀਲਾ ਜੰਗਲ ਨੂੰ ਇੱਕ-ਇੱਕ ਪੰਨੇ ਤੋਂ ਘੋਖਦਿਆਂ ਮੈਨੂੰ ਕੁਝ ਐਸੇ ਮੋਤੀ ਮਿਲੇ ਹਨ, ਜਿਨ੍ਹਾਂ ਦੀ ਚਮਕ ਮੇਰੇ ਦਿਲ ਨੂੰ ਮੋਹ ਗਈ ਹੈ। ਇਹ ਉਹੀ ਕੁਝ ਚੁਣੇ ਹੋਏ ਸ਼ਿਅਰ ਨੇ, ਜੋ ਮੇਰੇ ਲਈ ਕਿਸੇ ਕੀਮਤੀ ਸਰਮਾਏ ਤੋਂ ਘੱਟ ਨਹੀਂ। ਪੇਸ਼ ਨੇ ਤੁਹਾਡੀ ਨਜ਼ਰ :-

ਜਿਨ੍ਹਾਂ ਹੱਥਾਂ 'ਚ ਪੱਥਰ ਸਨ, ਉਨ੍ਹੀਂ ਹੱਥੀਂ ਕਿਤਾਬ ਹੈ।

ਬਦੀ ਦੇ ਤਾਜਰਾਂ ਨੂੰ ਵਕਤ ਦਾ ਸੁਹਣਾ ਜਵਾਬ ਹੈ।

*********

ਸਮਝੀ ਨਾ ਏਨੀ ਗੱਲ ਵੀ ਕਿਉਂ ਬੇਸਮਝ ਸੰਸਾਰ ਨੇ।

ਇਹ ਪਦਵੀਆਂ ਇਹ ਦੌਲਤਾਂ ਇਕ ਮੋੜ 'ਤੇ ਬੇਕਾਰ ਨੇ।

**********

ਇਹਨਾਂ ਨੂੰ ਸਰਹੱਦ ਨਾ ਕੋਈ, ਜਿੱਧਰ ਮਰਜ਼ੀ ਜਾਵਣ,

ਉੱਡਦੇ ਨੇ ਇਸਲਾਮਾਬਾਦ 'ਚ ਅੰਮ੍ਰਿਤਸਰ ਦੇ ਪੰਛੀ।

**********

ਉਹ ਸਾਡੇ ਬੱਚਿਆਂ ਹੱਥੀਂ ਫੜਾਉਣੇ ਟੋਕਰੇ ਚਾਹੁੰਦੈ,

ਸਕੂਲਾਂ ਵਿਚ ਇਸੇ ਕਰਕੇ ਕਿਤਾਬਾਂ ਵੀ ਨਹੀਂ ਦੇਂਦਾ।

********

ਬੂਟਾਂ ਹੇਠ ਦਬਾ ਕੇ ਰੱਖੇ, ਲੋਕਾਂ ਨੂੰ ਇਹ ਰਾਵਲਪਿੰਡੀ।

ਕੁਝ ਨਾ ਜਾਣੇ, ਕੁਝ ਨਾ ਸਮਝੇ, ਲੋਕਾਂ ਨੂੰ ਇਹ ਰਾਵਲਪਿੰਡੀ।

**********

ਤੇਰੇ ਮੇਰੇ ਪਿਆਰ ਦਾ ਜਿੱਦਾਂ, ਗਾਉਂਦੇ ਹੋਣ ਰੂਹਾਨੀ ਨਗ਼ਮਾ,

ਇਹ ਝੀਲਾਂ, ਇਹ ਵਹਿੰਦੇ ਝਰਨੇ, ਇਹ ਪਰਬਤ ਇਹ ਨਦੀਆਂ ਨਾਲੇ।

ਲੰਬੀਆਂ ਬਹਿਰਾਂ ਅਤੇ ਲੰਬੇ ਰਦੀਫਾਂ ਦੀ ਚੋਣ ਕਰਨਾ ਅਤੇ ਫਿਰ ਉਨ੍ਹਾਂ ਨੂੰ ਬਿਨਾਂ ਕਿਸੇ ਉਚਾਰਨ ਦੀ ਘਾਟ ਦੇ ਅੰਤ ਤੱਕ ਪਹੁੰਚਾਉਣਾ—ਇਹ ਰਾਣੇ ਦੀ ਕਲਮ ਦੀ ਪੱਕੀ ਪਕੜ ਦਾ ਸਬੂਤ ਹੈ। ਕਿਤਾਬ ਪੜ੍ਹਦਿਆਂ ਇਨ੍ਹਾਂ ਲੰਬੀਆਂ ਬਹਿਰਾਂ ਅਤੇ ਰਦੀਫਾਂ ਦੀ ਤਾਲ ਨੇ ਵੀ ਮੇਰਾ ਮਨ ਮੋਹਿਆ ਹੈ। ਹੇਠਾਂ ਕੁਝ ਲੰਬੀਆਂ ਰਦੀਫ਼ਾਂ ਦੇ ਮੋਤੀ ਤੁਹਾਡੇ ਪੜ੍ਹਨ ਵਾਸਤੇ ਪਰੋਏ ਨੇ ਜਿਨ੍ਹਾਂ ਨੂੰ ਘੜਨ ਲਈ ਜਗਦੀਸ਼ ਰਾਣਾ ਨੇ ਮਿਹਨਤ ਲਾਈ ਹੈ।

ਇੱਥੇ ਆ ਕੇ ਹੋਰ ਕੁਝ ਓਥੇ ਜਾ ਕੇ ਹੋਰ ਹੈ, ਰਾਜ਼ੀ ਖ਼ੁਸ਼ੀ ਰਹਿਣਾ, ਇਹ ਪਰਬਤ ਇਹ ਨਦੀਆਂ ਨਾਲੇ, ਲੋਕਾਂ ਨੂੰ ਇਹ ਰਾਵਲਪਿੰਡੀ, ਕਮਾਲ ਹੋਇਆ ਕਮਾਲ ਹੋਇਆ, ਹੋਰ ਗ਼ਜ਼ਲਾਂ ਨਾ ਹੀ ਕਹਿ, ਸਾਡੇ ਹੀ ਨੇ ਸਾਡੇ ਹੀ ਨੇ, ਤੁਸੀਂ ਅਪਣੀ ਜਗ?ਹਾ ਚੰਗੇ ਅਸੀਂ ਅਪਣੀ ਜਗ?ਹਾ ਚੰਗੇ,

ਕਿਸੇ ਦਾ ਕੀ ਭਰੋਸਾ ਹੈ,

ਤੁਸੀਂ ਵੀ ਜਾਣਦੇ ਹੀ ਹੋ, ਅਸੀਂ ਵੀ ਜਾਣਦੇ ਹੀ ਹਾਂ, ਕਿਤੇ ਏਦਾਂ ਨਾ ਹੋ? ਜਾਵੇ ਕਿਤੇ ਓਦਾਂ ਨਾ ਹੋ ਜਾਵੇ,,,।

ਪਥਰੀਲਾ ਜੰਗਲ ਦਾ ਪੰਨਾ ਪੰਨਾ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਇਹ ਇੱਕ ਬੇਹੱਦ ਉਮਦਾ ਅਤੇ ਸਾਰਥਕ ਕਿਤਾਬ ਹੈ। ਜਗਦੀਸ਼ ਰਾਣਾ ਦੀ ਕਲਮ ਦੀ ਤਾਕਤ ਇਸ ਕਿਤਾਬ ਦੇ ਹਰ ਪੰਨੇ 'ਤੇ ਸਾਫ਼ ਨਜ਼ਰ ਆਉਂਦੀ ਹੈ। ਇਹ ਇੱਕ ਅਜਿਹੀ ਪੁਸਤਕ ਹੈ ਜੋ ਨਾ ਸਿਰਫ਼ ਮਨੋਰੰਜਨ ਕਰਦੀ ਹੈ, ਸਗੋਂ ਸੋਚਣ ਲਈ ਵੀ ਮਜ਼ਬੂਰ ਕਰਦੀ ਹੈ। ਹਰ ਗ਼ਜ਼ਲ ਪ੍ਰੇਮੀ ਲਈ ਇਹ ਪੜ੍ਹਨ ਦੇ ਯੋਗ ਇੱਕ ਸ਼ਾਹਕਾਰ ਰਚਨਾ ਹੈ।

-ਦਾਦਰ ਪੰਡੋਰਵੀ, ਬਾਰਸੀਲੋਨਾ-ਸਪੇਨ

# ਲੋਕਾਂ ਦੀਆਂ ਨਜ਼ਰਾਂ ਵਿੱਚ: ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਵਿੱਚ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀ ਨੈਤਿਕ ਜ਼ਿੰਮੇਵਾਰੀ






ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ


ਨੌਜਵਾਨ ਸਿਰਫ਼ ਕਲਾਸਰੂਮਾਂ, ਕਿਤਾਬਾਂ ਅਤੇ ਮਾਪਿਆਂ ਤੋਂ ਹੀ ਨਹੀਂ ਸਿੱਖਦੇ। ਉਹ ਉਨ੍ਹਾਂ ਲੋਕਾਂ ਤੋਂ ਵੀ ਸਿੱਖਦੇ ਹਨ ਜਿਨ੍ਹਾਂ ਨੂੰ ਉਹ ਦੇਖਦੇ, ਪਸੰਦ ਕਰਦੇ ਅਤੇ ਆਪਣਾ ਆਦਰਸ਼ ਮੰਨਦੇ ਹਨ। ਸੈਲੀਬ੍ਰਿਟੀ, ਖਿਡਾਰੀ, ਕਲਾਕਾਰ, ਮਨੋਰੰਜਨ ਜਗਤ ਨਾਲ ਜੁੜੇ ਲੋਕ, ਸੋਸ਼ਲ ਮੀਡੀਆ ਇਨਫਲੂਐਂਸਰ ਅਤੇ ਹੋਰ ਜਨਤਕ ਸ਼ਖ਼ਸੀਅਤਾਂ ਖਾਸ ਕਰਕੇ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਉੱਤੇ ਵੱਡਾ ਸੱਭਿਆਚਾਰਕ ਪ੍ਰਭਾਵ ਪਾ ਸਕਦੇ ਹਨ। ਇਸ ਪ੍ਰਭਾਵ ਨਾਲ ਇੱਕ ਮਹੱਤਵਪੂਰਨ ਨੈਤਿਕ ਸਵਾਲ ਵੀ ਜੁੜਿਆ ਹੈ—ਕੀ ਜਨਤਕ ਸ਼ਖ਼ਸੀਅਤਾਂ ਨੂੰ ਨੌਜਵਾਨਾਂ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਵਧੇਰੇ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ?

ਇਸ ਸਵਾਲ ਦਾ ਜਵਾਬ ਉਨ੍ਹਾਂ ਦੀ ਜਨਤਕ ਪਹੁੰਚ ਦੀ ਤਾਕਤ ਨੂੰ ਸਮਝਣ ਨਾਲ ਸ਼ੁਰੂ ਹੁੰਦਾ ਹੈ। ਕਿਸੇ ਮਸ਼ਹੂਰ ਵਿਅਕਤੀ ਦੇ ਸ਼ਬਦ, ਜੀਵਨ-ਸ਼ੈਲੀ ਅਤੇ ਜਨਤਕ ਵਿਵਹਾਰ ਕੁਝ ਹੀ ਮਿੰਟਾਂ ਵਿੱਚ ਲੱਖਾਂ ਲੋਕਾਂ ਤੱਕ ਪਹੁੰਚ ਸਕਦੇ ਹਨ। ਨੌਜਵਾਨ ਆਪਣੇ ਪਸੰਦੀਦਾ ਵਿਅਕਤੀਆਂ ਦੇ ਪਹਿਰਾਵੇ, ਭਾਸ਼ਾ, ਆਦਤਾਂ ਅਤੇ ਵਿਵਹਾਰ ਦੀ ਨਕਲ ਕਰ ਸਕਦੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਨੌਜਵਾਨਾਂ ਦੇ ਫ਼ੈਸਲਿਆਂ ਲਈ ਸੈਲੀਬ੍ਰਿਟੀ ਹੀ ਜ਼ਿੰਮੇਵਾਰ ਹਨ, ਪਰ ਉਨ੍ਹਾਂ ਦਾ ਪ੍ਰਭਾਵ ਉਸ ਸਮਾਜਿਕ ਮਾਹੌਲ ਨੂੰ ਜ਼ਰੂਰ ਪ੍ਰਭਾਵਿਤ ਕਰ ਸਕਦਾ ਹੈ ਜਿਸ ਵਿੱਚ ਨੌਜਵਾਨ ਆਪਣੇ ਫ਼ੈਸਲੇ ਲੈਂਦੇ ਹਨ।

ਨਸ਼ਿਆਂ ਦੀ ਦੁਰਵਰਤੋਂ ਸਿਰਫ਼ ਵਿਅਕਤੀਗਤ ਸਮੱਸਿਆ ਨਹੀਂ ਹੈ। ਇਸ ਦਾ ਪ੍ਰਭਾਵ ਪਰਿਵਾਰ, ਸਿੱਖਿਆ, ਰੁਜ਼ਗਾਰ, ਸਰੀਰਕ ਸਿਹਤ, ਮਾਨਸਿਕ ਸੁਖ-ਸਲਾਮਤੀ ਅਤੇ ਸਮਾਜਿਕ ਸੁਰੱਖਿਆ ਤੱਕ ਪੈ ਸਕਦਾ ਹੈ। ਨੌਜਵਾਨ ਸਾਥੀਆਂ ਦੇ ਦਬਾਅ, ਜਿਗਿਆਸਾ, ਤਣਾਅ, ਸਮਾਜਿਕ ਮਾਹੌਲ ਜਾਂ ਗੁੰਮਰਾਹ ਕਰਨ ਵਾਲੀ ਆਨਲਾਈਨ ਸਮੱਗਰੀ ਕਾਰਨ ਨਸ਼ੀਲੇ ਪਦਾਰਥਾਂ ਦੇ ਸੰਪਰਕ ਵਿੱਚ ਆ ਸਕਦੇ ਹਨ। ਇਸ ਲਈ ਰੋਕਥਾਮ ਸਿਰਫ਼ ਚੇਤਾਵਨੀ ਦੇਣ ਨਾਲ ਸੰਭਵ ਨਹੀਂ। ਇਸ ਲਈ ਸਹੀ ਜਾਣਕਾਰੀ, ਸਹਿਯੋਗੀ ਪਰਿਵਾਰ, ਜ਼ਿੰਮੇਵਾਰ ਸਕੂਲ ਅਤੇ ਆਸਾਨੀ ਨਾਲ ਉਪਲਬਧ ਪੇਸ਼ੇਵਰ ਸਹਾਇਤਾ ਦੀ ਲੋੜ ਹੈ।

ਜਨਤਕ ਸ਼ਖ਼ਸੀਅਤਾਂ ਆਪਣੇ ਮੰਚਾਂ ਦੀ ਵਰਤੋਂ ਨਸ਼ਿਆਂ ਨਾਲ ਜੁੜੇ ਖ਼ਤਰਿਆਂ ਬਾਰੇ ਸਪਸ਼ਟ ਅਤੇ ਸਬੂਤ-ਆਧਾਰਿਤ ਸੰਦੇਸ਼ ਦੇਣ ਲਈ ਕਰ ਸਕਦੀਆਂ ਹਨ। ਨਸ਼ਿਆਂ ਦੀ ਵਰਤੋਂ ਨੂੰ ਫੈਸ਼ਨੇਬਲ, ਬਾਗ਼ੀ ਜਾਂ ਆਕਰਸ਼ਕ ਦਿਖਾਉਣ ਦੀ ਬਜਾਏ ਪ੍ਰਭਾਵਸ਼ਾਲੀ ਵਿਅਕਤੀ ਸਿਹਤਮੰਦ ਜੀਵਨ-ਸ਼ੈਲੀ, ਜ਼ਿੰਮੇਵਾਰ ਫ਼ੈਸਲੇ ਲੈਣ ਅਤੇ ਤਣਾਅ ਨਾਲ ਨਜਿੱਠਣ ਦੇ ਰਚਨਾਤਮਕ ਤਰੀਕਿਆਂ ਨੂੰ ਉਤਸ਼ਾਹਿਤ ਕਰ ਸਕਦੇ ਹਨ।

ਖਿਡਾਰੀਆਂ ਦੀ ਭੂਮਿਕਾ ਖਾਸ ਤੌਰ 'ਤੇ ਮਹੱਤਵਪੂਰਨ ਹੋ ਸਕਦੀ ਹੈ, ਕਿਉਂਕਿ ਨੌਜਵਾਨ ਅਕਸਰ ਖੇਡਾਂ ਦੀਆਂ ਪ੍ਰਾਪਤੀਆਂ ਨੂੰ ਅਨੁਸ਼ਾਸਨ ਅਤੇ ਸਿਹਤਮੰਦ ਜੀਵਨ ਨਾਲ ਜੋੜਦੇ ਹਨ। ਕਲਾਕਾਰ ਅਤੇ ਮਨੋਰੰਜਨ ਜਗਤ ਨਾਲ ਜੁੜੇ ਲੋਕ ਵੀ ਆਪਣੀ ਲੋਕਪ੍ਰਿਯਤਾ ਦੀ ਵਰਤੋਂ ਰਚਨਾਤਮਕਤਾ, ਤੰਦਰੁਸਤੀ, ਸਿੱਖਿਆ ਅਤੇ ਸਾਰਥਕ ਸਮਾਜਿਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਕਰ ਸਕਦੇ ਹਨ। ਡਿਜੀਟਲ ਇਨਫਲੂਐਂਸਰ ਉਨ੍ਹਾਂ ਨੌਜਵਾਨਾਂ ਤੱਕ ਵੀ ਪਹੁੰਚ ਸਕਦੇ ਹਨ ਜਿਨ੍ਹਾਂ ਤੱਕ ਰਵਾਇਤੀ ਜਾਗਰੂਕਤਾ ਮੁਹਿੰਮਾਂ ਦੀ ਪਹੁੰਚ ਮੁਸ਼ਕਲ ਹੁੰਦੀ ਹੈ।

ਪਰ ਨੈਤਿਕ ਜ਼ਿੰਮੇਵਾਰੀ ਦਾ ਮਤਲਬ ਜਨਤਕ ਸ਼ਖ਼ਸੀਅਤਾਂ ਤੋਂ ਪੂਰਨਤਾ ਦੀ ਉਮੀਦ ਕਰਨਾ ਨਹੀਂ ਹੈ। ਸੈਲੀਬ੍ਰਿਟੀ ਵੀ ਨਿੱਜੀ ਜੀਵਨ ਵਾਲੇ ਮਨੁੱਖ ਹਨ ਅਤੇ ਉਨ੍ਹਾਂ ਦੀਆਂ ਨਿੱਜੀ ਮੁਸ਼ਕਲਾਂ ਨੂੰ ਜਨਤਕ ਬੇਇੱਜ਼ਤੀ ਦਾ ਆਧਾਰ ਨਹੀਂ ਬਣਾਇਆ ਜਾਣਾ ਚਾਹੀਦਾ। ਜੇ ਕਿਸੇ ਜਨਤਕ ਵਿਅਕਤੀ ਨੇ ਨਸ਼ੇ ਦੀ ਲਤ ਜਾਂ ਉਸ ਤੋਂ ਉਭਰਨ ਦਾ ਤਜਰਬਾ ਕੀਤਾ ਹੈ, ਤਾਂ ਆਪਣੀ ਕਹਾਣੀ ਜ਼ਿੰਮੇਵਾਰੀ ਨਾਲ ਸਾਂਝੀ ਕਰਨਾ ਨਸ਼ਿਆਂ ਨਾਲ ਜੁੜੇ ਕਲੰਕ ਨੂੰ ਘਟਾਉਣ ਅਤੇ ਲੋਕਾਂ ਨੂੰ ਇਲਾਜ ਲੈਣ ਲਈ ਉਤਸ਼ਾਹਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਧਿਆਨ ਸਨਸਨੀ ਪੈਦਾ ਕਰਨ ਦੀ ਬਜਾਏ ਸਿੱਖਿਆ, ਇਲਾਜ, ਪੁਨਰਵਾਸ ਅਤੇ ਰੋਕਥਾਮ ਉੱਤੇ ਹੋਣਾ ਚਾਹੀਦਾ ਹੈ।

ਮੀਡੀਆ ਦੀ ਵੀ ਆਪਣੀ ਜ਼ਿੰਮੇਵਾਰੀ ਹੈ। ਨਸ਼ਿਆਂ ਦੀ ਵਰਤੋਂ ਨੂੰ ਵਾਰ-ਵਾਰ ਗਲੈਮਰ, ਵਿਵਾਦ ਜਾਂ ਮਨੋਰੰਜਨ ਦੇ ਰੂਪ ਵਿੱਚ ਪੇਸ਼ ਕਰਨਾ ਅਣਜਾਣੇ ਵਿੱਚ ਨੁਕਸਾਨਦਾਇਕ ਵਿਵਹਾਰ ਨੂੰ ਆਕਰਸ਼ਕ ਬਣਾ ਸਕਦਾ ਹੈ। ਜ਼ਿੰਮੇਵਾਰ ਪੱਤਰਕਾਰੀ ਨੂੰ ਬੇਲੋੜੀ ਸਨਸਨੀ ਤੋਂ ਬਚਣਾ ਚਾਹੀਦਾ ਹੈ ਅਤੇ ਨਸ਼ਿਆਂ ਦੇ ਖ਼ਤਰਿਆਂ, ਇਲਾਜ ਅਤੇ ਸਹਾਇਤਾ ਸੇਵਾਵਾਂ ਬਾਰੇ ਢੁਕਵੀਂ ਜਾਣਕਾਰੀ ਦੇਣੀ ਚਾਹੀਦੀ ਹੈ।

ਨਸ਼ਿਆਂ ਦੀ ਰੋਕਥਾਮ ਵਿੱਚ ਮਾਪਿਆਂ ਅਤੇ ਅਧਿਆਪਕਾਂ ਦੀ ਭੂਮਿਕਾ ਵੀ ਕੇਂਦਰੀ ਹੈ। ਕਿਸੇ ਸੈਲੀਬ੍ਰਿਟੀ ਦਾ ਸੰਦੇਸ਼ ਘਰ ਵਿੱਚ ਹੋਣ ਵਾਲੀ ਗੱਲਬਾਤ ਜਾਂ ਸਕੂਲ ਵਿੱਚ ਮਿਲਣ ਵਾਲੀ ਰਹਿਨੁਮਾਈ ਦੀ ਥਾਂ ਨਹੀਂ ਲੈ ਸਕਦਾ। ਨੌਜਵਾਨਾਂ ਨੂੰ ਅਜਿਹਾ ਸੁਰੱਖਿਅਤ ਮਾਹੌਲ ਚਾਹੀਦਾ ਹੈ ਜਿੱਥੇ ਉਹ ਸਾਥੀਆਂ ਦੇ ਦਬਾਅ, ਤਣਾਅ, ਜਿਗਿਆਸਾ ਅਤੇ ਮੁਸ਼ਕਲ ਤਜਰਬਿਆਂ ਬਾਰੇ ਬਿਨਾਂ ਤੁਰੰਤ ਆਲੋਚਨਾ ਜਾਂ ਸਜ਼ਾ ਦੇ ਡਰ ਤੋਂ ਗੱਲ ਕਰ ਸਕਣ। ਖੁੱਲ੍ਹਾ ਸੰਵਾਦ ਉਨ੍ਹਾਂ ਨੂੰ ਸਮੇਂ ਸਿਰ ਸਹਾਇਤਾ ਮੰਗਣ ਵਿੱਚ ਮਦਦ ਕਰ ਸਕਦਾ ਹੈ, ਇਸ ਤੋਂ ਪਹਿਲਾਂ ਕਿ ਪ੍ਰਯੋਗ ਗੰਭੀਰ ਨਸ਼ੇ ਦੀ ਸਮੱਸਿਆ ਵਿੱਚ ਬਦਲ ਜਾਵੇ।

ਸਰਕਾਰ, ਸਕੂਲ, ਸਿਹਤ ਮਾਹਿਰ, ਸਮਾਜਿਕ ਸੰਸਥਾਵਾਂ ਅਤੇ ਜਨਤਕ ਸ਼ਖ਼ਸੀਅਤਾਂ ਮਿਲ ਕੇ ਨਸ਼ਾ-ਵਿਰੋਧੀ ਜਾਗਰੂਕਤਾ ਮੁਹਿੰਮਾਂ ਚਲਾ ਸਕਦੇ ਹਨ। ਅਜਿਹੀਆਂ ਮੁਹਿੰਮਾਂ ਉਮਰ ਦੇ ਅਨੁਕੂਲ, ਵਿਗਿਆਨਕ ਜਾਣਕਾਰੀ ਉੱਤੇ ਆਧਾਰਿਤ ਅਤੇ ਅਸਲ ਸਹਾਇਤਾ ਸੇਵਾਵਾਂ ਨਾਲ ਜੁੜੀਆਂ ਹੋਣੀਆਂ ਚਾਹੀਦੀਆਂ ਹਨ। ਸਿਰਫ਼ ਨੌਜਵਾਨਾਂ ਨੂੰ "ਨਸ਼ਿਆਂ ਨੂੰ ਨਾ ਕਹੋ"ਕਹਿਣਾ ਕਾਫ਼ੀ ਨਹੀਂ ਹੋ ਸਕਦਾ, ਜੇ ਉਨ੍ਹਾਂ ਨੂੰ ਇਹ ਪਤਾ ਹੀ ਨਾ ਹੋਵੇ ਕਿ ਜਦੋਂ ਉਹ ਖੁਦ ਜਾਂ ਉਨ੍ਹਾਂ ਦਾ ਕੋਈ ਦੋਸਤ ਮੁਸ਼ਕਲ ਵਿੱਚ ਹੋਵੇ ਤਾਂ ਸਹਾਇਤਾ ਕਿੱਥੋਂ ਮਿਲ ਸਕਦੀ ਹੈ।

ਇਸ ਦੇ ਪਿੱਛੇ ਇੱਕ ਵਿਆਪਕ ਨੈਤਿਕ ਸਿਧਾਂਤ ਵੀ ਹੈ—ਪ੍ਰਭਾਵ ਦੇ ਨਾਲ ਜ਼ਿੰਮੇਵਾਰੀ ਵੀ ਜੁੜੀ ਹੁੰਦੀ ਹੈ। ਜਿੰਨਾ ਵੱਡਾ ਕਿਸੇ ਵਿਅਕਤੀ ਦਾ ਦਰਸ਼ਕ ਵਰਗ ਅਤੇ ਨੌਜਵਾਨਾਂ ਨਾਲ ਉਸਦਾ ਸੰਬੰਧ ਹੁੰਦਾ ਹੈ, ਉੱਨਾ ਹੀ ਵੱਧ ਮੌਕਾ ਉਸ ਕੋਲ ਸਕਾਰਾਤਮਕ ਵਿਵਹਾਰ ਨੂੰ ਉਤਸ਼ਾਹਿਤ ਕਰਨ ਦਾ ਹੁੰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸੈਲੀਬ੍ਰਿਟੀ ਨੂੰ ਨੈਤਿਕ ਅਧਿਕਾਰੀ ਬਣਾ ਦਿੱਤਾ ਜਾਵੇ। ਇਹ ਸਿਰਫ਼ ਇੱਕ ਸਮਾਜਿਕ ਉਮੀਦ ਹੈ ਕਿ ਅਸਾਧਾਰਣ ਜਨਤਕ ਪ੍ਰਭਾਵ ਰੱਖਣ ਵਾਲੇ ਲੋਕ ਆਪਣੇ ਸੰਦੇਸ਼ਾਂ ਦੇ ਸੰਭਾਵਿਤ ਪ੍ਰਭਾਵਾਂ ਪ੍ਰਤੀ ਸੁਚੇਤ ਰਹਿਣ।

ਨੌਜਵਾਨਾਂ ਨੂੰ ਆਦਰਸ਼ ਵਿਅਕਤੀਆਂ ਦੀ ਲੋੜ ਹੈ, ਪਰ ਉਨ੍ਹਾਂ ਨੂੰ ਆਲੋਚਨਾਤਮਕ ਸੋਚ ਦੀ ਵੀ ਲੋੜ ਹੈ। ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਲੋਕਪ੍ਰਿਯਤਾ ਕਿਸੇ ਵਿਵਹਾਰ ਨੂੰ ਆਪਣੇ ਆਪ ਸੁਰੱਖਿਅਤ ਨਹੀਂ ਬਣਾ ਦਿੰਦੀ ਅਤੇ ਕਿਸੇ ਸੈਲੀਬ੍ਰਿਟੀ ਦੀ ਜੀਵਨ-ਸ਼ੈਲੀ ਹਮੇਸ਼ਾ ਸਿਹਤਮੰਦ ਜੀਵਨ ਦਾ ਆਦਰਸ਼ ਨਹੀਂ ਹੁੰਦੀ। ਸਕੂਲ ਨੌਜਵਾਨਾਂ ਨੂੰ ਇਸ਼ਤਿਹਾਰਬਾਜ਼ੀ, ਸੋਸ਼ਲ ਮੀਡੀਆ ਦੇ ਪ੍ਰਭਾਵ ਅਤੇ ਨਕਲ ਕਰਨ ਦੀ ਮਨੋਵਿਗਿਆਨ ਨੂੰ ਸਮਝਣ ਵਿੱਚ ਮਦਦ ਕਰ ਸਕਦੇ ਹਨ, ਤਾਂ ਜੋ ਪ੍ਰਸ਼ੰਸਾ ਬਿਨਾਂ ਸੋਚੇ-ਸਮਝੇ ਨਕਲ ਵਿੱਚ ਨਾ ਬਦਲ ਜਾਵੇ।

ਅੰਤ ਵਿੱਚ, ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ ਸਾਂਝੀ ਜ਼ਿੰਮੇਵਾਰੀ ਹੈ। ਸੈਲੀਬ੍ਰਿਟੀ ਇਕੱਲੇ ਇਸ ਸਮੱਸਿਆ ਦਾ ਹੱਲ ਨਹੀਂ ਕਰ ਸਕਦੇ, ਪਰ ਉਹ ਨਸ਼ਿਆਂ ਪ੍ਰਤੀ ਸਮਾਜ ਦੇ ਰਵੱਈਏ ਨੂੰ ਪ੍ਰਭਾਵਿਤ ਕਰ ਸਕਦੇ ਹਨ। ਆਪਣੀ ਜਨਤਕ ਪਹੁੰਚ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਕੇ, ਸਬੂਤ-ਆਧਾਰਿਤ ਰੋਕਥਾਮ ਦਾ ਸਮਰਥਨ ਕਰਕੇ, ਨਸ਼ਿਆਂ ਦੀ ਵਰਤੋਂ ਦੇ ਮਹਿਮਾਮੰਡਨ ਤੋਂ ਬਚ ਕੇ ਅਤੇ ਨੌਜਵਾਨਾਂ ਨੂੰ ਸਹਾਇਤਾ ਲੈਣ ਲਈ ਉਤਸ਼ਾਹਿਤ ਕਰਕੇ ਜਨਤਕ ਸ਼ਖ਼ਸੀਅਤਾਂ ਆਪਣੇ ਪ੍ਰਭਾਵ ਨੂੰ ਇੱਕ ਸਕਾਰਾਤਮਕ ਸਮਾਜਿਕ ਤਾਕਤ ਵਿੱਚ ਬਦਲ ਸਕਦੀਆਂ ਹਨ।

ਪ੍ਰਸਿੱਧੀ ਧਿਆਨ ਖਿੱਚਦੀ ਹੈ; ਨੈਤਿਕ ਅਗਵਾਈ ਉਸ ਧਿਆਨ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨਾ ਸਿਖਾਉਂਦੀ ਹੈ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ, ਇੰਡਰਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

# ਹਾਸ ਵਿਅੰਗਕਾਰ 'ਮੰਗਤ ਕੁਲਜਿੰਦ' ਜੀ ਦੇ ਹਾਸ-ਵਿਅੰਗ ਸੰਗ੍ਰਹਿ ਕਲੀਨ ਚਿੱਟ ਦੇ ਦਿਓ ਜੀ ਕਿਤਾਬ ਦੇ ਪਹਿਲੇ ਹਾਸ ਵਿਅੰਗ.. ਦੀ ਸਮੀਖਿਆ...




**ਕਦੇ ਹੱਸ ਵੇ ਮਨਾ**

ਹਾਸ ਵਿਅੰਗਕਾਰ ਮੰਗਤ ਕੁਲਜਿੰਦ ਜੀ ਦਾ ਨਵਾਂ ਹਾਸ-ਵਿਅੰਗ ਸੰਗ੍ਰਹਿ 'ਕਲੀਨ ਚਿੱਟ ਦੇ ਦਿਓ ਜੀ' ਕਿਤਾਬ ਦੇ ਪਹਿਲੇ ਹਾਸ ਵਿਅੰਗ 'ਕਦੇ ਹੱਸ ਵੇ ਮਨਾ' ਦਾ ਬਜ਼ੁਰਗ ਪਾਤਰ ਡਾ. ਮੰਗੂ ਰਾਮ ਸੋਚਦਾ ਹੈ ਕਿ ਅੱਜ ਖੁੱਲ੍ਹ ਕੇ ਉੱਚੀ ਉੱਚੀ ਹੱਸਿਆ ਜਾਵੇ..? ਉਹ ਹੱਸਣ ਲਈ ਤਰਲੋ ਮੱਛੀ ਹੋ ਰਿਹਾ ਹੈ ਅਤੇ ਇਸ ਲਈ ਵੱਖ ਵੱਖ ਤਰੀਕੇ ਵੀ ਅਪਣਾਉਂਦਾ ਹੈ ਪਰ ਜਦੋਂ ਵੀ ਹੱਸਣ ਦੀ ਕੋਸ਼ਿਸ਼ ਕਰਦਾ ਹੈ ਉਸਦੇ ਨਕਲੀ ਦੰਦਾਂ ਦਾ ਸੈਟ ਮੂੰਹ ਤੋਂ ਬਾਹਰ ਆ ਜਾਂਦਾ ਹੈ।

ਆਪਣੇ ਨਕਲੀ ਲੱਗੇ ਦੰਦਾਂ ਦੇ ਸੈਟ ਕਰਕੇ ਉਹ ਹੱਸਣਾ ਕੈਂਸਲ ਹੀ ਕਰ ਦਿੰਦਾ ਹੈ। ਫੇਰ ਕਿਸੇ ਵੇਲੇ ਘਰ ਵਿੱਚ ਦੰਦ ਉਤਾਰ ਕੇ ਹੱਸਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਘਰ ਵਿੱਚ ਬੈਠੀਆਂ ਬਹੂਆਂ ਬਾਰੇ ਸੋਚਕੇ ਚੁੱਪ ਹੋ ਜਾਂਦਾ ਹੈ। ਇੱਕ ਦਿਨ ਪਾਰਕ ਵਿੱਚ ਹੱਸਣ ਲਈ ਲਾਏ ਗਏ ਕੈਂਪ ਵਿੱਚ ਉਨ੍ਹਾਂ ਨੂੰ ਉੱਚੀ ਉੱਚੀ ਹਸਦਿਆਂ ਦੇਖ ਕੇ, ਉਨ੍ਹਾਂ ਵਿੱਚ ਜਾਕੇ ਹੱਸਣ ਬਾਰੇ ਸੋਚਦਾ ਹੈ। ਪਰ ਉੱਥੇ ਜਾਕੇ ਕੈਂਪ ਵਾਲਿਆਂ ਦੀ ਫੀਸ ਸੁਣਕੇ... ਘਰ ਨੂੰ ਮੁੜ ਪੈਂਦਾ ਹੈ..। ਕਦੇ ਟੀ ਵੀ ਦੇ ਕਾਮੇਡੀ ਚੈਨਲ ਲਾਉਣ ਦੀ ਕੋਸ਼ਿਸ਼.. ਕਰਦਾ ਹੈ ਪਰ ਉਸ ਵਿੱਚ ਦੂਹਰੇ ਅਰਥਾਂ ਵਾਲੇ ਵਾਕ.. ਕਿਸੇ ਚੈਨਲ ਤੇ ਬਾਬੇ ਬੈਠੇ ਨਜ਼ਰ ਆਏ.., ਕਿਸੇ ਤੇ ਲੁੱਟਾਂ ਖੋਹਾਂ ਅਤੇ ਮਹਿੰਗਾਈ ਦੀਆਂ ਖ਼ਬਰਾਂ....। ਕਦੇ ਲੋਕਾਂ ਅਤੇ ਘਰਵਾਲੀ ਦੇ ਮਿਹਣਿਆਂ ਕਾਰਣ.., ਕਹਿਣ ਦਾ ਮਤਲਵ ਹਰ ਵਾਰ ਕੋਈ ਨਾ ਕੋਈ ਦਿੱਕਤ ਆ ਜਾਂਦੀ ਹੈ। ਡਾ. ਮੰਗੂ ਰਾਮ ਦਾ ਹੱਸਣਾ.. ਵਿੱਚੇ ਹੀ ਰਹਿ ਜਾਂਦਾ ਹੈ।

ਅਖ਼ੀਰ ਹੰਭ ਕੇ ਉਹ... ਏਹੀ ਸੋਚਦੈ... ਕਿ ਮਨਾ. .. ਉੱਲੂ ਬਣਕੇ.. ਘਰ ਦੇ ਦਰਵਾਜ਼ੇ ਵਿੱਚ ਬੈਠ ਕੇ ਹੀ, ਆਉਂਦੇ ਜਾਂਦੇ ਨੂੰ ਦੇਖਦਾ ਰਹਿ ਬੱਸ... ਏਸੇ ਚ ਤੇਰੀ ਭਲਾਈ ਐ...। ਭਾਵੇਂ ਲੇਖਕ ਦਾ ਪਾਤਰ ਡਾ. ਮੰਗੂ ਰਾਮ ਖ਼ੁਦ ਹੱਸਣ ਚ ਨਾਕਾਮਯਾਬ ਰਿਹਾ ਪਰ ਲੇਖਕ ਮੰਗਤ ਕੁਲਜਿੰਦ ਆਪਣੀ ਹਾਸ ਵਿਅੰਗਮਈ ਵਾਰਤਾਲਾਪ ਸਦਕਾ ਪਾਠਕਾਂ ਨੂੰ ਹਸਾ ਕੇ.. ਬਜ਼ੁਰਗਾਂ ਦੀ ਮਨੋਭਾਵਨਾ ਨੂੰ.. ਪੂਰੀ ਤਰ੍ਹਾਂ ਉਜਾਗਰ ਕਰਦਾ, ਸਾਡੇ ਲਈ ਅਭੁੱਲ ਯਾਦ ਛੱਡ ਗਿਆ। ਲੇਖਕ ਆਪਣੇ ਇਸ ਹਾਸ-ਵਿਅੰਗ ਵਿੱਚ 'ਕਲੀਨ ਚਿੱਟ' ਲੈਣ ਲਈ ਕਾਮਯਾਬ ਰਿਹਾ।

-ਲੇਖਕ: ਰਮੇਸ਼ ਐਮ ਐਮ ਬਠਿੰਡਾ

## .ਗ਼ਜ਼ਲ

ਜਿਨ੍ਹਾਂ ਹੱਥਾਂ 'ਚ ਪੱਥਰ ਸੀ, ਉਨ੍ਹੀਂ ਹੱਥੀਂ ਕਿਤਾਬ ਹੈ।
ਬਦੀ ਦੇ ਤਾਜਰਾਂ ਨੂੰ ਵਕਤ ਦਾ ਸੁਹਣਾ ਜਵਾਬ ਹੈ।
ਇਹ ਚੁਣਿਆ ਰਹਿਨੁਮਾ ਕੇਹਾ, ਰਤਾ ਵੀ ਨਾ ਸਮਝ ਇਨੂੰ,
ਹੈ ਏਥੇ ਲੋੜ ਰੋਟੀ ਦੀ, ਤੇ ਇਹ ਵੰਡਦਾ ਗੁਲਾਬ ਹੈ।
ਅਸਾਡੇ ਬੂਹਿਆਂ ਅੰਦਰ ਤਾਂ ਪਹੁੰਚੀ ਰੌਸ਼ਨੀ ਨਹੀਂ,
ਤੇਰਾ ਹੀ ਘਰ ਹੈ ਰੌਸ਼ਨ ਤਾਂ, ਇਹ ਕੇਹਾ ਇਨਕਲਾਬ ਹੈ?
ਇਹ ਦੁਨੀਆਂ ਉਸ ਬਾਰੇ ਆਖਦੀ, 'ਬੰਦਾ ਸਹੀ ਨਹੀਂ',
ਤੇ ਉਹ ਵੀ ਆਖਦਾ ਥਾਂ-ਥਾਂ, ਕਿ ਇਹ ਦੁਨੀਆਂ ਖ਼ਰਾਬ ਹੈ।
ਗਿਲਾ ਮੁਰਗ਼ਾਬੀਆਂ ਤੇ ਮੱਛੀਆਂ ਦਾ ਵੀ ਕਦੇ ਸੁਣੋ,
ਨਦੀ, ਨਾਲੇ ਤੇ ਨਹਿਰਾਂ ਸੁੱਕੀਆਂ, ਸੁੱਕਿਆ ਤਲਾਬ ਹੈ।
ਅਸੀਂ ਇੱਕ ਮਿੱਟੀ ਦੇ ਜਾਏ, ਅਸਾਡੀ ਕੀ ਹੈ ਦੁਸ਼ਮਣੀ,
ਵਤਨ ਪੰਜਾਬ ਹੈ ਤੇਰਾ, ਵਤਨ ਮੇਰਾ ਪੰਜਾਬ ਹੈ।
ਸਲੀਬਾਂ ਮਿਲਣੀਆਂ ਹੱਕ ਵਿੱਚ, ਅਗਰ ਸੱਚ ਬੋਲਦਾ ਰਿਹੋਂ,
ਕਲਮਕਾਰਾ! ਭਲਾਂ ਵੱਧ ਏਸ ਤੋਂ ਕਿਹੜਾ ਖ਼ਿਤਾਬ ਹੈ?
ਮਰਾਂ ਜਦ ਵੀ ਗ਼ਰੀਬਾਂ ਵਾਸਤੇ ਹੀ ਜੂਝਦਾ ਮਰਾਂ,
ਤਮੰਨਾ ਹੋਰ ਨਾ ਕੋਈ, ਮੇਰਾ ਏਨਾ-ਕੁ ਖ਼ਾਬ ਹੈ।
ਉਦਹੇ ਹੱਥਾਂ 'ਚੋਂ 'ਰਾਣੇ' ਮਹਿਕ ਨਾ ਆਵੇ ਕਿਵੇਂ ਭਲਾਂ,
ਸਵੇਰੇ-ਸ਼ਾਮ ਉਹ ਮਾਯੂਸਾਂ ਨੂੰ ਵੰਡਦਾ ਗੁਲਾਬ ਹੈ।

-ਜਗਦੀਸ਼ ਰਾਣਾ

## ਇਹ ਜੋ ਨਦੀ ਵਹਿੰਦੀ ਹੈ

ਇਹ ਜੋ ਨਦੀ ਵਹਿੰਦੀ ਹੈ
ਇਕ ਗਲ ਕਹਿੰਦੀ ਹੈ
ਰੁਕ ਨਾ, ਤੁਰੀ ਜਾ
ਤੁਰਨਾ ਹੀ ਜ਼ਿੰਦਗੀ ਹੈ
ਰੁਕਣਾ ਤਾਂ ਮੌਤ ਹੈ
ਇਹ ਜੋ ਹਵਾ ਵਗਦੀ ਹੈ
ਇਕ ਗਲ ਦਸਦੀ ਹੈ
ਪਤਝੜ ਜਾਏਗੀ ਜ਼ਰੂਰ
ਬਹਾਰ ਆਏਗੀ ਹਜ਼ੂਰ
ਤਬਦੀਲੀ ਹੀ ਹੈ
ਕੁਦਰਤ ਦਾ ਦਸਤੂਰ
ਸਮੇਂ ਨੇ ਦੇਣਾ
ਸਭ ਕੁਝ ਬਦਲ

ਇਹ ਜੋ ਧਰਤੀ ਭਉਂਦੀ ਹੈ
ਇਕ ਗਲ ਸਮਝਾਉਂਦੀ ਹੈ
ਕਰਮ ਕਰ ਫ਼ਰਜ਼ ਨਿਭਾ
ਅਸੂਲ ਤੇ ਅੱਡਿਗ ਰਹਿ
ਅੰਜਾਮ ਦੀ ਚਿੰਤਾ ਨਾ ਕਰ
ਇਹ ਜੋ ਸੂਰਜ ਦਗਦਾ ਹੈ
ਇਕ ਗੱਲ ਦਸਦਾ ਹੈ
ਜੋ ਉਪਜਦਾ ਹੈ ਬਿਨਸਦਾ ਹੈ
ਉਗਮਦਾ ਹੈ ਅਸਤਦਾ ਹੈ
ਰਹਿਣਾ ਤੂੰ ਵੀ ਨਹੀਂ
ਦਿਨ ਚਾਰ ਦੀ ਹੈ ਜ਼ਿੰਦਗੀ
ਸਿਰ ਉੱਚਾ ਚੁੱਕ ਕੇ ਜੀ

-ਜਗਮੋਹਨ ਸਿੰਘ

## .ਗ਼ਜ਼ਲ



ਬਹਿ ਕੇ ਕਿਨਾਰਿਆਂ 'ਤੇ, ਚੱਪੂ ਚਲਾ ਰਹੇ ਨੇ।
ਗੱਲਾਂ 'ਚ ਨਾਖ਼ੁਦਾ ਇਹ, ਸਾਗਰ ਘੁਮਾ ਰਹੇ ਨੇ।
ਕਿਰਦਾਰ ਹੈ ਜਿਨ੍ਹਾਂ ਦਾ, ਦਾਗ਼ੀ ਤੇ ਸ਼ੱਕੀ ਉਹ ਵੀ,
ਮਹਫ਼ਿਲ 'ਚ ਦੂਜਿਆਂ ਨੂੰ, ਸ਼ੀਸ਼ੇ ਦਿਖਾ ਰਹੇ ਨੇ।
ਲੱਗਦਾ ਕਰੀਬ ਆਇਆ, ਮੌਸਮ ਚੁਣਾਵ ਦਾ, ਜੋ
ਮਹਿਲਾਂ 'ਚ ਰਹਿਣ ਵਾਲੇ, ਝੁੱਗੀਆਂ 'ਚ ਆ ਰਹੇ ਨੇ।
ਖ਼ੈਰੇ ਕੀ ਲਾਲਚਾਂ ਵਿੱਚ, ਇਹਨਾਂ ਜ਼ਮੀਰ ਵੇਚੀ,
ਦੀਵੇ ਜਗਾਉਣ ਵਾਲੇ, ਦੀਵੇ ਬੁਝਾ ਰਹੇ ਨੇ।
ਰਹਿਬਰ ਦੇ ਮਿਸ਼ਨ ਉੱਤੇ, ਪਹਿਰਾ ਜਿਨ੍ਹਾਂ ਸੀ ਦੇਣਾ,
ਰਹਿਬਰ ਦੇ ਨਾਮ 'ਤੇ ਉਹ, ਪੈਸੇ ਕਮਾ ਰਹੇ ਨੇ।
ਜਿਹੜੇ ਨਾ ਗੀਤ ਗ਼ਜ਼ਲਾਂ, ਕਵਿਤਾ 'ਚ ਫ਼ਰਕ ਜਾਣਨ,
ਸਾਹਿਤ ਦੇ ਨਾਮ ਤੇ ਉਹ, ਪਰਚੇ ਚਲਾ ਰਹੇ ਨੇ।
ਪਰਿਵਾਰ ਸੰਗ ਬਹਿ ਕੇ, ਵੇਖੇ ਵੀ ਕੋਈ ਕਿੱਦਾਂ,
ਨੰਗੇ ਧੜੰਗੇ ਨਾਟਕ, ਚੈਨਲ ਦਿਖਾ ਰਹੇ ਨੇ।
ਹਰ ਧਰਮ ਦੇ ਰਿਹਾ ਹੈ, ਪੈਗ਼ਾਮ ਸ਼ਾਂਤੀ ਦਾ, ਤਾਂ
ਧਰਮੀ ਹਰਿਕ ਜਗ੍ਹਾ ਕਿਉਂ, ਦੰਗੇ ਕਰਾ ਰਹੇ ਨੇ।
ਥਾਂ-ਥਾਂ ਭਟਕ ਰਹੀ ਹੈ, ਪੜ੍ਹ ਲਿਖ ਕੇ ਨੌਜਵਾਨੀ,
ਦੇਣ ਵਾਲੇ, ਲਾਰੇ ਲਗਾ ਰਹੇ ਨੇ ਰੁਜ਼ਗਾਰ।
ਭਾਰਤ ਮਹਾਨ ਅੰਦਰ, ਹਰ ਥਾਂ ਅਮੀਰ ਭਾਰੂ,
'ਰਾਣੇ' ਗ਼ਰੀਬ ਥਾਂ-ਥਾਂ, ਧੱਕੇ ਹੀ ਖਾ ਰਹੇ ਨੇ।

-ਜਗਦੀਸ਼ ਰਾਣਾ

## ਕਵਿਤਾ/ਸਵਾਲ

ਹਰ ਰੋਜ਼ ਦੀ ਤਰ੍ਹਾਂ
ਹੱਥਾਂ 'ਚ ਫੜ ਅਖ਼ਬਾਰ
ਘਰ ਦੇ ਸ਼ੋਰ ਤੋਂ ਥੋੜ੍ਹਾ ਕੁ ਪਾਸੇ ਹੋ
ਕੁਰਸੀ 'ਤੇ ਜਾ ਬੈਠਦਾ ਹਾਂ
ਅਖ਼ਬਾਰ ਦਾ ਜ਼ਖ਼ਮੀਂ ਬਦਨ
ਥਾਂ-ਥਾਂ ਤੋਂ ਟਪਕਦਾ ਖ਼ੂਨ
ਮਨ ਵਿਚ ਉੱਗ ਆਏ ਕਈ ਸਵਾਲ
ਨਜ਼ਰ ਅਖ਼ਬਾਰ ਤੋਂ ਹਟ
ਜ਼ਮੀਨ ਵੱਲ ਜਾਂਦੀ ਹੈ
ਪਤਾ ਹੀ ਨਾ ਲੱਗਿਆ
ਢਾਈ ਕੁ ਸਾਲਾਂ ਦੀ ਪੋਤੀ
ਕਦੋਂ ਮੇਰੇ ਕੋਲ ਆ ਖੜ੍ਹੀ
ਆਪਣੇ ਹੱਥਾਂ ਵਿੱਚ
ਮੇਰਾ ਇਕ ਹੱਥ ਫੜ

ਉਂਗਲ ਫੇਰਦੀ ਆਖਦੀ ਹੈ...
ਘੋਰ ਕੰਡੇ ...
ਚੂਹੇ ਲੰਡੇ ...
ਹਾਲੀਓ ਪਾਲੀਓ...
ਕਿਸੇ ਨੇ ਮੇਰਾ ਦਾਦੂ ਦੇਖਿਆ ਹੋਵੇ ?
ਉਹ ਕੁਤਕਤਾਰੀਆਂ ਕਰ
ਹਸਾਉਣ ਦਾ ਯਤਨ ਕਰਦੀ ਹੈ
ਉਸਨੂੰ ਮੇਰੀ ਖ਼ਾਮੋਸ਼ੀ ਚੁਭਦੀ ਹੈ
ਫਿਰ ਅੱਖਾਂ ਵਿਚ ਅੱਖਾਂ ਪਾ
ਸਵਾਲ ਕਰਦੀ ਹੈ...
ਦਾਦੂ ! ਅੱਜ ਤੁਹਾਨੂੰ
ਹਾਸਾ ਕਿਉਂ ਨਹੀਂ ਆਇਆ ?

-ਭੋਲਾ ਸਿੰਘ ਸੰਘੇੜਾ

## ਪੰਜਾਬੀਆਂ ਦੀ ਸ਼ਾਨ ਵੱਖਰੀ

ਪਾਣੀ ਪੀਤਾ ਅਸੀਂ, ਪੰਜੇ ਆਬ ਦਾ ਸੀ,
ਖ਼ੂਨ 'ਚ ਰਚਿਆ ਮਾਣ ਪੰਜਾਬੀ ਅਤੇ ਪੰਜਾਬ ਦਾ ਸੀ।
ਝੱਲ ਸਕਿਆ ਨਾ, ਸਾਡੇ ਜੁੱਸੇ ਦੀ ਤਾਬ ਕੋਈ
ਪਾਣੀ ਪੀਤਾ ਅਸੀਂ...
ਚੱਲ ਆਉਂਦੇ ਜਿਹੜੇ ਸੀ ਇਕ, ਦੱਰੇ ਵਿਚੋਂ,
ਉਹਨਾਂ ਵੇਖਿਆ ਨਜ਼ਾਰਾ, ਸਾਡੀ ਤਲਵਾਰ ਦਾ ਸੀ।
ਜਿਹੜੇ ਸਮਝਦੇ ਸੀ ਖੱਬੀ ਖਾਨ, ਆਪਣੇ ਆਪ ਨੂੰ ਜੀ,
ਇੱਕ-ਇੱਕ ਸਿੰਘ ਸੀ ਸਵਾ ਲੱਖ ਨਾਲ ਭਿੱੜਣ ਵਾਲਾ।
ਕਰਮ ਸੇਵਾ, ਜੋਸ਼ ਕਪੂਰ ਨਵਾਬ ਦਾ ਸੀ,
ਪਾਣੀ ਪੀਤਾ ਅਸੀਂ...
ਸੱਤ ਫੁੱਟੇ ਗੱਭਰੂ ਜੁਆਨ, ਦੇਖ ਉਹ ਕਰਨ ਗੱਲਾਂ,
ਕਹਿਣ ਦੁੱਧ ਲੱਸੀ, ਗੜਵੇਂ ਭਰ, ਪੀਣ ਇਹ ਪੰਜਾਬੀ।
ਰਣ ਵਿੱਚ ਲੜਦੇ ਸੂਰਮੇ, ਮੌਤ ਨੂੰ ਕਰਣ ਮਖੌਲਾਂ,
ਹਰ ਵੇਲੇ ਰੱਖਣ ਅੱਡੀ ਘੋੜੇ ਦੀ ਰਕਾਬ 'ਚ ਸੀ।
ਪਾਣੀ ਪੀਤਾ ਅਸੀਂ...
ਚੜ੍ਹਕੇ ਜੋ ਆਵੇ, ਜ਼ਿੰਦਾ ਵਾਪਸ ਨਾ ਜਾਵੇ,
ਵਾਰ ਕਰਦੇ ਪੰਜਾਬੀ, ਉਹਨੂੰ ਲਲਕਾਰ ਦੇ ਸੀ।
ਹਰ ਕੋਈ ਹੈਰਾਨ ਹੁੰਦਾ, ਜੌਹਰ ਵੇਖ ਤਲਵਾਰ ਦੇ ਸੀ,
ਸ਼ੌਕ ਰੱਖਿਆ ਉਨ੍ਹਾਂ ਲੜਨ ਤੇ ਮਰਣ ਤਾਂਈ,
ਨਾ ਹੀ ਸ਼ੌਕ ਉਨ੍ਹਾਂ ਨੂੰ, ਸ਼ਬਾਬ ਦਾ ਸੀ।
ਪਾਣੀ ਪੀਤਾ ਅਸੀਂ...
ਲੁੱਟਣ ਲਈ ਪੰਜਾਬ ਨੂੰ, ਜੋ ਆਉਂਦਾ ਏ,
ਗੌਰੀ, ਗਜ਼ਨਬੀ, ਅਬਦਾਲੀ ਵਾਂਗ
ਸਿਰ ਸੁਆਹ ਉਹ ਪੁਆਂਵਦਾ ਏ,
'ਗੋਸਲ' ਨ ਮੁਆਫ ਕਰੇ, ਕੋਈ ਪੰਜਾਬੀ ਉਨ੍ਹਾਂ ਤਾਂਈ,
ਆਖਣ ਸੂਰਮੇ ਜੰਮਦੇ ਵਿੱਚ ਪੰਜਾਬ ਦੇ ਨੇ,
ਰੀਸ ਕਰੇ ਨ ਕੋਈ ਸਤਲੁਜ, ਬਿਆਸ, ਝਨਾਬ ਦੀ ਜੀ।
ਪਾਣੀ ਪੀਤਾ ਅਸੀਂ...



-ਬਹਾਦਰ ਸਿੰਘ ਗੋਸਲ,
ਮਕਾਨ ਨੰਬਰ 3098, ਸੈਕਟਰ 37-ਡੀ, ਚੰਡੀਗੜ੍ਹ

## ਕਰੀਬੀ ਰਿਸ਼ਤੇ

ਸੀ ਕਿੰਨੇ ਕਰੀਬ ਉਹ ਰਿਸ਼ਤੇ, ਜੋ ਅਖੀਰ ਦਿਲ ਤੋਂ ਉਤਾਰੇ ਗਏ।
ਉਸਦੀ ਕਿਹੜੀ-2 ਯਾਦ ਦੇ ਪੰਨੇ, ਦਿਲ ਦੀ ਕਿਤਾਬ 'ਚੋਂ ਪਾੜੇ ਗਏ।
ਸਮਾਂ ਗੁਜ਼ਰਿਆ ਤੇ ਕਿੰਨਾ ਕੁੱਝ ਬੱਸ ਨਾਲ ਹੀ ਗੁਜਰ ਗਿਆ।



ਹੱਥੀਂ ਜੋ ਪਾਲੇ ਸੀ ਆਖ਼ਰ ਬਣ ਉਹ ਹੀ ਮੇਰੇ ਹਤਿਆਰੇ ਗਏ।
ਆਖ਼ਰ ਕਿੰਨਾ ਕੁ ਚਿਰ ਢੋਅ ਲੈਂਦਾ ਇਹਨਾਂ ਰਿਸ਼ਤਿਆਂ ਦਾ ਬੋਝ ਮੈਂ,
ਮਹਿਬੂਬ ਦੇ ਖ਼ਤਾਂ ਵਾਂਗ ਬੜਾ ਚਿਰ ਲੁਕਾਏ, ਆਖ਼ਰ ਸਾੜੇ ਗਏ।
ਇੱਕ ਆਸ ਸੀ,ਇੱਕ ਉਮੀਦ ਸੀ ਤੇ ਸੀ ਕੁੱਝ ਮਿਰ.ਗ ਤ੍ਰਿਸ਼ਨਾ ਜਿਹਾ,
ਸੁਪਨਿਆਂ ਦੇ ਮਹਿਲ ਸੀ, ਜੋ ਰਾਤੀਂ ਸਿਰਜੇ ਤੇ ਸੁਬਾਹ ਉਜਾੜੇ ਗਏ।
ਕਦੇ ਉਸ ਨੂੰ ਪੁੱਛੀਂ ਜਿਸਨੇ ਸਾਲਾਂ ਬੱਧੀ ਕੰਧਾਂ ਤੋਂ ਕਲੰਡਰ ਬਦਲੇ ਨੇ,
ਇੱਕ ਇੱਕ ਪਲ ਗਿਣ ਕੇ, ਕਿੰਨੇ ਵਰ੍ਹੇ ਉਡੀਕ ਤੋਂ ਵਾਰੇ ਗਏ ।
ਅਧੂਰਾ ਅਧੂਰਾ ਹੀ ਰਹਿ ਗਿਆ ਸਭ, ਸੰਪੂਰਨ ਨਾ ਹੋਇਆ ਕੁੱਝ,
'ਪਾਲੀ' ਕਿੰਨੇ ਖ਼ੁਆਬ,ਚਾਅ ਫੜ੍ਹ ਫਾਂਸੀਆਂ, ਸੂਲੀਆਂ 'ਤੇ ਚਾੜ੍ਹੇ ਗਏ।
ਸੀ ਕਿੰਨੇ ਕਰੀਬ ਉਹ ਰਿਸ਼ਤੇ, ਜੋ ਅਖੀਰ ਦਿਲ ਤੋਂ ਉਤਾਰੇ ਗਏ।
ਉਸਦੀ ਕਿਹੜੀ-2 ਯਾਦ ਦੇ ਪੰਨੇ, ਦਿਲ ਦੀ ਕਿਤਾਬ 'ਚੋਂ ਪਾੜੇ ਗਏ।

-ਪਾਲੀ ਸਾਧੋਵਾਲ

## ਕਵਿਤਾ

ਕੁੱਤੇ ਤੋਂ ਦਰਵੇਸ਼ ਕਹਾਉਣਾ ਤੱਕ ਦਾ ਸਫ਼ਰ ਕੋਈ ਸੌਖਾ ਨਹੀਂ,
ਸੱਬਰ, ਸੰਤੋਖ ਤੇ ਵਿਸ਼ਵਾਸ ਨਾਲ ਤਹਿ ਕਰਨਾ ਕੋਈ ਸੌਖਾ ਨਹੀਂ।
ਦੋਸਤ ਤੋਂ ਖ਼ੁਦਾ ਦਾ ਰੁੱਤਬਾ........ਪਾਉਣਾ ਕੋਈ ਸੌਖਾ ਨਹੀਂ।
ਅਣਮੁੱਲੇ ਸਮੇਂ ਦੀ ਕੀਮਤ ਪਾਉਣੀ... ਕੋਈ ਸੌਖਾ ਨਹੀਂ,



ਹਰੀ ਕ੍ਰਿਸ਼ਨ ਬੰਗਾ
ਜਨਰਲ ਸੈਕਟਰੀ
ਆਦਰਸ਼ ਸੋਸ਼ਲ ਵੈਲਫ਼ੇਅਰ ਸੋਸਾਇਟੀ ਪੰਜਾਬ ਰਜਿ.

ਦੋਸਤ.. ਦੋਸਤੀ ਦਾ ਨਸ਼ਾ ਛੱਡਣਾ ਵੀ ਕੋਈ ਸੌਖਾ ਨਹੀਂ।
ਵੱਖਤ ਦੇ ਨਾਲ ਜੋ ਬਦਲਦੇ.. ਉਹਨਾਂ ਨੂੰ ਸਮਝਣਾ ਸੌਖਾ ਨਹੀਂ।
ਵੱਖਤ ਹੀ ਦਿੰਦਾ ਜਵਾਬ. ਫਿਰ ਉਹਦਾ ਹੱਲ ਲੱਭਣਾ ਸੌਖਾ ਨਹੀਂ।
ਪੈਸਾ ਸੱਭ ਕੁੱਝ ਹੋ ਗਿਆ.. ਇਹਨੂੰ ਵੀ ਸਮਝਣਾ ਸੌਖਾ ਨਹੀਂ,
ਪੈਸੇ ਬਿਨ ਵੀ ਰੱਬ ਦਾ ਰਾਹ....ਪੁੱਛਣਾ ਕੋਈ ਸੌਖਾ ਨਹੀਂ।
ਸਕੂਲ ਇੱਕ ਮੰਦਿਰ ਹੈ.. ਅੱਜ ਇਹ ਸਮਝਣਾ ਸੌਖਾ ਨਹੀਂ,
ਵਿਦਿਆ ਹੋ ਗਈ ਵਿਉਪਾਰਿਕ..ਬੱਚੇ ਪੜ੍ਹਾਉਣਾ ਸੌਖਾ ਨਹੀਂ।
ਧਾਰਮਿਕ ਅਦਾਰੇ ਵਿਉਪਾਰਿਕ..ਮੰਨਤ ਮੰਗਣਾ ਸੌਖਾ ਨਹੀਂ,
ਪੁਜਾਰੀ ਨਾ ਡਰਦੇ ਰੱਬ ਤੋਂ..ਸੰਗਤ ਨੂੰ ਸਮਝਾਣਾ ਸੌਖਾ ਨਹੀਂ।
ਕਰਮ ਤੇਰਾ.. ਫੱਲ ਉਹਦਾ... ਇਹ ਸਮਝਣਾ ਸੌਖਾ ਨਹੀਂ,
ਭਾਣੇ ਉਹਦੇ ਚੌਂ ਰਹਿਣਾ ਪੈਣਾ..ਇਹ ਗੱਲ ਸਮਝਣਾ ਸੌਖਾ ਨਹੀਂ।
ਹਰੀ *ਹੋ ਗਿਆ ਸਿਆਣਾ.. ਇਹ ਨੂੰ ਸਮਝਾਣਾ ਸੌਖਾ ਨਹੀਂ,
ਉਮਰ ਨਾਲ ਸਿੱਖਿਆ... ਇਹਨਾ ਨੂੰ ਇਹ ਸਮਝਣਾ ਸੌਖਾ ਨਹੀਂ।

## .ਗ਼ਜ਼ਲ

ਪਥਰੀਲਾ ਜੰਗਲ ਉੱਗ ਆਇਐ, ਮੇਰੇ ਘਰ ਦੇ ਚਾਰ ਚੁਫ਼ੇਰੇ।
ਰਿਸ਼ਮਾਂ, ਚਾਨਣ ਕੈਦੀ ਹੋਏ, ਕਾਬਜ਼ ਹੋਏ ਘੁੱਪ ਹਨੇਰੇ।
ਰੁੱਖ ਉਦਾਸੇ, ਪੌਣ ਧੁਆਂਖੀ, ਪੰਛੀ ਵੀ ਸਹਿਮੇ ਸਹਿਮੇ ਹਨ,
ਸੁੰਨੀਆਂ ਰਾਹਾਂ, ਮੌਸਮ ਬੋਝਲ ਮਨ ਦੁਖੀ ਅੱਖ ਹੰਝੂ ਕੇਰੇ।
ਸੰਗੀਨਾਂ ਦੇ ਸਾਏ ਹੇਠਾਂ ਜਿਹੜੇ ਪਲ ਕੇ ਵੱਡੇ ਹੋਵਣ,
ਉਹ ਨਾ ਡਰਦੇ ਮੌਸਮਾਂ ਕੋਲੋਂ, ਉਹ ਰੱਖਦੇ ਨੇ ਵੱਡੇ ਜੇਰੇ।
ਹਰ ਪਾਸੇ ਹੀ ਅੱਗਾਂ ਲੱਗੀਆਂ, ਹਰ ਪਾਸੇ ਹੈ ਧੂੰਆਂ ਧੂੰਆਂ,
ਖੇਤਾਂ ਦੇ ਪੁੱਤੋ! ਕੁਝ ਸਮਝੋ ਖ਼ਤਰਾ ਹਨ ਇਹ ਕਾਲ? ਘੇਰੇ।
ਹਰ ਇੱਕ ਧਰਮ ਹੈ ਪਿਆਰ ਸਿਖਾਉਂਦਾ, ਜਾਪੇ ਇਹ ਗੱਲ ਕੋਰੀ ਝੂਠੀ,
ਧਰਮ ਦੇ ਨਾਂ 'ਤੇ ਲੜਦੇ ਵੇਖਾਂ ਲੋਕਾਂ ਨੂੰ ਜਦ ਸ਼ਾਮ ਸਵੇਰੇ।
ਅਹਿਸਾਸਾਂ ਦੀ ਕਿਣਮਿਣ ਹੋਵੇ ਜਦ ਵੀ ਗੱਜਣ ਗ਼ਮ ਦੇ ਬੱਦਲ,
ਪਿਆਰ ਮੇਰਾ ਸ਼ਰਮਿੰਦਾ ਹੋਵੇ ਕਰ ਕਰ ਚੇਤੇ ਵਾਅਦੇ ਤੇਰੇ।
ਨਵਾਂ ਜ਼ਮਾਨਾ ਸੋਚ ਨਵੀਂ ਹੈ 'ਰਾਣੇ' ਸਭ ਦਾ ਰੱਬ ਹੈ ਪੈਸਾ,
ਲੋਕ ਮਤਲਬੀ, ਡਾਹਢੇ ਸ਼ਾਤਰ, ਨਾ ਇਹ ਤੇਰੇ ਨਾ ਇਹ ਮੇਰੇ।

-ਜਗਦੀਸ਼ ਰਾਣਾ

## ਮੇਰਾ ਪਿੰਡ



ਮੇਰੇ ਪਿੰਡ ਦੇ ਖੇਤਾਂ ਵਿਚ
ਹੁਣ ਮੱਕੀ ਬਾਜਰਾ ਸਰ੍ਹੋਂ ਜਵਾਰ ਨਹੀਂ
ਉੱਗਦੀ
ਨਾ ਹੀ ਉਗਦੇ ਨੇ ਗੋਭੀ ਮਟਰ ਤੇ
ਆਲੂ
ਤੇ, ਨਾ ਹੁਣ ਪਿੰਡ ਦੀਆਂ ਸੁਆਣੀਆਂ
ਤੜਕੇ ਉੱਠ ਕੇ ਵਾੜੇ ਵਿਚ ਮੱਝਾਂ
ਚੋਣ
ਜਾਂਦੀਆ
ਹੁਣ ਨਹੀ ਸੁਣਦੀ ਚਾਟੀ ਵਿਚ ਮਧਾਣੀ
ਦੀ ਅਵਾਜ਼
ਅਤੇ ਬਲਦਾਂ ਦੇ ਗਲ
ਛਣਕਦੀਆਂ
ਟੱਲੀਆਂ ਦੀ ਟੁਣਕਾਰ
ਹੁਣ ਸੁਣਦੀ ਹੈ ਦੁੱਧ ਲੈ ਕੇ
ਆਉਂਦੇ ਟੈਂਪੂ
ਅਤੇ ਸਬਜ਼ੀਆਂ ਵੇਚਣ ਵਾਲਿਆਂ
ਦੀ
ਆਵਾਜ਼
ਜਾਂ ਫਿਰ ਸੁਣਦੀ ਹੈ
ਟਰੈਕਟਰਾਂ, ਮੋਟਰ ਗੱਡੀਆਂ 'ਚ
ਵਜਦੇ
ਫਿਲਮੀ ਗੀਤਾਂ ਦੀ ਉੱਚੀ ਧੁਨ
ਹਾਂ, ਹੁਣ ਮੇਰੇ ਪਿੰਡ ਦੀਆਂ ਸੱਥਾਂ
ਸੀਪ
ਦੀ ਬਾਜੀ ਨਹੀ ਲੱਗਦੀ
ਕਿਉਂਕਿ
ਸੱਥ ਦੀ ਥਾਂ ਬਣ ਗਿਆ ਕਲੱਬ
ਜਿੱਥੇ ਰੋਜ਼ ਲੱਗਦੀ ਹੈ ਮਹਿਫ਼ਲ
ਹੁਣ ਪਿੰਡ ਦੀ ਨਾਰਾਂ ਭੱਤਾ ਲੈ ਕੇ
ਨਹੀਂ
ਜਾਂਦੀਆਂ
ਉਹ ਟਿਫਨ ਚੁੱਕ ਕੇ ਡਿਊਟੀ
ਜਾਂਦੀਆਂ
ਪਿੰਡ ਵਿੱਚ ਹੁਣ ਲੰਬੜਾ,
ਛਿੱਬਰਾ, ਦੇ
ਘਰ ਨਹੀਂ ਰਹੇ
ਘਰਾਂ ਦੀ ਥਾਂ ਬਣ ਗਏ ਨੇ ਫਲੈਟ,
ਹੁਣ ਮੇਰਾ ਪਿੰਡ, ਪਿੰਡ ਨਹੀਂ ਰਿਹਾ
ਕਿਉਕਿ ਮੇਰੇ ਪਿੰਡ ਦੇ ਖੇਤਾਂ ਵਿਚ
ਨਿੱਸਰ ਆਈਆਂ ਨੇ ਬਹੁ ਮੰਜਲੀ
ਇਮਾਰਤਾਂ
ਹੁਣ ਅਸੀ ਪੰਚ ਨਹੀਂ ਚੁਣਦੇ
ਪੂਰਬੀਏ "ਛੋਟੂ " ਨੂੰ ਕੌਂਸਲਰ
ਚੁਣਦੇ ਹਾਂ
ਕਿਉਂਕਿ ਪੰਚਾਇਤ ਦੀ ਥਾਂ ਬਣ
ਗਈ
ਨਗਰ ਪੰਚਾਇਤ
ਹੁਣ ਮੇਰਾ ਪਿੰਡ,ਪਿੰਡ ਨਹੀਂ ਰਿਹਾ
ਬਸ ਜਮਾਂਬੰਦੀ 'ਚ ਪਿੰਡ ਰਹਿ
ਗਿਆ
ਬਹੁਤ ਕੁਝ ਬਦਲ ਗਿਆ
ਬੜਾ ਕੁੱਝ ਬਣ ਗਿਆ ਹੈ ਸ਼ਹਿਰ
ਵਰਗਾ।

-ਜੈ ਸਿੰਘ ਛਿੱਬਰ

## ਪੁਰਾਤਨ ਹਵੇਲੀ

ਬੋਲ ਕੁਝ ਪਿੰਡ 'ਚ ਸੁੰਨੀ ਪਈ ਹਵੇਲੀਏ ਨੀ,
ਕੁਝ ਤਾਂ ਤੂੰ ਮੂੰਹੋਂ ਆਪਣਿਓ ਬੋਲ....
ਸੁਣਿਆ ਕਦੇ ਸਾਰੇ ਪਿੰਡ ਦੀਆਂ ਰੌਣਕਾਂ,
ਤੂੰ ਸਾਂਭਦੀ ਸੀ ਆਪਣੇ ਕੋਲ।
ਸੱਚਮੁੱਚ ਟੌਹਰ ਤੇਰੀ ਵੱਖਰੀ ਸੀ ਹੁੰਦੀ ਨੀ,
ਵੱਖਰੀ ਹੁੰਦੀ ਸੀ ਤੇਰੀ ਸ਼ਾਨ।
ਹਰ ਕੋਈ ਦੇਖ ਕੇ ਹੈਰਾਨ ਹੁੰਦਾ ਜਾਂਦਾ ਸੀ,
ਮਾਲਕ ਵੀ ਕਰਦੇ ਸੀ ਮਾਣ।
ਸਮੇਂ ਨੇ, ਕੀ ਚਪੇੜ ਤੈਨੂੰ ਮਾਰ ਦਿੱਤੀ,
ਛੱਡਿਆ ਨੀ ਤੇਰਾ ਕੋਈ ਮੋਲ।
ਕੁਝ ਤਾਂ ਤੂੰ ਮੂੰਹੋਂ ਆਪਣਿਓ ਬੋਲ...............
ਬਣਾਇਆ ਸੀ ਚਾਂਦੀ ਦੇ ਰੁਪੈ ਚਿਣ ਚਿਣ ਕੇ,
ਛੱਡਿਆ ਨਾ ਲੁਕੋ ਕੋਈ ਚਾਅ।
ਚਾਹੁੰਦੀ, ਤਾਂਬੇ ਨਾਲ ਕਰਦੇ ਲਿਪਾਈ ਤੇਰੀ,
ਸੋਹਣੀਏ! ਕਿੰਨ੍ਹੇ ਪੁੱਛਣਾ ਸੀ ਉਦੋਂ ਭਾਅ।
ਕੌਣ ਕਿਸੇ ਜਾਣਿਆ ਸੀ,
ਸਮਾਂ ਇਦਾ ਦੇਉ ਤੈਨੂੰ ਰੋਲ ਨੀ।
ਕੁਝ ਤਾਂ ਤੂੰ ਮੂੰਹੋਂ ਆਪਣਿਓ ਬੋਲ...............
ਟੁੱਟ ਗਿਆ ਮਾਣ ਤੇਰੇ ਮਾਲਕ ਦਾ,
ਨਾਲੇ ਟੁੱਟ ਗਿਆ ਪਿੰਡ ਦਾ ਘੁਮੰਡ।
ਲਾਲ ਫੁਲਕਾਰੀ ਕਦੇ ਦਿੱਸਦੀ ਸੀ ਉੱਡਦੀ,
ਹੁਣ ਖੁੱਲ੍ਹਦੀ ਨਾ ਯਾਦਾਂ ਵਾਲੀ ਗੰਢ।
ਖ਼ੁਆਬ ਅਤੇ ਸ਼ਬਾਬ ਸਾਰੇ ਉੱਡ ਗਏ ਨੇ ਹੁਣ,
ਜਾਪੇ ਮਾਰੇ ਟੱਕਰਾਂ, ਪੂਰੇ ਵਾਲੀ ਵਾਅ।
ਬੱਦਲੀ ਸੀ, ਕਦੇ ਅਟਾਰੀ ਜਿਹੜੀ ਚੁੰਮਦੀ,
ਮੌਕਾ ਦੇਖੇ, ਕੰਧਾਂ ਦੇਵੇ ਢਾਅ।
ਸੁੰਨੀ ਦੇਖ, ਪਾਸਾ ਮਨੁੱਖ ਵੱਟ ਲੈਂਦੇ,
'ਗੋਸਲ' ਲੱਭੇ ਵਿਰਾਸਤ ਅਨਮੋਲ।
ਕੁਝ ਤਾਂ ਤੂੰ ਮੂੰਹੋਂ ਆਪਣਿਓ ਬੋਲ...
ਬੋਲ ਕੁਝ ਪਿੰਡ 'ਚ ਸੁੰਨੀ ਪਈ ਹਵੇਲੀਏ ਨੀ,
ਕੁਝ ਤਾਂ ਤੂੰ ਮੂੰਹੋਂ ਆਪਣਿਓ ਬੋਲ.....

ਬਹਾਦਰ ਸਿੰਘ ਗੋਸਲ
ਮਕਾਨ ਨੰਬਰ 3098,
ਸੈਕਟਰ 37-ਡੀ, ਚੰਡੀਗੜ੍ਹ।

## ਵਿਚਾਰ



**ਜ਼ਲਾਲਤ...**

ਚਲਾਕ ਬੰਦੇ ਨਾਲ ਠੱਗੀ ਵੱਜ ਜਾਵੇ ਤਾਂ ਬੇਹੱਦ ਜ਼ਲਾਲਤ ਮਹਿਸੂਸ ਕਰਦੈ। ਕਮਾਲ ਐ ਮੈਂ ਵੀ ਠੱਗਿਆ ਗਿਆ,ਇਹ ਕਿਵੇਂ ਹੋ ਗਿਆ ?? ਤਰੱਕੀ ਕਰਨ ਲਈ ਜ਼ਲਾਲਤ ਵਾਲੇ ਆਲਮ 'ਚੋਂ ਬਾਹਰ ਨਿਕਲਣਾ ਹੀ ਪੈਣੈ ਜ਼ਲਾਲਤ ਦੀ ਉਲਝਣ ਨਿਰਾਸ਼ਤਾ ਪੈਦਾ ਕਰ ਹੀ ਦਿੰਦੀ ਹੈ॥ ਹਉਮੈਂ,ਲਾਲਚ ਅਸਹਿਜਤਾ ਤੇ ਸੁਆਰਥ ਦਾ ਚੁੰਗਲ ਬੰਦੇ ਨੂੰ ਜ਼ਲਾਲਤ ਦੇ ਖਲਜਗਣ 'ਚ ਡੇਗ ਹੀ ਦਿੰਦੈ॥

**ਜ਼ੇਵਰ...**

ਸਿਆਣਪ ਰੂਪੀ ਜ਼ੇਵਰ ਗ੍ਰਹਿਣ ਕਰ ਲਿਆ ਤਾਂ ਕਿਸੇ ਸੋਨੇ ਚਾਂਦੀ ਦੇ ਜ਼ੇਵਰਾਂ ਦੀ ਜਰੂਰਤ ਬਾਕੀ ਨਹੀਂ ਰਹਿੰਦੀ॥ ਜਿੰਨੇ ਮਰਜੀ ਮਹਿੰਗੇ ਜ਼ੇਵਰ ਪਹਿਨ ਲਵੋ ਪਰ ਨਖ਼ਰੇ ਰੂਪੀ ਜ਼ੇਵਰ ਤੋਂ ਸਭ ਥੱਲੇ ਹੀ ਹੰਦੇ ਨੇ। ਨਖ਼ਰਾ ਵਿਅਕਤੀ ਦੀ ਸ਼ਖਸੀਅਤ ਨੂੰ ਬੁਲੰਦੀ 'ਤੇ ਰਖਦੈ॥ ਗਿਆਨ ਦੁਨੀਆਂ ਦਾ ਸਭ ਤੋਂ ਮਹਿੰਗਾ ਜ਼ੇਵਰ ਹੁੰਦੈ। ਨਾ ਚੋਰੀ ਦਾ ਡਰ ਨਾ ਕੋਈ ਰਾਖੀ ਕਰਨ ਦੀ ਲੋੜ ਪੈਂਦੀ ਹੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ, ਮਾਨਸਾ।

## ਕਵਿਤਾ ਤੇ ਅਹਿਸਾਸ

ਕਵਿਤਾ ਲਿਖਣ ਦੀ ਕੋਸ਼ਿਸ਼ ਵਿੱਚ,
ਅਕਸਰ ਲੀਕਾਂ ਵਾਹੁਦਾ,
ਬੇਕਸੂਰ ਕਾਗਜਾਂ ਦਾ ਹਰ ਵਾਰੀ,
ਦੋਸ਼ੀ ਬਣ ਜਾਂਦਾ ।
ਅੱਜ ਤੇ ਕਾਗਜ ਹੀ ਮੈਨੂੰ ਕਹਿਣ ਲੱਗੇ,
"ਭਰਾਵਾ ਤੂੰ ਕੀ ਲਿਖ ਰਿਹਾ ਏ ।"
"ਮੈਂ ਕਿਹਾ ਕਵਿਤਾ ਲਿਖ ਰਿਹਾ ਹਾਂ
ਉਸ ਆਖਿਆ "ਕਵਿਤਾ ਕੀ ਹੁੰਦੀ ਏ ।"
ਕਾਗਜ਼ ਮੇਰੇ ਵੱਲ ਬੜੀ ,
ਗੰਭੀਰਤਾ ਨਾਲ ਤੱਕ ਰਹੇ ਸਨ ।
ਮੇਰੇ ਕੋਲ ਉਹਨਾਂ ਦਾ ਜਵਾਬ ਦੇਣ
ਵਾਸਤੇ ਕੋਈ ਸ਼ਬਦ ਨਹੀਂ ਸਨ।
ਅਚਾਨਕ ਭੱਜੀ ਹੋਈ ਬੱਤੀ ਦੀ
ਆਮਦ ਨੇ ਸਾਡੇ ਦੋਹਾਂ ਵਿਚਲੇ
ਅੰਤਲੇ ਅਹਿਸਾਸ ਨੂੰ ਤੋੜਨਾ ਚਾਹਿਆ।
ਪੱਖਾ ਤੇਜ ਗਤੀ ਨਾਲ ਘੁੰਮ ਰਿਹਾ ਸੀ,
ਪੱਖੇ ਦੇ ਫਰਾਂ ਵਿੱਚੋਂ ਨਿਕਲੀ ਤੇਜ,
ਗਤੀ ਦੀ ਹਵਾ ਨੇ ਮੇਰੇ ਹੱਥ ਵਿੱਚ,
ਫੜੇ ਕਾਗਜ਼ ਤੇ ਬੇਜੁਬਾਨ ਗੋਲੇ ਬਣੇ ਕਾਗਜ਼,
ਮੈਨੂੰ ਕਹਿ ਰਹੇ ਹੋਣ ਕਿ ਇਹ,
ਕਵਿਤਾ ਤਾਂ ਕੀ ਲਿਖਦਾ ਹੈ
ਇਹਨੂੰ ਖੁਦ ਪਤਾ ਨਹੀਂ ਕਿ ਕਵਿਤਾ ਹੁੰਦੀ ਕੀ ਹੈ।
ਫੜ ਫੜਾਉਂਦੇ ਕਾਗਜ ਮੇਰੇ ਹੱਥ ਵਿੱਚੋਂ,
ਛੁਟ ਕੇ ਉਹਨਾਂ ਗੋਲੇ ਬਣੇ ਕਾਗਜਾਂ ਵੱਲ ਜਾਣ ਲੱਗੇ,
ਸ਼ਾਇਦ ਉਹਨਾਂ ਕੋਲੋਂ ਕਵਿਤਾ ਦੇ,
ਅਰਥ ਸਮਝਣ ਲਈ ਜਾਂ ਮੈਨੂੰ ਸਮਝਾਉਣ ਲਈ।

-ਯਾਦਵਿੰਦਰ ਸਿੰਘ ਕਲੌਲੀ

## ਛੰਨ ਹੇਠਾਂ ਚਾਹ ਉਬਾਲੇ....

ਚਿਪਸ, ਕੌਫ਼ੀ ਕੋਕ ਲੈ, ਮੁੜ ਹਰ ਸਵਾਰੀ ਬਹਿ ਗਈ।
ਛੰਨ ਹੇਠਾਂ, ਚਾਹ ਉਬਾਲੇ ਮਾਰਦੀ ਹੀ ਰਹਿ ਗਈ।।
ਦੇਖਿਆ ਜਦ 'ਦੂਸਰੇ' ਦੇ ਕੋਲ ਵੀਜ਼ਾ ਬਾਹਰ ਦਾ
ਬਾਪ ਦੀ ਉਸ ਦਿਨ ਹਵੇਲੀ ਧੁੱਪ ਵਿਚ ਹੀ ਢਹਿ ਗਈ
ਸੀ ਮੁਹੱਬਤ, ਸ਼ਾਲ ਉਸ ਲਈ ਸਰਦ ਮੌਸਮ ਵਾਸਤੇ
ਚਾਰ ਦਿਨ ਕੀ ਗਰਮ ਆਏ,ਮੋਢਿਆਂ ਤੋਂ ਲਹਿ ਗਈ।
ਸ਼ਾਮ ਨੂੰ ਦਿਲ ਵਿਚ ਖੁਭੋਕੇ ਕਰਦ ਤਿੱਖੇ ਕੱਚ ਦੀ
ਵਕਤ ਸੁਬਹਾ ਪੁੱਛਦਾ ਤੂੰ ਚੋਟ ਕਿੱਦਾਂ ਸਹਿ ਗਈ?
ਵਕਤ ਸਿਰ ਨਾ ਆਉਣ,ਨਾਂ ਹੀ ਖਿੜਨ,ਮਹਿਕਣ,ਘਰ ਮਿਰੇ
ਜਾਣ ਲੱਗੇ,ਕੀ ਭਲਾ, ਤੂੰ ਮੌਸਮਾਂ ਨੂੰ ਕਹਿ ਗਈ?
ਪੜ੍ਹ ਲਿਆ 'ਗੁਲਜ਼ਾਰ',ਥੋੜ੍ਹਾ ਸੁਣ ਲਿਆ 'ਜਗਜੀਤ' ਵੀ
ਫੇਰ ਯਾਦਾਂ ਨਾਲ 'ਬੰਨੋ' ਤਾਸ਼ ਖੇਡਣ ਬਹਿ ਗਈ।

-ਜਸਪਾਲ ਧਾਮੀ

# ਆਓ ਆਤਮ ਵਿਸ਼ਵਾਸੀ ਬਣੀਏ

ਆਤਮ ਵਿਸ਼ਵਾਸ ਦਾ ਹੋਣਾ ਆਪਣੇ ਆਪ ਵਿੱਚ ਇੱਕ ਅਜਿਹੀ ਤਾਕਤ ਹੈ, ਜਿਸ ਦੇ ਸਹਾਰੇ ਮਨੁੱਖ ਔਖੇ ਤੋਂ ਔਖੇ ਕੰਮ ਨੂੰ ਵੀ ਸਫਲਤਾਪੂਰਵਕ ਨੇਪਰੇ ਚਾੜ੍ਹ ਸਕਦਾ ਹੈ। ਆਤਮ ਵਿਸ਼ਵਾਸ ਤੋਂ ਹੀਣ ਮਨੁੱਖ ਆਪਣੀ ਸਮਰੱਥਾ ਨੂੰ ਪਛਾਣ ਨਹੀਂ ਸਕਦਾ ਅਤੇ ਅਕਸਰ ਜ਼ਿੰਦਗੀ ਦੀਆਂ ਚੁਣੌਤੀਆਂ ਅੱਗੇ ਹਾਰ ਮੰਨ ਲੈਂਦਾ ਹੈ।

'ਮੈਂ ਕਰ ਸਕਦਾ ਹਾਂ' — ਇਹ ਆਤਮ ਵਿਸ਼ਵਾਸ ਹੈ, ਜਦਕਿ 'ਸਿਰਫ਼ ਮੈਂ ਹੀ ਕਰ ਸਕਦਾ ਹਾਂ' — ਇਹ ਅਤਿ ਆਤਮ ਵਿਸ਼ਵਾਸ ਅਤੇ ਹੰਕਾਰ ਹੈ। ਇਸ ਲਈ ਮਨੁੱਖ ਨੂੰ ਆਪਣੀ ਕਾਬਲੀਅਤ 'ਤੇ ਭਰੋਸਾ ਰੱਖਣ ਦੇ ਨਾਲ-ਨਾਲ ਨਿਮਰਤਾ ਨੂੰ ਵੀ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਜ਼ਿੰਦਗੀ ਵਿੱਚ ਅਨੇਕਾਂ ਕੰਮਾਂ ਨੂੰ ਸਫਲਤਾਪੂਰਵਕ ਕਰਨ ਲਈ ਆਤਮ ਵਿਸ਼ਵਾਸ ਦਾ ਹੋਣਾ ਬਹੁਤ ਜ਼ਰੂਰੀ ਹੈ।

ਆਤਮ ਵਿਸ਼ਵਾਸ ਮਨੁੱਖ ਦੇ ਅੰਦਰ ਪੈਦਾ ਹੋਣ ਵਾਲਾ ਉਹ ਜਜ਼ਬਾ ਹੈ, ਜਿਸ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਅਭਿਆਸ, ਦ੍ਰਿੜ੍ਹ ਨਿਸ਼ਚਾ, ਸਖ਼ਤ ਮਿਹਨਤ ਅਤੇ ਫੌਲਾਦੀ ਇਰਾਦਿਆਂ ਦੀ ਲੋੜ ਹੁੰਦੀ ਹੈ। ਅੱਜ ਮਨੁੱਖੀ ਸਭਿਅਤਾ ਦੇ ਵੱਖ-ਵੱਖ ਖੇਤਰਾਂ ਵਿੱਚ ਜੋ ਤਰੱਕੀ ਸਾਨੂੰ ਦਿਖਾਈ ਦਿੰਦੀ ਹੈ, ਉਸ ਦੇ ਪਿੱਛੇ ਮਨੁੱਖ ਦੀ ਮਿਹਨਤ ਦੇ ਨਾਲ ਉਸ ਦਾ ਆਤਮ ਵਿਸ਼ਵਾਸ ਵੀ ਇੱਕ ਮਹੱਤਵਪੂਰਨ ਤਾਕਤ ਰਿਹਾ ਹੈ।






ਜੀਵਨ ਕੁਮਾਰ 'ਜੀਵਨ'
ਲੇਖਕ

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਿਨ੍ਹਾਂ ਮਨੁੱਖਾਂ ਨੇ ਮੁਸ਼ਕਲਾਂ ਦੇ ਬਾਵਜੂਦ ਆਪਣੇ ਉਦੇਸ਼ 'ਤੇ ਵਿਸ਼ਵਾਸ ਕਾਇਮ ਰੱਖਿਆ, ਉਹਨਾਂ ਨੇ ਅਸੰਭਵ ਜਾਪਣ ਵਾਲੀਆਂ ਮੰਜ਼ਿਲਾਂ ਨੂੰ ਵੀ ਹਾਸਲ ਕੀਤਾ। ਆਧੁਨਿਕ ਇਤਿਹਾਸ ਵਿੱਚ ਸਵਾਮੀ ਵਿਵੇਕਾਨੰਦ, ਸਵਾਮੀ ਦਯਾਨੰਦ ਸਰਸਵਤੀ, ਮਹਾਤਮਾ ਗਾਂਧੀ, ਨੈਲਸਨ ਮੰਡੇਲਾ ਅਤੇ ਡਾ. ਏ.ਪੀ.ਜੇ. ਅਬਦੁਲ ਕਲਾਮ ਵਰਗੀਆਂ ਅਨੇਕਾਂ ਸ਼ਖ਼ਸੀਅਤਾਂ ਨੇ ਆਪਣੇ ਦ੍ਰਿੜ੍ਹ ਵਿਸ਼ਵਾਸ, ਸੰਘਰਸ਼ ਅਤੇ ਵਿਚਾਰਾਂ ਨਾਲ ਲੋਕਾਂ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਨੇ ਇਹ ਸਾਬਤ ਕੀਤਾ ਕਿ ਦ੍ਰਿੜ੍ਹ ਇਰਾਦੇ ਅਤੇ ਆਤਮ ਵਿਸ਼ਵਾਸ ਨਾਲ ਮਨੁੱਖ ਵੱਡੀਆਂ ਤਬਦੀਲੀਆਂ ਲਿਆ ਸਕਦਾ ਹੈ।

ਮਨੁੱਖ ਨੇ ਆਪਣੀ ਜਿਗਿਆਸਾ, ਮਿਹਨਤ ਅਤੇ ਆਤਮ ਵਿਸ਼ਵਾਸ ਦੇ ਸਹਾਰੇ ਅੱਗ ਦੀ ਖੋਜ ਤੋਂ ਲੈ ਕੇ ਆਧੁਨਿਕ ਵਿਗਿਆਨ ਅਤੇ ਬ੍ਰਹਿਮੰਡ ਨਾਲ ਸਬੰਧਤ ਅਨੇਕਾਂ ਖੋਜਾਂ ਤੱਕ ਦਾ ਲੰਮਾ ਸਫ਼ਰ ਤੈਅ ਕੀਤਾ ਹੈ। ਜੇ ਮਨੁੱਖ ਨੇ ਹਰ ਔਖਿਆਈ ਅੱਗੇ ਹਾਰ ਮੰਨ ਲਈ ਹੁੰਦੀ ਤਾਂ ਅੱਜ ਦੀ ਆਧੁਨਿਕ ਦੁਨੀਆਂ ਸ਼ਾਇਦ ਇਸ ਰੂਪ ਵਿੱਚ ਸਾਡੇ ਸਾਹਮਣੇ ਨਾ ਹੁੰਦੀ।

ਜ਼ਿੰਦਗੀ ਵਿੱਚ ਬਣੇ ਦੋਸਤ-ਮਿੱਤਰ ਕਦੇ-ਕਦੇ ਧੋਖਾ ਦੇ ਸਕਦੇ ਹਨ, ਪਰ ਆਤਮ ਵਿਸ਼ਵਾਸ ਮਨੁੱਖ ਦਾ ਉਹ ਸਾਥੀ ਹੈ ਜੋ ਮੁਸ਼ਕਲ ਸਮੇਂ ਵਿੱਚ ਵੀ ਉਸ ਨੂੰ ਅੱਗੇ ਵਧਣ ਦੀ ਹਿੰਮਤ ਦਿੰਦਾ ਹੈ। ਇਹ ਮਨੁੱਖ ਨੂੰ ਆਪਣੀਆਂ ਕਮਜ਼ੋਰੀਆਂ ਨਾਲ ਲੜਨ ਅਤੇ ਆਪਣੀਆਂ ਸਮਰੱਥਾਵਾਂ ਨੂੰ ਪਛਾਣਨ ਦੀ ਤਾਕਤ ਦਿੰਦਾ ਹੈ। ਇਸ ਲਈ ਆਤਮ ਵਿਸ਼ਵਾਸ ਦੀ ਚਿੰਗਾਰੀ ਨੂੰ ਆਪਣੇ ਅੰਦਰ ਕਦੇ ਬੁਝਣ ਨਾ ਦਿਓ। ਇਹੀ ਚਿੰਗਾਰੀ ਸਮਾਂ ਆਉਣ 'ਤੇ ਵੱਡੀ ਤਬਦੀਲੀ ਦੀ ਲੌ ਬਣ ਸਕਦੀ ਹੈ।

ਜ਼ਿੰਦਗੀ ਨੂੰ ਸਾਰਥਕ ਢੰਗ ਨਾਲ ਜਿਊਣਾ ਹੈ ਤਾਂ ਆਪਣੇ ਅੰਦਰ ਆਤਮ ਵਿਸ਼ਵਾਸ ਨੂੰ ਜ਼ਿੰਦਾ ਰੱਖਣਾ ਪਵੇਗਾ। ਅਸਫਲਤਾ ਤੋਂ ਡਰਨਾ ਨਹੀਂ, ਸਗੋਂ ਉਸ ਤੋਂ ਸਿੱਖ ਕੇ ਦੁਬਾਰਾ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਉਂਕਿ ਅਸਫਲਤਾ ਅੰਤ ਨਹੀਂ ਹੁੰਦੀ; ਇਹ ਸਫਲਤਾ ਵੱਲ ਵਧਣ ਦਾ ਇੱਕ ਪੜਾਅ ਵੀ ਹੋ ਸਕਦੀ ਹੈ।

ਇਸ ਲਈ ਆਓ, ਆਪਣੀਆਂ ਸਮਰੱਥਾਵਾਂ 'ਤੇ ਵਿਸ਼ਵਾਸ ਕਰੀਏ, ਮੁਸ਼ਕਲਾਂ ਦਾ ਹੌਸਲੇ ਨਾਲ ਸਾਹਮਣਾ ਕਰੀਏ, ਆਪਣੀਆਂ ਗਲਤੀਆਂ ਤੋਂ ਸਿੱਖੀਏ ਅਤੇ ਜੀਵਨ ਵਿੱਚ ਅੱਗੇ ਵਧਦੇ ਰਹੀਏ। ਆਓ ਹਿੰਮਤੀ ਅਤੇ ਆਤਮ ਵਿਸ਼ਵਾਸੀ ਬਣੀਏ, ਤਾਂ ਜੋ ਆਪਣੀ ਜ਼ਿੰਦਗੀ ਨੂੰ ਬਿਨਾਂ ਕਿਸੇ ਪਛਤਾਵੇ ਦੇ ਸਾਰਥਕ ਢੰਗ ਨਾਲ ਜੀ ਸਕੀਏ। **ਧੰਨਵਾਦ।**

## ਵਿਅੰਗ/ਫਾਸਟ ਫੂਡ



ਮੇਰਾ ਦੋਸਤ ਸੁਰਿੰਦਰ ਕਹਿੰਦਾ, ਮੈਨੂੰ ਡਾਕਟਰ ਨੇ ਫਾਸਟ ਫੂਡ ਤੇ ਤਲੀਆਂ ਚੀਜਾਂ ਖਾਣ ਤੋਂ ਬਿਲਕੁਲ ਮਨ੍ਹਾਂ ਕੀਤਾ ਹੋਇਆ ਹੈ ਕਿਉਂਕਿ ਮੇਰੇ ਦਿਲ ਵਿੱਚ ਸਟੈਂਟ ਪਿਆ ਹੋਇਆ ਹੈ। ਡਾਕਟਰ ਦਾ ਕਹਿਣਾ ਹੈ ਕਿ ਫਾਸਟ ਫੂਡ ਕਿਸੇ ਨੂੰ ਵੀ ਨਹੀਂ ਖਾਣਾ ਚਾਹੀਦਾ। ਇਸ ਨਾਲ ਦਿਲ ਦੀਆਂ ਨਾੜੀਆਂ ਬਲੌਕ ਹੋ ਜਾਂਦੀਆਂ ਹਨ।

ਪਰ ਮੈਂ ਖਾਂਦਾ ਰਹਿੰਦਾ ਹਾਂ, ਮੈਂ ਨੀਂ ਹਟ ਸਕਦਾ ਨਾ ਹਟਾਂ। ਮੈਂ ਇਸ ਲਈ ਖਾਂਦਾ ਹਾਂ ਕਿ ਮੇਰਾ ਪਰਿਵਾਰ, ਬੱਚੇ ਤੇ ਪੋਤੇ ਪੋਤੀਆਂ ਠੀਕ ਰਹਿਣ।

ਮੇਰੇ ਬੱਚੇ ਜਦੋਂ ਵੀ ਘਰ ਵਿੱਚ ਫਾਸਟ ਫੂਡ ਲਿਆਉਂਦੇ ਹਨ। ਮੈਨੂੰ ਮੇਰੇ ਹਿੱਸੇ ਦਾ ਫਾਸਟ ਫੂਡ ਦੇ ਦਿੰਦੇ ਹਨ। ਮੈਂ ਇਸ ਲਈ ਖਾ ਜਾਂਦਾ ਹਾਂ ਤਾਂ ਕਿ ਮੇਰੇ ਬੱਚੇ ਨਾ ਮੇਰਾ ਹਿੱਸਾ ਖਾ ਜਾਣ। ਜੇਕਰ ਮੈਂ ਨਾ ਖਾਧਾ ਤਾਂ ਉਹ ਮੇਰਾ ਹਿੱਸਾ ਵੀ ਬੱਚੇ ਖਾ ਜਾਣਗੇ ਤੇ ਫ਼ੇਰ ਉਹ ਜ਼ਿਆਦਾ ਫਾਸਟ ਫੂਡ ਖਾਕੇ ਕਿਤੇ ਆਪਣੀਆਂ ਨਾੜਾਂ ਨਾ ਬਲੌਕ ਕਰਾ ਲੈਣ।

-ਲੇਖਕ: ਰਮੇਸ਼ ਐਮ ਐਮ ਬਠਿੰਡਾ

## ਸਤਿਕਾਰ ਬਜ਼ੁਰਗਾਂ ਦਾ



ਚੇਤੇ ਆਉਂਦਾ ਰਹਿਣਾ ਹੈ ਉਪਕਾਰ ਬਜ਼ੁਰਗਾਂ ਦਾ।
ਸਾਰੇ ਰਲ ਕੇ ਕਰੀਏ ਹੁਣ ਸਤਿਕਾਰ ਬਜ਼ੁਰਗਾਂ ਦਾ।
ਨਾਲ ਬਜ਼ੁਰਗਾਂ ਰਹਿੰਦਾ ਵਿਹੜਾ ਭਰਿਆ ਭਰਿਆ ਹੈ।
ਇਹ ਬੋਹੜ ਦੀ ਛਾਂ ਜੋ ਰਹਿੰਦਾ ਹਰਿਆ ਭਰਿਆ ਹੈ।
ਢਲਦੀ ਉਮਰੇ ਬਣ ਜਾ ਤੂੰ ਦਿਲਦਾਰ ਬਜ਼ੁਰਗਾਂ ਦਾ
ਸਾਰੇ ਰਲ ਕੇ ਕਰੀਏ ਹੁਣ ਸਤਿਕਾਰ ਬਜ਼ੁਰਗਾਂ ਦਾ
ਇਹ ਸਾਡਾ ਸਰਮਾਇਆ ਸਾਂਭੋ ਦੇਰ ਨ ਕਰਿਓ ਜੀ।
ਦੇਣ ਅਸੀਸਾਂ ਰਹਿਮਤ ਦੇ ਨਾਲ ਝੋਲੀ ਭਰਿਓ ਜੀ। ਜ਼ਿੰਦਗੀ ਭਰ ਨਹੀਂ ਭੁੱਲਦਾ ਜੋ ਕਿਰਦਾਰ ਬਜ਼ੁਰਗਾਂ ਦਾ ਸਾਰੇ ਰਲ ਕੇ ਕਰੀਏ ਹੁਣ ਸਤਿਕਾਰ ਬਜ਼ੁਰਗਾਂ ਦਾ।
ਇੱਕ ਖੁਸ਼ੀ ਦੇ ਇਹਨਾਂ ਨੂੰ ਆਪਾਂ ਚਾਰ ਲੈਣੀਆਂ ਨੇ। ਹੋਈਆਂ ਭੁੱਲਾਂ ਚੁੱਕਾਂ ਸਭ ਸੁਧਾਰ ਲੈਣੀਆਂ ਨੇ।
ਵੱਖਰਾ ਹੀ ਹੁੰਦਾ ਹੈ ਇੱਕ ਸੰਸਾਰ ਬਜ਼ੁਰਗਾਂ ਦਾ।
ਸਾਰੇ ਰਲ ਕੇ ਕਰੀਏ ਹੁਣ ਸਤਿਕਾਰ ਬਜ਼ੁਰਗਾਂ ਦਾ
ਉਂਗਲੀ ਫੜਕੇ ਚੱਲਣਾ ਸਾਨੂੰ ਇਹਨਾਂ ਸਿਖਾ ਦਿੱਤਾ। ਜ਼ਿੰਦਗੀ ਜਿਊਣ ਦਾ ਮੰਤਰ ਸਾਨੂੰ ਆਪ ਪੜ੍ਹਾ ਦਿੱਤਾ ਬਾਲੀ ਮੁਬਾਰਕਪੁਰੀਆ ਕਰਜ਼ਦਾਰ ਬਜ਼ੁਰਗਾਂ ਦਾ। ਸਾਰੇ ਰਲਕੇ ਕਰੀਏ ਹੁਣ ਸਤਿਕਾਰ ਬਜ਼ੁਰਗਾਂ ਦਾ।

-ਦੇਸ ਰਾਜ ਬਾਲੀ,ਪਿੰਡ ਮੁਬਾਰਕਪੁਰ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

## ਕਵਿਤਾ

ਮੀਂਹ ਦੀਆਂ ਕਣੀਆਂ ਆ ਰਹੀਆਂ ਨੇ,
ਰੌਣਕ ਮੇਲਾ ਲਾ ਰਹੀਆਂ ਨੇ।
ਮਚਦੀ ਗਰਮੀਂ ਦੂਰ ਹੋ ਗਈ,
ਸਭ ਤਾਂਈਂ ਠੰਡ ਪੁਚਾ ਰਹੀਆਂ ਨੇ।
ਸ਼ਾਂਤ ਸੁਭਾਅ ਏ ਵੱਡਾ ਗਹਿਣਾ ,
ਹਰਿਆਵਲ ਵਧਾ ਰਹੀਆਂ ਨੇ ।
ਚਾਰੇ ਪਾਸੇ ਕਿਣਮਿਣ ਚਲਦੀ,
ਅਨਮੋਲ ਸੰਦੇਸ਼ ਫੈਲਾ ਰਹੀਆਂ ਨੇ।
ਹਰਿਆਵਲ ਝੂਮ ਰਹੀ ਖੁਸ਼ ਹੋ ਕੇ,
ਸਭਨਾਂ ਦੀ ਪਿਆਸ ਬੁਝਾ ਰਹੀਆਂ ਨੇ।
ਪ੍ਰਦੂਸ਼ਣ ਵੀ ਸਾਫ ਹੋ ਰਿਹੈ,
ਕਿਣਮਿਣ ਖੂਬ ਵਹਾ ਰਹੀਆਂ ਨੇ।
ਏ ,ਸੀ ਕੂਲਰ ਵੀ ਰੁਕ ਗਏ ਨੇ,
ਬਿਜਲੀ ਪਾਵਰ ਬਚਾ ਰਹੀਆਂ ਨੇ।

ਪਸ਼ੂ ਪੰਛੀ ਵੀ ਖੁਸ਼ ਹੋ ਰਹੇ ਨੇ,
ਮੌਸਮ ਠੰਡਾ ਬਣਾ ਰਹੀਆਂ ਨੇ।
ਬੱਚੇ ਬੱਚੀਆਂ ਹੱਸਣ ਖੇਡਣ,
ਰੌਣਕਾਂ ਖੂਬ ਵਧਾ ਰਹੀਆਂ ਨੇ ।
ਪਾਣੀ ਪਿਤਾ ਦੀ ਸੇਵਾ ਕਰਕੇ,
ਧਰਤੀ ਮਾਂ ਸ਼ਾਂਤ ਕਰਾ ਰਹੀਆਂ ਨੇ।
'ਲਹਿਰੀ' ਘਰ ਘਰ ਰੌਣਕਾਂ ਵਰਸਣ,
ਵੱਡਾ ਪੁੰਨ ਕਮਾ ਰਹੀਆਂ ਨੇ।
ਆਲਾ ਦੁਆਲਾ ਸੁੰਦਰ ਹੋਇਆ,
ਖੁਸ਼ੀਆਂ ਖੂਬ ਖਿੰਡਾ ਰਹੀਆਂ ਨੇ।
ਮੀਂਹ ਦੀਆਂ ਕਣੀਆਂ ਆ ਰਹੀਆਂ ਨੇ,
ਰੌਣਕ ਮੇਲਾ ਲਾ ਰਹੀਆਂ ਨੇਂ ।

-ਪਾਲ ਸਿੰਘ ਲਹਿਰੀ

## .ਗ਼ਜ਼ਲ

ਅਰਧਗਤੀ ਨੂੰ ਪੂਰਨਤਾ ਦਾ ਇੱਕ ਆਦੇਸ਼ ਜਿਊਂਦਾ ਰੱਖਦੈ।
ਸਾਡੇ ਅੰਦਰ ਜਿਉਂਦਾ ਸੁਪਨਾ ਹੀ ਆਵੇਸ਼ ਜਿਊਂਦਾ ਰੱਖਦੈ।



ਸਾਹਾਂ ਅੰਦਰ ਘੁਲ? ਜਾਵਣ ਦੀ ਅਹਿਸਾਸਾਂ ਨੂੰ ਪੁੱਠ ਦੇਂਦੈ ਜੋ,
ਉਸਦੇ ਨੈਣਾਂ ਵਿੱਚੋਂ ਉਪਜਿਆ ਇੱਕ ਸੰਦੇਸ਼ ਜਿਊਂਦਾ ਰੱਖਦੈ।
ਇਸ਼ਕਾ ਤੇਰੀ ਨਗਰੀ ਵਿੱਚੋਂ ਹੋ ਕੇ ਤੁਰ ਗਏ ਲੱਖਾਂ ਪਾਂਧੀ,
ਇੱਕ ਸਮਰਪਣ ਹੀ ਜੀਵਨ ਦਾ ਹਰ ਅਵਸ਼ੇਸ਼ ਜਿਊਂਦਾ ਰੱਖਦੈ।
ਅਗਲਾ ਜਨਮ ਉਡੀਕਣ ਵਾਲੇ ਏਸ ਜਨਮ ਵਿੱਚ ਖੁੰਝੇ ਫਿਰਦੇ,
ਉਂਵ ਆਖੋ ਤਾਂ ਉਹਨਾਂ ਨੂੰ ਵੀ ਕਾਲ-ਵਿਸ਼ੇਸ਼ ਜਿਊਂਦਾ ਰੱਖਦੈ।
ਇੱਕ-ਤਰਫ਼ਾ ਇਕਰਾਰ ਕਰੋ ਨਾ ਇਹ ਪੀੜਾਂ ਦਾ ਦਰਵਾਜ਼ਾ ਏ,
ਅੰਤਰ-ਮਨ ਵਿੱਚ ਸਦੀਆਂ ਤੋਂ ਹੀ ਰੋਜ਼ ਕਲੇਸ਼ ਜਿਊਂਦਾ ਰੱਖਦੈ।
ਕੁਦਰਤ ਵਰਗੀ ਕਵਿਤਾ-ਸ਼ੈਲੀ ਸਾਹਾਂ ਵਰਗੇ ਅੱਖਰਜੋੜ,
ਨੱਕਾਸ਼ੀ ਦਾ ਹੁਨਰ ਪਿਆਰਾ ਇੱਕ ਦਰਵੇਸ਼ ਜਿਊਂਦਾ ਰੱਖਦੈ।
ਜਿਸਦੇ ਖ਼ੂਨ 'ਚ ਸਿੰਜੇ ਪੌਦੇ ਛਾਵਾਂ ਵੰਡਣ, ਫਲ-ਫੁੱਲ ਦੇਵਣ,
ਉਸ ਮਾਲੀ ਨੂੰ ਬਾਗ਼ ਹੀ ਨਹੀਂ ਸਾਰਾ ਦੇਸ਼ ਜਿਊਂਦਾ ਰੱਖਦੈ।

-ਨੱਕਾਸ਼ ਚਿੱਤੇਵਾਣੀ

# ਡੀਸੀ ਡਾ. ਵਿਵੇਕ ਭਾਰਤੀ ਨੇ ਢਾਣੀ ਜਾਖਣ ਦਾਦੀ ਦੇ ਸਰਕਾਰੀ ਸੈਕੰਡਰੀ ਸਕੂਲ ਦਾ ਕੀਤਾ ਨਿਰੀਖਣ

ਪੈਗਾਮ-ਏ-ਜਗਤ
ਰਤੀਆ, 30 ਸਤੰਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

- **ਨਵੇਂ ਬਣੇ ਕਮਰੇ ਦਾ ਕੀਤਾ ਉਦਘਾਟਨ, ਸਕੂਲ ਵਿੱਚ ਪੌਦਾ ਲਗਾ ਕੇ ਦਿੱਤਾ ਵਾਤਾਵਰਣ ਸੁਰੱਖਿਆ ਦਾ ਸੰਦੇਸ਼**



ਡਿਪਟੀ ਕਮਿਸ਼ਨਰ ਫਤਿਹਾਬਾਦ ਡਾ. ਵਿਵੇਕ ਭਾਰਤੀ ਨੇ ਬੁੱਧਵਾਰ ਨੂੰ ਰਤੀਆ ਉਪਮੰਡਲ ਦੇ ਪਿੰਡ ਢਾਣੀ ਜਾਖਣ ਦਾਦੀ ਸਥਿਤ ਸਰਕਾਰੀ ਸੈਕੰਡਰੀ ਸਕੂਲ ਦਾ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਕੂਲ ਦੇ ਨਵੇਂ ਬਣੇ ਕਮਰੇ ਦਾ ਉਦਘਾਟਨ ਕੀਤਾ ਅਤੇ ਸਕੂਲ ਕੈਂਪਸ ਵਿੱਚ ਪੌਦਾ ਲਗਾ ਕੇ ਵਾਤਾਵਰਣ ਸੁਰੱਖਿਆ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਸਕੂਲ ਵਿੱਚ ਉਪਲਬਧ ਸਹੂਲਤਾਂ ਦਾ ਜਾਇਜ਼ਾ ਲੈਂਦਿਆਂ ਮਿਡ-ਡੇ ਮੀਲ ਵਿਵਸਥਾ ਅਤੇ ਕਲਾਸਾਂ ਦਾ ਨਿਰੀਖਣ ਕੀਤਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰ ਉਨ੍ਹਾਂ ਦੀ ਪੜ੍ਹਾਈ ਅਤੇ ਵਿਦਿਅਕ ਗਤੀਵਿਧੀਆਂ ਬਾਰੇ ਜਾਣਕਾਰੀ ਲਈ।

ਡਿਪਟੀ ਕਮਿਸ਼ਨਰ ਡਾ. ਵਿਵੇਕ ਭਾਰਤੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਿਆ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਦਾ ਮਹੱਤਵਪੂਰਨ ਮਾਧਿਅਮ ਹੈ। ਸਾਰੇ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ ਅਤੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਲਗਾਤਾਰ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਅਨੁਸ਼ਾਸਨ, ਲਗਨ ਅਤੇ ਸਕਾਰਾਤਮਕ ਸੋਚ ਨਾਲ ਅੱਗੇ ਵਧਣ ਅਤੇ ਜੀਵਨ ਵਿੱਚ ਨਵੀਆਂ ਉਚਾਈਆਂ ਨੂੰ ਛੂਹ ਕੇ ਆਪਣੇ ਸਕੂਲ, ਪਿੰਡ, ਜ਼ਿਲ੍ਹੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਧਿਆਪਕਾਂ ਅਤੇ ਸਕੂਲ ਦੇ ਮਾਹੌਲ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਸ ਲਈ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਚੰਗੇ ਸੰਸਕਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ। ਨਿਰੀਖਣ ਦੌਰਾਨ ਡਿਪਟੀ ਕਮਿਸ਼ਨਰ ਨੇ ਸਕੂਲ ਵਿੱਚ ਵਿਦਿਅਕ ਪ੍ਰਬੰਧਾਂ ਅਤੇ ਵਿਦਿਆਰਥੀਆਂ ਨੂੰ ਉਪਲਬਧ ਕਰਵਾਈਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਉੱਜਵਲ ਭਵਿੱਖ ਦੇ ਨਿਰਮਾਣ ਲਈ ਨਿਰੰਤਰ ਯਤਨ ਕਰਨ ਅਤੇ ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਐਸਡੀਐਮ ਸੁਰਿੰਦਰ ਸਿੰਘ, ਨਾਇਬ ਤਹਿਸੀਲਦਾਰ ਬਲਵਾਨ ਸਿੰਘ, ਬੀਈਓ ਸ਼ਸ਼ੀ ਪ੍ਰਕਾਸ਼, ਉਪ ਨਿਦੇਸ਼ਕ ਅਤੇ ਡੀਆਈਪੀਆਰਓ ਅਮਿਤ ਪੰਵਾਰ, ਡੀਪੀਸੀ ਬਲਵਾਨ ਸਿੰਘ, ਪ੍ਰਿੰਸੀਪਲ ਤਰੁਣ ਗਰਗ, ਮੁੱਖ ਅਧਿਆਪਕ ਸੰਦੀਪ ਸੰਧਾ, ਏਬੀਆਰਸੀ ਕੁਲਦੀਪ ਸਿੰਘ, ਸਰਪੰਚ ਸਤਪਾਲ ਸਿੰਘ, ਮੈਂਬਰ ਜਗਸੀਰ ਸਿੰਘ ਆਦਿ ਮੌਜੂਦ ਰਹੇ।

# ਵਿਦਿਆਰਥੀਆਂ ਨੂੰ ਫਾਇਰ ਸੇਫਟੀ, ਸਿਲੰਡਰਾਂ, ਗੈਸਾਂ, ਬਿਜਲੀ, ਪੈਟਰੋਲੀਅਮ ਪਦਾਰਥਾਂ ਦੀ ਠੀਕ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ

ਪਟਿਆਲਾ, 30 ਸਤੰਬਰ
(ਪੈ.ਗਾਮ-ਏ-ਜਗਤ)




ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਅਤੇ ਰੈੱਡ ਕਰਾਸ ਦੇ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਕਾਕਾ ਰਾਮ ਵਰਮਾ ਵਲੋਂ ਹਰਰੋਜ ਵਿਦਿਆਰਥੀਆਂ, ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਆਪਣੀ ਸੁਰੱਖਿਆ, ਬਚਾਓ, ਹਾਦਸੇ ਘਟਾਉਣ, ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਦੀ ਆਫ਼ਤ ਪ੍ਰਬੰਧਨ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਦੀਆਂ ਟ੍ਰੇਨਿੰਗਾਂ ਦਿੱਤੀਆਂ ਜਾ ਰਹੀਆਂ ਹਨ। ਦਿੱਲੀ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਸ਼੍ਰੀ ਸੰਤੋਸ਼ ਸ਼ੁਕਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਫਾਇਰ ਸੇਫਟੀ, ਗੈਸਾਂ, ਬਿਜਲੀ, ਪੈਟਰੋਲੀਅਮ ਪਦਾਰਥਾਂ ਦੀ ਅੱਗਾਂ ਨੂੰ ਕੰਟਰੋਲ ਕਰਨ, ਇਨ੍ਹਾਂ ਦੀ ਠੀਕ ਵਰਤੋਂ ਅਤੇ ਐਮਰਜੈਂਸੀ ਦੌਰਾਨ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਦੀ ਟ੍ਰੇਨਿੰਗ ਦਿੱਤੀ। ਸ਼੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਟ੍ਰੇਨਿੰਗ ਅਤੇ ਅਭਿਆਸ ਦੀ ਕਮੀਂ ਕਾਰਨ, 95% ਦੁਰਘਟਨਾਵਾਂ ਗਲਤੀਆਂ, ਲਾਪਰਵਾਹੀਆਂ, ਕਾਹਲੀ ਕਾਰਨ ਹੋ ਰਹੀਆਂ ਇਸ ਲਈ ਬਿਜਲੀ, ਪੈਟਰੋਲੀਅਮ, ਗੈਸਾਂ, ਅੱਗਾਂ ਲਗਣ ਵਾਲੀਆਂ ਚੀਜ਼ਾਂ ਦੀ ਠੀਕ ਵਰਤੋਂ ਬਾਰੇ ਟ੍ਰੇਨਿੰਗਾਂ, ਅਭਿਆਸ ਜ਼ਰੂਰ ਲੈਣੇ ਚਾਹੀਦੇ ਹਨ। ਉਨ੍ਹਾਂ ਨੇ ਅੱਗਾਂ ਅਤੇ ਸਿਲੰਡਰਾਂ ਦੀਆਂ ਕਿਸਮਾਂ, ਇਨ੍ਹਾਂ ਦੀ ਠੀਕ ਵਰਤੋਂ ਬਾਰੇ ਜਾਣਕਾਰੀ ਦਿੱਤੀ। ਡਾਕਟਰ ਰਿਸ਼ਮਾਂ ਕੌਹਲੀ ਮੈਡੀਕਲ ਅਫ਼ਸਰ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਸਤਿਕਾਰਯੋਗ ਪ੍ਰਿੰਸੀਪਲ ਜੀ ਵਲੋਂ ਚੰਗੇਰੇ ਸਿਖਿਆ ਖੇਡਾਂ ਸੁਰੱਖਿਆ ਦੇ ਨਾਲ ਹਾਦਸੇ, ਜਾਂਨੀ ਮਾਲੀ ਨੁਕਸਾਨਾਂ ਨੂੰ ਘਟਾਉਣ ਦੀਆਂ ਟ੍ਰੇਨਿੰਗਾਂ, ਸਮਾਜ ਸੇਵੀ ਦੀਆਂ ਭਾਵਨਾਵਾਂ ਵਿਚਾਰ ਵੀ ਦਿੱਤੇ ਜਾਂਦੇ ਹਨ। ਸ਼੍ਰੀ ਕਾਕਾ ਰਾਮ ਵਰਮਾ ਜੀ ਵਲੋਂ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ, ਪੀੜਤਾਂ ਨੂੰ ਰੈਸਕਿਯੂ ਟਰਾਂਸਪੋਰਟ ਕਰਨ ਦੀਆਂ ਟ੍ਰੇਨਿੰਗਾਂ ਦਿੱਤੀਆਂ ਜਾਂਦੀਆਂ ਹਨ ਜਿਸ ਸਦਕਾ ਉਨ੍ਹਾਂ ਵਲੋਂ ਚੀਜ਼ਾਂ ਦੀ ਵਰਤੋਂ ਸਾਵਧਾਨੀਆਂ ਨਾਲ ਕੀਤੀ ਜਾਂਦੀ ਹੈ, ਸ਼੍ਰੀ ਕਾਕਾ ਰਾਮ ਵਰਮਾ ਨੇ ਕਿਹਾ ਕਿ ਭਵਿੱਖ ਵਿੱਚ ਸੇਫਟੀ, ਸਿਹਤ, ਇਨਸਾਨੀਅਤ, ਪ੍ਰੇਮ ਹਮਦਰਦੀ, ਅਨੁਸ਼ਾਸਨ ਦੇ ਨਿਯਮਾਂ, ਕਾਨੂੰਨਾਂ, ਅਸੂਲਾਂ ਦੀ ਪੂਰੀ ਜਾਣਕਾਰੀ ਅਤੇ ਪਾਲਣਾ ਕਰਕੇ ਹੀ ਸੁਰਖਿਅਤ, ਖੁਸ਼ਹਾਲ ਰਿਹਾ ਜਾ ਸਕਦਾ ਹੈ।

# ਪੀਐਸਪੀਸੀਐੱਲ ਵੱਲੋਂ ਖੇਤੀਬਾੜੀ ਟਿਊਬਵੈੱਲਾਂ ਦੇ ਅਣਅਧਿਕਾਰਤ ਵਾਧੂ ਲੋਡ ਨੂੰ ਨਿਯਮਤ ਕਰਨ ਲਈ (ਵੀਡੀਐੱਸ) ਸਕੀਮ ਲਾਗੂ

ਪਟਿਆਲਾ, 30 ਸਤੰਬਰ
(ਪੈ.ਗਾਮ-ਏ-ਜਗਤ)

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐੱਲ) ਵੱਲੋਂ ਖੇਤੀਬਾੜੀ ਟਿਊਬਵੈੱਲ (ਏਪੀ) ਖਪਤਕਾਰਾਂ ਦੇ ਅਣਅਧਿਕਾਰਤ ਵਾਧੂ ਲੋਡ ਨੂੰ ਨਿਯਮਤ ਕਰਨ ਲਈ ਵਲੰਟਰੀ ਡਿਸਕਲੋਜ਼ਰ ਸਕੀਮ (ਵੀਡੀਐੱਸ) ਲਾਗੂ ਕੀਤੀ ਗਈ ਹੈ। ਇਹ ਸਕੀਮ 1 ਅਕਤੂਬਰ 2026 ਤੋਂ 45 ਦਿਨਾਂ ਲਈ ਲਾਗੂ ਰਹੇਗੀ।

ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੀਐਸਪੀਸੀਐੱਲ ਮੈਨੇਜਮੈਂਟ ਵੱਲੋਂ ਜਾਰੀ ਕਮਰਸ਼ੀਅਲ ਸਰਕੂਲਰ ਨੰਬਰ 37/2026 ਅਨੁਸਾਰ ਇਹ ਸਕੀਮ 29 ਮਈ 2026 ਤੱਕ ਮੌਜੂਦ ਖੇਤੀਬਾੜੀ ਟਿਊਬਵੈੱਲ ਖਪਤਕਾਰਾਂ 'ਤੇ ਲਾਗੂ ਹੋਵੇਗੀ। ਇਸ ਸਕੀਮ ਤਹਿਤ ਖਪਤਕਾਰ ਆਪਣੇ ਕੁਨੈਕਸ਼ਨ 'ਤੇ ਮੌਜੂਦ ਅਣਅਧਿਕਾਰਤ ਵਾਧੂ ਲੋਡ ਨੂੰ ਨਿਰਧਾਰਤ ਪ੍ਰਕਿਰਿਆ ਅਨੁਸਾਰ ਨਿਯਮਤ ਕਰਵਾ ਸਕਣਗੇ।

**ਸਮਰੱਥਾ ਵਧਾਉਣ ਦੇ ਮਾਮਲੇ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ 'ਤੇ ਨਿਪਟਾਏ ਜਾਣਗੇ**

*ਪੀਐਸਪੀਸੀਐੱਲ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਿਰਧਾਰਤ 45 ਦਿਨਾਂ ਦੀ ਮਿਆਦ ਦੌਰਾਨ ਵੀਡੀਐੱਸ ਦਾ ਲਾਭ ਲੈ ਕੇ ਆਪਣੇ ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨਾਂ 'ਤੇ ਮੌਜੂਦ ਅਣਅਧਿਕਾਰਤ ਵਾਧੂ ਲੋਡ ਨੂੰ ਨਿਯਮਾਂ ਅਨੁਸਾਰ ਨਿਯਮਤ ਕਰਵਾਉਣ। ਸਮਰੱਥਾ ਵਧਾਉਣ ਨਾਲ ਸਬੰਧਤ ਮਾਮਲੇ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ 'ਤੇ ਨਿਪਟਾਏ ਜਾਣਗੇ। ਇਸ ਤੋਂ ਇਲਾਵਾ, ਜੇਕਰ ਵਾਧੂ ਲੋਡ ਨੂੰ ਨਿਯਮਤ ਕਰਨ ਲਈ ਸਰਵਿਸ ਲਾਈਨ, ਕੇਬਲ ਜਾਂ ਟਰਾਂਸਫਾਰਮਰ ਦੀ ਸਮਰੱਥਾ ਵਧਾਉਣ ਦੀ ਲੋੜ ਪੈਂਦੀ ਹੈ ਤਾਂ ਇਹ ਕੰਮ ਪੀਐਸਪੀਸੀਐੱਲ ਵੱਲੋਂ ਆਪਣੇ ਖਰਚੇ 'ਤੇ ਕੀਤਾ ਜਾਵੇਗਾ।*

ਸਰਕੂਲਰ ਅਨੁਸਾਰ ਇਸ ਸਕੀਮ ਤਹਿਤ ਵਾਧੂ ਲੋਡ ਨੂੰ ਨਿਯਮਤ ਕਰਨ ਲਈ ਹੁਣ ਸਰਵਿਸ ਕੁਨੈਕਸ਼ਨ ਚਾਰਜ 2,500 ਰੁਪਏ ਪ੍ਰਤੀ ਹਾਰਸ ਪਾਵਰ ਨਿਰਧਾਰਤ ਕੀਤਾ ਗਿਆ ਹੈ, ਜਦਕਿ ਇਸ ਸਕੀਮ ਤੋਂ ਪਹਿਲਾਂ ਆਮ ਦਰ 6,572 ਰੁਪਏ ਪ੍ਰਤੀ ਹਾਰਸ ਪਾਵਰ ਸੀ। ਇਸੇ ਤਰ੍ਹਾਂ ਹੁਣ ਸਕਿਊਰਿਟੀ ਰਾਸ਼ੀ 200 ਰੁਪਏ ਪ੍ਰਤੀ ਹਾਰਸ ਪਾਵਰ ਨਿਰਧਾਰਤ ਕੀਤੀ ਗਈ ਹੈ, ਜਦਕਿ ਪਹਿਲਾਂ ਆਮ ਦਰ 400 ਰੁਪਏ ਪ੍ਰਤੀ ਹਾਰਸ ਪਾਵਰ ਸੀ। ਜਾਰੀ ਹੁਕਮਾਂ ਅਨੁਸਾਰ ਖਪਤਕਾਰ ਆਪਣੇ ਖੇਤੀਬਾੜੀ ਟਿਊਬਵੈੱਲ ਦੇ ਅਣਅਧਿਕਾਰਤ ਲੋਡ ਨੂੰ ਹਟਾ ਸਕਦਾ ਹੈ ਜਾਂ ਲੋੜੀਂਦੀ ਰਾਸ਼ੀ ਜਮ੍ਹਾਂ ਕਰਵਾ ਕੇ ਵੀਡੀਐੱਸ ਤਹਿਤ ਇਸ ਨੂੰ ਨਿਯਮਤ ਕਰਵਾ ਸਕਦਾ ਹੈ। ਖਪਤਕਾਰ ਵੱਲੋਂ ਸਵੈ-ਘੋਸ਼ਣਾ ਲਈ ਨਿਰਧਾਰਤ ਫਾਰਮ 1 ਭਰਨਾ ਹੋਵੇਗਾ ਅਤੇ ਜੇਕਰ ਕਾਰਵਾਈ ਖਪਤਕਾਰ ਦੇ ਕਿਸੇ ਹੋਰ ਪ੍ਰਤੀਨਿਧੀ ਰਾਹੀਂ ਕੀਤੀ ਜਾਂਦੀ ਹੈ ਤਾਂ ਉਸ ਵੱਲੋਂ ਫਾਰਮ 2 ਅਨੁਸਾਰ ਅੰਡਰਟੇਕਿੰਗ ਵੀ ਦੇਣੀ ਹੋਵੇਗੀ। ਇਸ ਸਕੀਮ ਤਹਿਤ ਫੀਲਡ ਅਧਿਕਾਰੀ ਅਤੇ ਇਨਫੋਰਸਮੈਂਟ ਟੀਮਾਂ ਖੇਤੀਬਾੜੀ ਖਪਤਕਾਰਾਂ ਦੇ ਕੁਨੈਕਸ਼ਨਾਂ ਦੀ ਜਾਂਚ ਕਰਕੇ ਜੁੜੇ ਹੋਏ ਲੋਡ ਦੀ ਤਸਦੀਕ ਕਰਨਗੀਆਂ ਅਤੇ ਅਣਅਧਿਕਾਰਤ ਲੋਡ ਦੀ ਸਹੀ ਅਸੈਸਮੈਂਟ ਵਿੱਚ ਖਪਤਕਾਰਾਂ ਦੀ ਸਹਾਇਤਾ ਕਰਨਗੀਆਂ। ਵੀਡੀਐੱਸ ਦੀ ਮਿਆਦ ਦੌਰਾਨ ਜਾਂਚ ਦੌਰਾਨ ਸਾਹਮਣੇ ਆਏ ਜਾਂ ਖਪਤਕਾਰ ਵੱਲੋਂ ਖੁਦ ਘੋਸ਼ਿਤ ਕੀਤੇ ਅਣਅਧਿਕਾਰਤ ਲੋਡ 'ਤੇ ਕੋਈ ਪੈਨਲਟੀ ਜਾਂ ਲੋਡ ਸਰਚਾਰਜ (ਜੁਰਮਾਨਾ) ਨਹੀਂ ਲਗਾਇਆ ਜਾਵੇਗਾ।

# ਅਸਟੇਟ ਆਫ਼ਿਸ ਵਿੱਚ ਲੰਬਿਤ ਮਾਮਲਿਆਂ, ਡਿਜ਼ੀਟਲ ਪਹਿਲਾਂ ਅਤੇ ਜਨ ਸ਼ਿਕਾਇਤਾਂ ਦੀ ਸਮੀਖਿਆ

ਚੰਡੀਗੜ੍ਹ, 30 ਸਤੰਬਰ
(ਪੈ.ਗਾਮ-ਏ-ਜਗਤ)



ਅਫ਼ਸਰ, ਯੂ.ਟੀ. ਚੰਡੀਗੜ੍ਹ ਨੇ ਅਸਟੇਟ ਆਫ਼ਿਸ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਸ਼ਾਖਾ-ਵਾਰ ਲੰਬਿਤ ਮਾਮਲਿਆਂ, ਆਟੋ-ਮਿਊਟੇਸ਼ਨ ਦੀ ਪ੍ਰਗਤੀ, ਡਿਜੀਟਲ

- **ਨਿਸ਼ਾਂਤ ਕੁਮਾਰ ਯਾਦਵ ਆਈਏਐੱਸ ਡਿਪਟੀ ਕਮਿਸ਼ਨਰ-ਅਤੇ-ਇਸਟੇਟ**

ਸੇਵਾਵਾਂ, ਰਿਕਾਰਡ ਪ੍ਰਬੰਧਨ ਅਤੇ ਜਨ ਸ਼ਿਕਾਇਤਾਂ ਦੇ ਨਿਵਾਰਣ ਦੀ ਸਮੀਖਿਆ ਕੀਤੀ ਗਈ।

**ਮੀਟਿੰਗ ਵਿੱਚ ਚੇਅਰਮੈਨ ਨੂੰ ਨਿਮਨਲਿਖਤ ਜਾਣਕਾਰੀ ਦਿੱਤੀ ਗਈ**

**ਲੰਬਿਤ ਮਾਮਲੇ:** ਸਾਰੀਆਂ ਸ਼ਾਖਾਵਾਂ ਵਿੱਚ ਕੁੱਲ 230 ਅਰਜ਼ੀਆਂ ਲੰਬਿਤ ਹਨ ਅਤੇ ਇਹ ਸਾਰੀਆਂ ਨਿਰਧਾਰਿਤ ਸਮਾਂ-ਸੀਮਾ ਦੇ ਅੰਦਰ ਹਨ। ਅਸਟੇਟ ਅਫ਼ਸਰ ਨੇ ਸਾਰੀਆਂ ਸ਼ਾਖਾਵਾਂ ਅਤੇ ਅਧਿਕਾਰੀਆਂ ਨੂੰ ਬਾਕੀ ਮਾਮਲਿਆਂ ਦਾ ਨਿਰਧਾਰਿਤ ਸਮੇਂ ਵਿੱਚ ਨਿਪਟਾਰਾ ਕਰਨ ਅਤੇ ਸਬੰਧਿਤ ਧਿਰਾਂ ਅਤੇ ਹੋਰ ਵਿਭਾਗਾਂ ਤੋਂ ਜਵਾਬ ਦੀ ਉਡੀਕ ਕਰ ਰਹੇ ਕੁਝ ਮਾਮਲਿਆਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।

**ਆ ਟੋ - ਮਿ ਊ ਟੇ ਸ਼ ਨ:** 07.07.2025 ਨੂੰ ਇਹ ਸੁਵਿਧਾ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ 2,031 ਦਸਤਾਵੇਜ਼ ਪ੍ਰਾਪਤ ਹੋਏ ਹਨ।01.05.2026 ਅਤੇ 23.09.2026 ਦੇ ਦਰਮਿਆਨ ਪ੍ਰਾਪਤ 600 ਦਸਤਾਵੇਜ਼ਾਂ ਵਿੱਚੋਂ 552 ਦਾ ਨਿਪਟਾਰਾ ਕੀਤਾ ਗਿਆ ਹੈ-543 ਮਨਜ਼ੂਰ ਅਤੇ 9 ਨਾਮਨਜ਼ੂਰ। 33 ਦਸਤਾਵੇਜ਼ ਇਤਰਾਜ਼ਾਂ ਸਮੇਤ ਵਾਪਸ ਭੇਜੇ ਗਏ ਹਨ ਅਤੇ 15 'ਤੇ ਕਾਰਵਾਈ ਜਾਰੀ ਹੈ।

**ਡਿਜੀਟਲ ਪਹਿਲ: ਇਸਟੇਟ ਆਫ਼ਿਸ ਨਾਗਰਿਕਾਂ ਨੂੰ ਬਿਨਾ**

ਦਫ਼ਤਰ ਦੇ ਗ਼ੈਰਜ਼ਰੂਰੀ ਚੱਕਰ ਲਗਾਏ ਸੁਵਿਧਾਜਨਕ ਸੇਵਾਵਾਂ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਪ੍ਰਾਪਰਟੀ ਗਵਰਨੈਂਸ ਨੂੰ 'ਫੇਸਲੈੱਸ','ਪੇਪਰਲੈੱਸ' ਅਤੇ ਪਾਰਦਰਸ਼ੀ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਅੱਗੇ ਵਧ ਰਿਹਾ ਹੈ।

**ਰਿਕਾਰਡ ਪ੍ਰਬੰਧਨ:** ਸ਼ਾਖਾਵਾਂ ਨੂੰ ਸ਼ਾਖਾ-ਵਾਰ ਸੂਚੀਆਂ (ਇਨਵੈਂਟਰੀਜ਼) ਤਿਆਰ ਕਰਨ, ਆਪਣੇ ਰਿਕਾਰਡਾਂ 'ਤੇ ਲੇਬਲ ਲਗਾਉਣ ਅਤੇ ਸਕੈਨ ਕੀਤੀਆਂ ਭੌਤਿਕ ਫਾਇਲਾਂ ਨੂੰ ਪੜਾਅਵਾਰ ਅਤੇ ਵਿਵਸਥਿਤ ਤਰੀਕੇ ਨਾਲ ਤਬਦੀਲ ਕਰਨ ਦੇ ਨਿਰਦੇਸ਼ ਦਿੱਤੇ ਗਏ, ਤਾਕਿ ਰਿਕਾਰਡ ਸੁਰੱਖਿਅਤ ਰਹਿਣ, ਜਗ?ਹਾ ਦਾ ਬਿਹਤਰ ਉਪਯੋਗ ਹੋਵੇ ਅਤੇ ਉਨ੍ਹਾਂ ਨੂੰ ਅਸਾਨੀ ਨਾਲ ਖੋਜਿਆ ਜਾ ਸਕੇ।

ਜਨਤਕ ਸ਼ਿਕਾਇਤਾਂ: ਅਸਟੇਟ ਆਫ਼ਿਸ ਨੇ ਵਰ੍ਹੇ 2025-26 ਅਤੇ 2026-27 ਦੇ ਦੌਰਾਨ ਸੀਆਈਏ ਸ਼ਾਖਾ ਵਿੱਚ ਪ੍ਰਾਪਤ ਸ਼ਿਕਾਇਤਾਂ ਅਤੇ ਪ੍ਰਤੀਬੇਨਤੀਆਂ ਦੀ ਸਥਿਤੀ ਦੀ ਸਮੀਖਿਆ ਕੀਤੀ।

ਅਧਿਕਾਰੀਆਂ ਨੂੰ ਸਮੇਂ 'ਤੇ ਕਾਰਵਾਈ ਰਿਪੋਰਟ ਪ੍ਰਸਤੁਤ ਕਰਨ, ਨਿਯਮਾਂ ਦੇ ਅਨੁਸਾਰ ਲੰਬਿਤ ਮਾਮਲਿਆਂ ਦਾ ਨਿਪਟਾਰਾ ਕਰਨ ਅਤੇ ਬਿਨੈਕਾਰਾਂ ਨੂੰ ਸਮੇਂ-ਸਮੇਂ 'ਤੇ ਜਾਣਕਾਰੀ ਦੇਣ ਦੇ ਨਿਰਦੇਸ਼ ਦਿੱਤੇ ਗਏ।

ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ, ਡਿਪਟੀ ਕਮਿਸ਼ਨਰ-ਅਤੇ-ਅਸਟੇਟ ਆਫ਼ਿਸਰ ਨੇ ਕਿਹਾ ਕਿ ਸੇਵਾਵਾਂ ਦੀ ਡਿਲਿਵਰੀ ਨਾਗਰਿਕ-ਕੇਂਦ੍ਰਿਤ, ਪਾਰਦਰਸ਼ੀ ਅਤੇ ਸਮਾਂਬੱਧ ਬਣੀ ਰਹਿਣੀ ਚਾਹੀਦੀ ਹੈ।

# ਸੀਨੀਅਰ ਸਿਟੀਜ਼ਨਾਂ ਲਈ ਸਹਾਇਕ ਉਪਕਰਣਾਂ ਦਾ ਮੁਫ਼ਤ ਕੈਂਪ ਸੰਪੰਨ

ਪੈਗਾਮ-ਏ-ਜਗਤ
ਰਤੀਆ (ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)



ਸੀਨੀਅਰ ਸਿਟੀਜ਼ਨਾਂ ਦੀ ਸਹਾਇਤਾ ਲਈ ਲਾਇਨਜ਼ ਕਲੱਬ ਰਤੀਆ ਸਿਟੀ, ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਟਰੱਸਟ ਅਤੇ ਬਿਗ ਹੋਪ ਫਾਊਂਡੇਸ਼ਨ ਬਰੇਟਾ ਅਤੇ ਆਸਰਾ ਫਾਊਂਡੇਸ਼ਨ ਬਰੇਟਾ ਦੀ ਦੇਖ-ਰੇਖ ਹੇਠ ਬਜ਼ੁਰਗਾਂ

- **ਕਮਿਊਨਿਟੀ ਸੈਂਟਰ ਵਿੱਚ 81 ਬਜ਼ੁਰਗਾਂ ਨੂੰ ਉਪਕਰਣ ਵੰਡੇ ਗਏ**

ਲਈ ਸਹਾਇਕ ਉਪਕਰਣਾਂ ਦਾ ਮੁਫ਼ਤ ਵੰਡ ਸਮਾਰੋਹ ਸਥਾਨਕ ਕਮਿਊਨਿਟੀ ਸੈਂਟਰ ਵਿੱਚ ਕੀਤਾ ਗਿਆ।

ਸਮਾਰੋਹ ਵਿੱਚ ਮੁੱਖ ਮਹਿਮਾਨ ਸ੍ਰੀ ਰਾਮ ਆਸ਼ਰਮ ਸ਼ਿਵ ਮੰਦਰ ਦੇ ਪ੍ਰਧਾਨ ਵਿਨੋਦ ਬਾਂਸਲ ਸਨ ਜਦੋਂ ਕਿ ਵਿਸ਼ੇਸ਼ ਮਹਿਮਾਨ ਵਜੋਂ ਐਸਡੀਐਮ ਸੁਰਿੰਦਰ ਸਿੰਘ ਪਹੁੰਚੇ। ਕਲੱਬ ਦੇ ਪ੍ਰਧਾਨ ਗੋਪਾਲ ਚੰਦ ਕੁਲਰੀਆਂ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਬੀਤੀ 13 ਅਗਸਤ ਨੂੰ ਲਗਾਏ ਗਏ ਕੈਂਪ ਵਿੱਚ ਚਿੰਨ੍ਹਤ ਕੀਤੇ ਗਏ 81 ਜ਼ਰੂਰਤਮੰਦ ਬਜ਼ੁਰਗਾਂ ਨੂੰ ਅੱਜ ਵਹੀਲ ਚੇਅਰ, ਕਮੋਡ ਕੁਰਸੀ, ਕੰਨਾਂ ਵਾਲੀ ਮਸ਼ੀਨ, ਸਰਵਾਈਕਲ ਕਾਲਰ, ਵਾਕਰ, ਬੈਸਾਖੀਆਂ, ਨੀ-ਕੈਪ, ਕਮਰ ਬੈਲਟ ਅਤੇ ਸੋਟੀ ਆਦਿ ਉਪਕਰਣ ਮੁਫ਼ਤ ਵੰਡੇ ਗਏ। ਆਸਰਾ ਫਾਊਂਡੇਸ਼ਨ ਬਰੇਟਾ ਦੇ ਪ੍ਰਧਾਨ ਗਿਆਨ ਚੰਦ ਕੁਲਰੀਆਂ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਸਾਡੀ ਸੰਸਥਾ ਅੱਖਾਂ ਦੇ ਮੁਫ਼ਤ ਆਪਰੇਸ਼ਨ ਕੈਂਪਾਂ ਸਮੇਤ ਦਿਵਿਆਂਗ ਵਿਅਕਤੀਆਂ ਦੀ ਸਹਾਇਤਾ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ। ਮੁੱਖ ਮਹਿਮਾਨ ਸ੍ਰੀ ਬਾਂਸਲ ਨੇ ਇਸ ਪੁੰਨ ਸੇਵਾ ਕੈਂਪ ਲਈ 31000/- ਰੁਪਏ ਦਾ ਸਹਿਯੋਗ ਕੀਤਾ ਜਦੋਂ ਕਿ ਦਿੱਲੀ ਤੋਂ ਪਹੁੰਚੇ ਲਾਇਨਜ਼ ਬੰਧੂ ਰਾਜੇਸ਼ ਸੇਠ ਅਤੇ ਹੰਸਰਾਜ ਪੁਜਾਰਾ ਨੇ ਵੀ 5100/- ਰੁਪਏ ਦਿੱਤੇ। ਐਸਡੀਐਮ ਸਾਹਿਬ ਨੇ ਕੈਂਪ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਬਜ਼ੁਰਗਾਂ ਦੀ ਸੇਵਾ ਰੱਬ ਦੀ ਸੇਵਾ ਹੈ। ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਕੈਂਪ ਦੇ ਜ਼ਰੀਏ ਬਜ਼ੁਰਗਾਂ ਦੇ ਦਰਸ਼ਨ ਕਰਕੇ ਧੰਨ ਹੋ ਗਿਆ ਹਾਂ। ਸੀਨੀਅਰ ਸਿਟੀਜ਼ਨ ਟਰੱਸਟ ਦੇ ਪ੍ਰਧਾਨ ਐਡਵੋਕੇਟ ਬਿੱਕਰ ਸਿੰਘ ਨੇ ਕਿਹਾ ਕਿ ਇਹ ਸਹਾਇਕ ਉਪਕਰਣ ਘਰ ਵਿੱਚ ਬੈਠੇ ਉਦਾਸ ਬਜ਼ੁਰਗਾਂ ਲਈ ਉਨ੍ਹਾਂ ਦਾ ਇੱਕ ਨਵਾਂ ਜੀਵਨ ਹੋਵੇਗਾ। ਰੀਜ਼ਨ ਚੇਅਰਮੈਨ ਪ੍ਰਦੀਪ ਬਾਂਸਲ ਨੇ ਜਿੱਥੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਉੱਥੇ ਚਾਹ-ਨਾਸ਼ਤਾ ਦੇ ਸਹਿਯੋਗ ਲਈ ਮਾਂ ਦੀ ਰਸੋਈ ਸੰਸਥਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ 'ਤੇ ਲਾਇਨਜ਼ ਕਲੱਬ ਦੇ ਸਕੱਤਰ ਗੁਰਚਰਨ ਦਾਸ ਅਰੋੜਾ, ਖਜ਼ਾਨਚੀ ਵਿਪਿਨ ਬਾਂਸਲ ਸਮੇਤ ਸੀਨੀਅਰ ਸਿਟੀਜ਼ਨ ਟਰੱਸਟ ਦੇ ਸਕੱਤਰ ਬਲਿੰਦਰ ਸ਼ਰਮਾ, ਖਜ਼ਾਨਚੀ ਰਾਮਪਾਲ ਜਿੰਦਲ, ਸ਼ੀਸ਼ਨ ਪਾਲ ਮੰਗਲਾ ਸਮੇਤ ਪਤਵੰਤੇ ਵਿਅਕਤੀ ਵੀ ਮੌਜੂਦ ਸਨ।

# ਇਕਹਿਰੀ ਵਰਤੋਂ ਵਾਲੇ ਪਲਾਸਟਿਕ ਵਿਰੁੱਧ ਜਾਗਰੂਕਤਾ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਨਿਗਮ ਵੱਲੋਂ ਨੁੱਕੜ ਨਾਟਕ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)



ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫ਼ਤਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਨਗਰ ਨਿਗਮ ਮੋਹਾਲੀ ਦੇ ਸਹਿਯੋਗ ਨਾਲ ਅੱਜ ਮੋਹਾਲੀ ਦੇ ਵੱਖ-ਵੱਖ ਪ੍ਰਮੁੱਖ ਸਥਾਨਾਂ 'ਤੇ ਇਕਹਿਰੀ (ਸਿੰਗਲ ਯੂਜ਼) ਵਰਤੋਂ ਵਾਲੇ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਨੁੱਕੜ ਨਾਟਕ ਕਰਵਾਏ ਗਏ।

ਇਹ ਜਾਗਰੂਕਤਾ ਪ੍ਰੋਗਰਾਮ ਮਦਨਪੁਰ ਚੌਕ, ਮੋਹਾਲੀ ਬੱਸ ਅੱਡਾ ਅਤੇ ਸਬਜ਼ੀ ਮੰਡੀ, ਸੈਕਟਰ 68, ਮੋਹਾਲੀ ਵਿਖੇ ਕਰਵਾਇਆ ਗਿਆ। ਨੁੱਕੜ ਨਾਟਕਾਂ ਰਾਹੀਂ ਟੀਮ ਨੇ ਇਕ ਵਾਰ ਵਰਤੋਂ ਵਾਲੇ ਪਲਾਸਟਿਕ ਕਾਰਨ ਵਾਤਾਵਰਣ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਅਤੇ ਲੋਕਾਂ ਨੂੰ ਇਸ ਦੀ ਵਰਤੋਂ ਤੋਂ ਗੁਰੇਜ਼ ਕਰਦਿਆਂ ਮੁੜ ਵਰਤੋਂਯੋਗ ਅਤੇ ਵਾਤਾਵਰਣ ਪੱਖੀ ਵਿਕਲਪ ਅਪਣਾਉਣ ਲਈ ਪ੍ਰੇਰਿਤ ਕੀਤਾ।

ਇਸ ਪ੍ਰੋਗਰਾਮ ਦਾ ਉਦੇਸ਼ ਲੋਕਾਂ ਨੂੰ ਜ਼ਿੰਮੇਵਾਰ ਢੰਗ ਨਾਲ ਕੂੜਾ ਪ੍ਰਬੰਧਨ ਕਰਨ, ਪਲਾਸਟਿਕ ਦੇ ਕੂੜੇ ਨੂੰ ਘਟਾਉਣ ਅਤੇ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਦੇ ਨਾਲ-ਨਾਲ ਵਾਤਾਵਰਣ ਦੀ ਸੁਰੱਖਿਆ ਲਈ ਸਰਗਰਮ ਭੂਮਿਕਾ ਨਿਭਾਉਣ ਸਬੰਧੀ ਜਾਗਰੂਕ ਕਰਨਾ ਸੀ।

# ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਜ਼ਿਲ੍ਹਾ ਪਟਿਆਲਾ ਵੱਲੋਂ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼ ਸ਼ਰਧਾਂਜਲੀ ਸਮਾਗਮ

ਪਟਿਆਲਾ, 30 ਸਤੰਬਰ
(ਪੈ.ਗਾਮ-ਏ-ਜਗਤ)



ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਜਿਲਾ ਪਟਿਆਲਾ ਦੀ ਟੀਮ ਵੱਲੋਂ ਬਨਾਰਸੀ ਦਾਸ ਪਸਿਆਣਾ ਦੀ ਅਗਵਾਈ ਹੇਠ ਸ੍ਰੀ ਨੈਣਾ ਦੇਵੀ ਮੰਦਿਰ ਪਸਿਆਣਾ ਵਿਖੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਮਹਾਨ ਲੇਖਕ, ਸਮਾਜ ਸੁਧਾਰਕ ਅਤੇ ਓਮ ਜੈ ਜਗਦੀਸ਼ ਹਰੇ ਆਰਤੀ ਦੇ ਰਚੇਤਾ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਦੇ ਜਨਮ ਦਿਨ ਨੂੰ ਸਮਰਪਿਤ ਸੀ। ਇਸ ਮੌਕੇ ਹਾਜਰ ਸਖਸ਼ੀਅਤਾਂ ਵਲੋਂ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਨੂੰ ਹਵਨ ਯਗ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਦੌਰਾਨ ਹਿੰਦ ਸਮਾਚਾਰ / ਜੱਗਬਾਣੀ ਅਖਬਾਰ ਦੇ ਮੁੱਖ ਅਡੀਟਰ ਸ੍ਰੀ ਰਾਜੇਸ਼ ਪੰਜੋਲਾ ਜੀ ਨੇ ਪੰਡਿਤ ਸ਼ਰਧਾ ਰਾਮ ਜੀ ਦੀ ਜੀਵਨੀ, ਉਨ੍ਹਾਂ ਦੇ ਸਾਹਿਤਕ ਅਤੇ ਸਮਾਜਿਕ ਯੋਗਦਾਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਹਰਿੰਦਰ ਪਾਲ ਸ਼ਰਮਾ ਕੌਰਜੀਵਾਲਾ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ, ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਚੇਅਰਮੈਨ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੇ ਵੀ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਦੀ ਜੀਵਨੀ, ਮਹਾਨ ਲੇਖਕ, ਸਮਾਜ ਸੁਧਾਰਕ ਕਾਰਜਾਂ, ਧਾਰਮਿਕ ਪ੍ਰਚਾਰਕ ਅਤੇ ਪੰਡਿਤ ਜੀ ਦੀਆਂ ਰਚਨਾਵਾਂ ਅਤੇ ਸਮਾਜ ਪ੍ਰਤੀ ਦੇਣ ਜੋ ਅੱਜ ਵੀ ਸਾਡੇ ਲਈ ਪ੍ਰੇਰਨਾ ਸਰੋਤ ਹਨ, ਆਓ ਅੱਜ ਉਨ੍ਹਾਂ ਦੇ ਜਨਮ ਦਿਹਾੜੇ ਤੇ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਚੱਲਣ, ਆਪਣੇ ਸਾਹਿਤ ਅਤੇ ਸਭਿਆਚਾਰ ਦਾ ਸਤਿਕਾਰ ਕਰਨ ਦਾ ਪ੍ਰਣ ਕਰੀਏ।ਟੀ.ਐਨ.ਸ਼ਰਮਾ, ਪ੍ਰਧਾਨ ਬ੍ਰਾਹਮਣ ਸਭਾ ਨੇ ਕਿਹਾ ਕਿ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਇੱਕ ਨਿਡਰ ਅਤੇ ਪ੍ਰਭਾਵਸ਼ਾਲੀ ਵਕਤਾ ਸਨ। ਨੋਹਰ ਚੰਦ ਸ਼ੇਰਮਾਜਰਾ ਨੇ ਕਿਹਾ ਕਿ ਉਨ੍ਹਾਂ ਦੇ ਵਿਚਾਰਾਂ ਨੇ ਸਮਾਜ ਵਿੱਚ ਜਾਗਰੂਕਤਾ ਫੈਲਾਈ ਅਤੇ ਲੋਕਾਂ ਨੂੰ ਆਪਣੇ ਧਰਮ ਅਤੇ ਸੰਸਕ੍ਰਿਤੀ ਨਾਲ ਜੋੜਿਆ। ਸਮਾਗਮ ਦੌਰਾਨ ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਦੀ ਯੂਨੀਵਰਸਿਟੀ ਵਿੱਚ ਚੇਅਰ ਸਥਾਪਿਤ ਕੀਤੀ ਜਾਵੇ। ਇਸ ਮੌਕੇ ਹਰਿੰਦਰ ਸ਼ਰਮਾ ਕੌਰਜੀਵਾਲਾ, ਰਾਜੇਸ਼ ਪੰਜੋਲਾ, ਸਤੀਸ਼ ਬਹਿਲ, ਬਨਾਰਸੀ ਦਾਸ ਪਸਿਆਣਾ ਪ੍ਰਧਾਨ ਹਲਕਾ ਸਮਾਣਾ, ਸੁਖਮਿੰਦਰ ਸਿੰਘ ਜਾਹਲਾਂ, ਤਰਲੋਕੀ ਨਾਥ ਦੌਣਕਲਾਂ, ਅਸ਼ਵਨੀ ਸ਼ਰਮਾ, ਬ੍ਰਿਜ ਅੱਤਰੀ, ਨੋਹਰਚੰਦ ਸ਼ੇਰਮਾਜਰਾ, ਡਾ. ਰਾਜ ਕੁਮਾਰ ਡਕਾਲਾ, ਰਾਮ ਪਾਲ, ਚਮਨ ਲਾਲ, ਫਕੀਰ ਚੰਦ, ਚੰਨੂ ਪ੍ਰਧਾਨ ਦੇਵੀਗੜ੍ਹ, ਅੰਜਲੀ ਪਾਂਡੇ, ਗੀਤਾ ਸ਼ਰਮਾ, ਮੱਘਰ ਸਿੰਘ, ਘਨਈਆ ਲਾਲ, ਲਛਮੀ, ਘਨਈਆ ਲਾਲ, ਰਤਨ ਲਾਲ, ਚਰਨ ਦਾਸ ਕਕਰਾਲਾ, ਰਤਨਜੀਤ ਜਾਹਲਾਂ, ਅਸ਼ਵਨੀ ਨਾਭਾ, ਪਿਊਸ਼ ਦਵੇਸਰ, ਹਰਬੰਸ ਲਾਲ ਕੌਰਜੀਵਾਲਾ ਆਦਿ ਹਾਜਰ ਸਨ।

# ਧੂਲਕੋਟ ਮਾਮਲੇ ਵਿਚ ਹਰਦੀਪ ਸਿੰਘ ਜੱਗੀ ਤੇ ਹੋਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੇ ਅਗਲੀ ਸੁਣਵਾਈ ਤੱਕ ਰੋਕ

ਪੈ.ਗਾਮ-ਏ-ਜਗਤ/ਅੰਬਾਲਾ
30 ਸਤੰਬਰ (ਆਰ.ਸਿੰਘ)

**6 ਅਕਤੂਬਰ ਨੂੰ ਹੋਵੇਗੀ ਅਗਲੀ ਸੁਣਵਾਈ**



ਧੂਲੋਕਟ ਵਿਚ ਨਿਰਮਾਣ ਅਧੀਨ ਉਸਾਰੀ ਡਿੱਗਣ ਨਾਲ ਹੋਏ ਹਾਦਸੇ ਸਬੰਧੀ ਦਰਜ ਜੱਗੀ ਬਿਲਡਰਜ਼ ਅਤੇ ਹੋਰ ਬਨਾਮ ਹਰਿਆਣਾ ਰਾਜ ਮਾਮਲੇ ਵਿੱਚ ਅਦਾਲਤ ਨੇ ਮੁਲਜ਼ਮਾਂ ਨੂੰ ਅੰਤਰਿਮ ਰਾਹਤ ਦਿੰਦਿਆਂ ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾ ਦਿੱਤੀ ਹੈ। ਮੰਗਲਵਾਰ ਨੂੰ ਜਾਰੀ ਕੀਤੇ ਗਏ ਇੱਕ ਹੁਕਮ ਵਿੱਚ, ਅਦਾਲਤ ਨੇ ਧਿਰਾਂ ਨੂੰ ਜ਼ਮਾਨਤ ਨਾਲ ਸਬੰਧਿਤ ਜਾਣਕਾਰੀ ਜਮਾਂ ਕਰਾਉਣ ਦੇ ਨਿਰਦੇਸ਼ ਦਿੱਤੇ। ਮਾਮਲੇ ਦੀ ਅਗਲੀ ਸੁਣਵਾਈ 6 ਅਕਤੂਬਰ ਨੂੰ ਹੋਵੇਗੀ।

ਇਸ ਮਾਮਲੇ ਵਿਚ ਐਡਵੋਕੇਟ ਸਤਿੰਦਰ ਸਿੰਘ ਗਰਗ, ਹਰਦੀਪ ਸਿੰਘ ਜੱਗੀ, ਸਰਬਜੋਤ ਸਿੰਘ ਅਤੇ ਸਿਮਰਜੀਤ ਸਿੰਘ ਵੱਲੋਂ ਪੇਸ਼ ਹੋਏ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਧੂਲਕੋਟ ਵਿੱਚ ਇੱਕ ਉਸਾਰੀ ਅਧੀਨ ਇਮਾਰਤ ਢਹਿ ਜਾਣ ਦੇ ਸਬੰਧ ਵਿੱਚ ਬਲਦੇਵ ਨਗਰ ਥਾਣੇ ਵਿੱਚ ਦਰਜ ਕੀਤੀ ਗਈ ਐਫਆਈਆਰ ਪੂਰੀ ਤਰ੍ਹਾਂ ਬੇਬੁਨਿਆਦ ਹੈ। ਐਫਆਈਆਰ ਵਿੱਚ ਜੱਗੀ ਬਿਲਡਰਜ਼ ਦਾ ਜ਼ਿਕਰ ਹੈ, ਪਰ ਵਿਅਕਤੀਆਂ ਕੋਲ ਉਸ ਨਾਮ ਦੀ ਕੋਈ ਫਰਮ ਨਹੀਂ ਹੈ। ਐਡਵੋਕੇਟ ਸਤਿੰਦਰ ਸਿੰਘ ਗਰਗ ਨੇ ਅਦਾਲਤ ਨੂੰ ਦੱਸਿਆ ਕਿ ਤਿੰਨਾਂ ਵਿਅਕਤੀਆਂ ਵਿੱਚੋਂ ਕੋਈ ਵੀ ਜਾਇਦਾਦ ਦਾ ਮਾਲਕ ਜਾਂ ਠੇਕੇਦਾਰ ਨਹੀਂ ਹੈ। ਇਸ ਲਈ ਉਨ੍ਹਾਂ ਵਿਰੁੱਧ ਦਰਜ ਕੀਤੀ ਗਈ ਐਫਆਈਆਰ ਪੂਰੀ ਤਰ੍ਹਾਂ ਬੇਬੁਨਿਆਦ ਹੈ। ਏਡੀਜੇ ਹਿਤੇਸ਼ ਗਰਗ ਦੀ ਅਦਾਲਤ ਨੇ ਇਸ ਮਾਮਲੇ ਵਿੱਚ ਤਿੰਨਾਂ ਦੀ ਗ੍ਰਿਫ਼ਤਾਰੀ 'ਤੇ 6 ਅਕਤੂਬਰ ਤੱਕ ਰੋਕ ਲਗਾਉਣ ਦੇ ਹੁਕਮ ਦਿੱਤੇ ਹਨ।

ਮੁਲਜ਼ਮਾਂ ਵੱਲੋਂ ਭਾਰਤੀ ਦੰਡਾਵਲੀ ਦੀ ਧਾਰਾ 482 ਦੇ ਤਹਿਤ ਜ਼ਮਾਨਤ ਅਰਜ਼ੀ ਦਾਇਰ ਕੀਤੀ ਗਈ ਸੀ। ਅਦਾਲਤ ਨੇ ਅਰਜ਼ੀ ਦਾ ਨੋਟਿਸ ਲਿਆ ਅਤੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ। ਸ਼ਿਕਾਇਤ ਕਰਤਾ ਜਾਂ ਪੀੜਤ ਨੂੰ ਜ਼ਮਾਨਤ ਅਰਜ਼ੀ ਬਾਰੇ ਸੂਚਿਤ ਕਰਨ ਲਈ ਵੀ ਕਿਹਾ ਗਿਆ।

ਅਦਾਲਤ ਨੇ ਇਸਤਗਾਸਾ ਨੂੰ ਐਫਆਈਆਰ ਵਿੱਚ ਨਾਮਜ਼ਦ ਸਹਿ-ਦੋਸ਼ੀਆਂ ਦੇ ਵੇਰਵੇ ਪ੍ਰਦਾਨ ਕਰਨ ਅਤੇ ਉਨ੍ਹਾਂ ਦੀ ਜ਼ਮਾਨਤ ਦੀ ਸਥਿਤੀ ਸਪੱਸ਼ਟ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਪਟੀਸ਼ਨਕਰਤਾਵਾਂ ਨੂੰ ਉਸੇ ਐਫਆਈਆਰ ਦੇ ਸਬੰਧ ਵਿੱਚ ਕਿਸੇ ਹੋਰ ਅਦਾਲਤ ਵਿੱਚ ਦਾਇਰ ਕੀਤੀਆਂ ਗਈਆਂ ਪਿਛਲੀਆਂ ਜ਼ਮਾਨਤ ਅਰਜ਼ੀਆਂ ਅਤੇ ਉਸੇ ਅਰਜ਼ੀ 'ਤੇ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਜਮਾਂ ਕਰਾਉਣੀ ਚਾਹੀਦੀ ਹੈ।

ਅਦਾਲਤ ਨੇ ਸਬੰਧਿਤ ਅਹਿਲਮਦ ਨੂੰ ਹਾਈ ਕੋਰਟ ਦੀ ਅਧਿਕਾਰਤ ਵੈੱਬਸਾਈਟ 'ਤੇ ਇਹ ਤਸਦੀਕ ਕਰਨ ਦਾ ਨਿਰਦੇਸ਼ ਦਿੱਤਾ ਕਿ ਕੀ ਮੁਲਜ਼ਮਾਂ ਵੱਲੋਂ ਕੋਈ ਜ਼ਮਾਨਤ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ। ਜੇ ਅਜਿਹੀਆਂ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ ਤਾਂ ਉਨ੍ਹਾਂ ਦੇ ਲੰਬਿਤ ਜਾਂ ਅੰਤਿਮ ਫੈਸਲੇ ਦੀ ਸਥਿਤੀ, ਜ਼ਮਾਨਤ ਆਦੇਸ਼ ਅਤੇ ਸੰਬੰਧਿਤ ਸਥਿਤੀ ਰਿਪੋਰਟ ਰਿਕਾਰਡ 'ਤੇ ਰੱਖਣੀ ਚਾਹੀਦੀ ਹੈ। ਰਾਜ ਦੀ ਨੁਮਾਇੰਦਗੀ ਕਰ ਰਹੇ ਸਰਕਾਰੀ ਵਕੀਲ ਨੂੰ ਇਹ ਵੀ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਪਹਿਲਾਂ ਦਾਇਰ ਕੀਤੀਆਂ ਜ਼ਮਾਨਤ ਪਟੀਸ਼ਨਾਂ ਦੀ ਸਥਿਤੀ ਬਾਰੇ ਅਦਾਲਤ ਨੂੰ ਸੂਚਿਤ ਕਰੇ।

# ਆਊਟਸੋਰਸ ਕਰਮਚਾਰੀਆਂ ਦੀਆਂ ਮੰਗਾਂ 'ਤੇ ਮੀਟਿੰਗ ਬੇਨਤੀਜਾ, ਮੁਲਾਜ਼ਮ ਆਗੂਆਂ ਵੱਲੋਂ ਵਾਕਆਊਟ

ਪਟਿਆਲਾ, 30 ਸਤੰਬਰ
(ਪੈ.ਗਾਮ-ਏ-ਜਗਤ)



30 ਸਤੰਬਰ ਨੂੰ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ 1680 ਦੀ ਮੀਟਿੰਗ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਜੀ ਦੀਆਂ ਹਦਾਇਤਾਂ ਅਨੁਸਾਰ ਸਿਹਤ ਵਿਭਾਗ ਵਿਚਲੇ ਆਊਟ ਸੋਰਸ ਕਰਮਚਾਰੀਆਂ ਦੀਆਂ ਮੰਗਾਂ ਘੱਟੋ-ਘੱਟ ਉਜਰਤਾਂ ਲਾਗੂ ਕਰਨ ਅਤੇ ਆਊਟ ਸੋਰਸ ਕਾਮਿਆਂ ਦਾ ਡਾਟਾ ਅੱਪਡੇਟ ਕਰਨ ਸਬੰਧੀ ਮੀਟਿੰਗ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਨਾਲ ਉਹਨਾਂ ਦੇ ਦਫਤਰ ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿੱਚ ਸਿਹਤ ਡਾਇਰੈਕਟਰ ਸ਼ਾਮਲ ਨਹੀਂ ਹੋਏ। ਪਰੰਤੂ ਜੋ ਮੀਟਿੰਗ ਮਿਤੀ 23-09-2026 ਨੂੰ ਹੋਈ ਸੀ ਉਸ ਮੀਟਿੰਗ ਵਿੱਚ ਵਿਚਾਰੀਆਂ ਮੰਗਾਂ ਨੂੰ ਕਰਨ ਤੋਂ ਵੀ ਵਿਭਾਗ ਨੇ ਹੱਥ ਖੜੇ ਕਰ ਦਿੱਤੇ। ਜਿਸ ਕਰਕੇ ਮੀਟਿੰਗ ਵਿੱਚ ਹਾਜਰ ਮੁਲਾਜਮ ਆਗਆਂ ਨੇ ਰੋਸ ਵਜੋਂ ਵਾਕਆਊਟ ਕਰਕੇ ਡਾਇਰੈਕਟਰ ਸਿਹਤ ਸੇਵਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ। ਇਸ ਮੌਕੇ ਤੇ ਦਰਸ਼ਨ ਸਿੰਘ ਲੁਬਾਣਾ, ਚੰਦਨ ਸਿੰਘ, ਸ਼ਿਵ ਪ੍ਰਸ਼ਾਦ, ਦੀਪ ਚੰਦ ਹੰਸ, ਰਾਮ ਲਾਲ ਰਾਮਾ, ਸ਼ਿਵ ਚਰਨ, ਅਜੇ ਕੁਮਾਰ, ਰਾਜੇਸ਼ ਗੋਲੂ, ਰਾਜੇਸ਼ (ਸੀ.ਐਮ.ਓ.), ਆਦਿ ਆਗੂ ਸ਼ਾਮਲ ਹੋਏ ਸਨ। ਇਨ੍ਹਾਂ ਆਗੂਆਂ ਨੇ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਉਹ ਸਾਰਾ ਮਾਮਲਾ ਮਾਨਯੋਗ ਸਿਹਤ ਮੰਤਰੀ ਦੇ ਧਿਆਨ ਵਿੱਚ ਲਿਆਉਣਗੇ। ਉਸ ਤੋਂ ਬਾਅਦ ਆਪਣਾ ਸੰਘਰਸ਼ ਲੜੀਵਾਰ ਸ਼ੁਰੂ ਕਰਨਗੇ।


ਅਦਾਰਾ
"ਪੈਗਾਮ-ਏ-ਜਗਤ" ਅਖਬਾਰ ਲਈ
ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ
ਪੱਤਰਕਾਰਾਂ ਦੀ ਲੋੜ।
Mobile : 94786-02733

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

# ਆਰਬੀਯੂ ਦਾ ਐਨਐੱਸਐੱਸ ਕੈਂਪ ਸਮਾਜ ਸੇਵਾ ਤੇ ਸਿਹਤ ਜਾਗਰੂਕਤਾ ਗਤੀਵਿਧੀਆਂ ਨਾਲ ਸੰਪੰਨ



**ਚੰਡੀਗੜ੍ਹ, 30 ਸਤੰਬਰ (ਪੈ.ਗਾਮ-ਏ-ਜਗਤ)**

ਰਿਆਤ ਬਾਹਰਾ ਯੂਨੀਵਰਸਿਟੀ (ਆਰਬੀਯੂ) ਦੇ ਐਨਐੱਸਐੱਸ ਵਿਭਾਗ ਵੱਲੋਂ ਲਗਾਇਆ ਗਿਆ ਸੱਤ ਰੋਜ਼ਾ ਵਿਸ਼ੇਸ਼ ਐਨਐੱਸਐੱਸ ਕੈਂਪ ਵੱਖ-ਵੱਖ ਵਿੱਦਿਅਕ, ਸਿਹਤ, ਵਾਤਾਵਰਣ, ਸੱਭਿਆਚਾਰਕ ਅਤੇ ਸਮਾਜ ਸੇਵੀ ਗਤੀਵਿਧੀਆਂ ਨਾਲ ਸੰਪੰਨ ਹੋ ਗਿਆ। ਕੈਂਪ ਦੌਰਾਨ ਐਨਐੱਸਐੱਸ ਵਲੰਟੀਅਰਾਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਸਮਾਜਿਕ ਜ਼ਿੰਮੇਵਾਰੀ, ਅਨੁਸ਼ਾਸਨ, ਟੀਮ ਵਰਕ ਅਤੇ ਸੇਵਾ ਭਾਵਨਾ ਦਾ ਪ੍ਰਦਰਸ਼ਨ ਕੀਤਾ।

ਐਨਐੱਸਐੱਸ ਦੇ ਡਾਇਰੈਕਟਰ ਪ੍ਰੋਫੈਸਰ (ਮੇਜਰ) ਏ.ਐੱਸ. ਚਾਹਲ ਨੇ ਦੱਸਿਆ ਕਿ ਆਰਬੀਯੂ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਕੈਂਪ ਦਾ ਮੁੱਖ ਉਦੇਸ਼ ਵਲੰਟੀਅਰਾਂ ਵਿੱਚ ਸਮਾਜਿਕ ਜ਼ਿੰਮੇਵਾਰੀ, ਲੀਡਰਸ਼ਿਪ, ਅਨੁਸ਼ਾਸਨ ਅਤੇ ਟੀਮ ਵਰਕ ਦੀ ਭਾਵਨਾ ਪੈਦਾ ਕਰਨਾ ਸੀ। ਕੈਂਪ ਦੀ ਸ਼ੁਰੂਆਤ ਆਯੁਰਵੇਦ ਦਿਵਸ ਮੌਕੇ ਕਰਵਾਏ ਸੈਸ਼ਨ ਨਾਲ ਹੋਈ। ਇਸ ਦੌਰਾਨ ਡਾ. ਵਿਸ਼ੇਸ਼ ਸ਼ਰਮਾ ਨੇ ਆਯੁਰਵੇਦ, ਸਿਹਤਮੰਦ ਜੀਵਨ-ਸ਼ੈਲੀ ਅਤੇ ਸੰਤੁਲਿਤ ਜੀਵਨ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਐਨਐੱਸਐੱਸ ਦਿਵਸ ਮੌਕੇ ਪ੍ਰੋ ਵਾਈਸ-ਚਾਂਸਲਰ ਪ੍ਰੋ. (ਡਾ.) ਸਤੀਸ਼ ਕੁਮਾਰ ਬਾਂਸਲ ਨੇ ਕੈਂਪ ਦਾ ਰਸਮੀ ਉਦਘਾਟਨ ਕਰਦਿਆਂ ਵਲੰਟੀਅਰਾਂ ਨੂੰ ਗੋਦ ਲਏ ਪਿੰਡਾਂ ਵਿੱਚ ਲੋੜਵੰਦ ਅਤੇ ਪਛੜੇ ਵਰਗਾਂ ਦੀ ਭਲਾਈ ਲਈ ਸਰਗਰਮੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਭਾਰਤੀ ਫੌਜ ਦੇ ਸੂਬੇਦਾਰ ਨਰਿੰਦਰ ਸਿੰਘ ਨੇ 'ਯੁੱਧ ਆਪਣੇ ਵਿਰੁੱਧ' ਵਿਸ਼ੇ 'ਤੇ ਵਲੰਟੀਅਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਸਵੈ-ਅਨੁਸ਼ਾਸਨ, ਨੈਤਿਕ ਕਦਰਾਂ-ਕੀਮਤਾਂ ਅਤੇ ਜ਼ਿੰਮੇਵਾਰੀ ਦੀ ਮਹੱਤਤਾ 'ਤੇ ਚਾਨਣਾ ਪਾਇਆ।

ਕੈਂਪ ਦੌਰਾਨ ਲਗਾਏ ਖ਼ੂਨਦਾਨ ਕੈਂਪ ਵਿੱਚ 70 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਮੈਕਸ ਹਸਪਤਾਲ ਦੇ ਮਾਹਿਰ ਡਾਕਟਰਾਂ ਵੱਲੋਂ ਸਿਹਤ ਜਾਗਰੂਕਤਾ ਸੈਸ਼ਨ ਕਰਵਾਏ ਗਏ। ਦਿਲ ਦੇ ਰੋਗਾਂ ਦੇ ਮਾਹਿਰ ਡਾ. ਅਨੁਮੀਤ ਬੱਗਾ ਨੇ ਦਿਲ ਦੀ ਸਿਹਤ ਸਬੰਧੀ ਜਾਣਕਾਰੀ ਦਿੱਤੀ, ਜਦਕਿ ਡਾ. ਸਾਗਰਿਕਾ ਨੇ ਬੇਸਿਕ ਲਾਈਫ ਸਪੋਰਟ (ਬੀਐੱਲਐੱਸ) ਅਤੇ ਜੀਵਨ ਬਚਾਉਣ ਦੀਆਂ ਮੁੱਢਲੀਆਂ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਅੱਗ ਤੋਂ ਬਚਾਅ ਸਬੰਧੀ ਜਾਗਰੂਕਤਾ ਸੈਸ਼ਨ ਵੀ ਕਰਵਾਇਆ ਗਿਆ। ਵਲੰਟੀਅਰਾਂ ਨੇ ਵਿਕਸਿਤ ਭਾਰਤ ਕੁਇਜ਼, ਰੱਸਾਕਸ਼ੀ ਅਤੇ ਖੋ-ਖੋ ਮੁਕਾਬਲਿਆਂ ਵਿੱਚ ਹਿੱਸਾ ਲਿਆ। ਕੈਂਪ ਦੌਰਾਨ ਰੁੱਖ ਲਗਾਉਣ, ਨਸ਼ਾ ਮੁਕਤੀ ਜਾਗਰੂਕਤਾ ਰੈਲੀ, ਸਹੁੰ ਚੁੱਕ ਸਮਾਗਮ ਅਤੇ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਰੈਲੀ ਸਮੇਤ ਕਈ ਹੋਰ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਕੈਂਪ ਦੀ ਸਮਾਪਤੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਦੌਰੇ ਨਾਲ ਹੋਈ। ਪ੍ਰੋ. (ਮੇਜਰ) ਏ.ਐੱਸ. ਚਾਹਲ ਦੀ ਨਿਗਰਾਨੀ ਹੇਠ ਕਰਵਾਏ ਇਸ ਕੈਂਪ ਨੇ ਵਲੰਟੀਅਰਾਂ ਵਿੱਚ ਲੀਡਰਸ਼ਿਪ, ਟੀਮ ਵਰਕ, ਅਨੁਸ਼ਾਸਨ ਅਤੇ ਸਮਾਜ ਸੇਵਾ ਪ੍ਰਤੀ ਵਚਨਬੱਧਤਾ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ।

# ਅਧਿਕਾਰੀਆਂ ਨੂੰ ਸੜਕਾਂ ਤੋਂ ਲਾਵਾਰਸ ਅਤੇ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਤੱਕ ਪਹੁੰਚਾਉਣ ਦੀ ਮੁਹਿੰਮ ਨੂੰ ਤੇਜ਼ ਕਰਨ ਲਈ ਆਖਿਆ

**• ਪਿਛਲੇ ਚਾਰ ਮਹੀਨੇ ਵਿੱਚ 9000 ਦੇ ਕਰੀਬ ਲਾਵਾਰਸ/ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਭਿਜਵਾਇਆ ਗਿਆ**



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਸ੍ਰੀ ਕੀਮਤੀ ਭਗਤ ਨੇ ਅੱਜ ਮੋਹਾਲੀ ਵਿਖੇ ਸਥਾਨਕ ਸਰਕਾਰ ਸੰਸਥਾਵਾਂ, ਪਸ਼ੂ ਪਾਲਣ ਵਿਭਾਗ ਅਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਵਿੱਚ ਗਊਸ਼ਾਲਾਵਾਂ ਦੇ ਪ੍ਰਬੰਧ, ਲਾਵਾਰਿਸ ਤੇ ਬੇਸਹਾਰਾ ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਸਬੰਧੀ ਪ੍ਰਬੰਧਾਂ ਦੀ ਸਮੀਖਿਆ ਕੀਤੀ।

ਕੀਮਤੀ ਭਗਤ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਊਸ਼ਾਲਾਵਾਂ ਵਿੱਚ ਰੱਖੇ ਗਊਧਨ ਦੀ ਸਾਂਭ-ਸੰਭਾਲ ਲਈ 61 ਰੁਪਏ ਪ੍ਰਤੀ ਗਊ ਪ੍ਰਤੀ ਦਿਨ ਦੇਣ ਦੇ ਫੈਸਲੇ ਨੂੰ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਲਾਗੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਗਊਸ਼ਾਲਾਵਾਂ ਨੂੰ ਗਊਧਨ ਦੀ ਸਾਂਭ-ਸੰਭਾਲ ਲਈ ਵਿੱਤੀ ਸਹਾਇਤਾ ਮਿਲੇਗੀ ਅਤੇ ਸੜਕਾਂ 'ਤੇ ਘੁੰਮਦੇ ਲਾਵਾਰਿਸ ਤੇ ਬੇਸਹਾਰਾ ਪਸ਼ੂਆਂ ਦਾ ਚਾਰਾ ਯਕੀਨੀ ਬਣਾਉਣ ਨਾਲ, ਉਨ੍ਹਾਂ ਨੂੰ ਗਊਸ਼ਾਲਾਵਾਂ ਤੱਕ ਪਹੁੰਚਾਉਣ ਦੀ ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੇਗੀ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ 'ਤੇ ਘੁੰਮਦੇ ਲਾਵਾਰਿਸ ਅਤੇ ਬੇਸਹਾਰਾ ਪਸ਼ੂਆਂ ਨੂੰ ਤੁਰੰਤ ਗਊਸ਼ਾਲਾਵਾਂ ਤੱਕ ਪਹੁੰਚਾਉਣ ਦੀ ਮੁਹਿੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਦੱਸਿਆ ਕਿ ਪਿਛਲੇ ਚਾਰ ਮਹੀਨਿਆਂ ਦੌਰਾਨ ਸੂਬੇ ਵਿੱਚ ਕਰੀਬ 9,000 ਲਾਵਾਰਿਸ ਅਤੇ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਪਹੁੰਚਾਇਆ ਗਿਆ ਹੈ।

ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ 518 ਸਰਕਾਰੀ ਅਤੇ ਨਿੱਜੀ ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਗਊਸ਼ਾਲਾਵਾਂ ਨੂੰ ਵਿੱਤੀ ਰਾਹਤ ਮਿਲੀ ਹੈ ਅਤੇ ਗਊਸ਼ਾਲਾਵਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜ਼ਖ਼ਮੀ, ਫੱਟੜ ਜਾਂ ਬੇਸਹਾਰਾ ਗਊਧਨ ਨੂੰ ਸੁਰੱਖਿਅਤ ਢੰਗ ਨਾਲ ਗਊਸ਼ਾਲਾਵਾਂ ਤੱਕ ਪਹੁੰਚਾਉਣ ਅਤੇ ਲੋੜ ਅਨੁਸਾਰ ਇਲਾਜ ਤੇ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਕਾਓ ਲਿਫਟਰ ਮੁਫ਼ਤ ਮੁਹੱਈਆ ਕਰਵਾਏ ਗਏ ਹਨ, ਜਿਨ੍ਹਾਂ 'ਤੇ ਕਰੀਬ 3.06 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਹ ਕਾਓ ਲਿਫਟਰ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਨੂੰ ਮੁਹੱਈਆ ਕਰਵਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਮਨਜ਼ੂਰਸ਼ੁਦਾ ਚਾਰ ਸਲਾਟਰ ਹਾਊਸ ਯੂਨਿਟਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਨਿਯਮਾਂ ਅਨੁਸਾਰ ਚਲਾਉਣਾ ਯਕੀਨੀ ਬਣਾਉਣ ਸਬੰਧੀ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨਾਲ ਵੀ ਅੱਜ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਇਸ ਸਬੰਧੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ ਗਿਆ ਹੈ।

ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਨਾਲ ਨਵੀਆਂ ਰਜਿਸਟਰਡ ਹੋਈਆਂ ਗਊਸ਼ਾਲਾਵਾਂ ਨੂੰ ਸਰਟੀਫਿਕੇਟ ਵੀ ਸੌਂਪੇ ਗਏ।

ਮੀਟਿੰਗ ਵਿੱਚ ਨਗਰ ਨਿਗਮ ਮੋਹਾਲੀ ਦੇ ਜੁਆਇੰਟ ਕਮਿਸ਼ਨਰ ਸ੍ਰੀ ਨਵਦੀਪ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀਮਤੀ ਪਰਮਬੀਰ ਕੌਰ, ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਸ੍ਰੀ ਕਮਲਦੀਪ ਸਿੰਘ, ਆਬਕਾਰੀ ਵਿਭਾਗ ਤੋਂ ਈ.ਟੀ.ਓ. ਸ੍ਰੀ ਦੀਵਾਨ ਚੰਦ, ਵੱਖ-ਵੱਖ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰ ਅਤੇ ਹੋਰ ਸਬੰਧਤ ਅਧਿਕਾਰੀ ਹਾਜ਼ਰ ਸਨ।

# ਡੇਅਰੀ ਵਿਕਾਸ ਵਿਭਾਗ ਨੇ ਲਗਾਇਆ ਦੁੱਧ ਉਤਪਾਦਕ ਜਾਗਰੂਕਤਾ ਕੈਂਪ



**ਸੰਗਰੂਰ, 30 ਸਤੰਬਰ (ਪੈ.ਗਾਮ-ਏ-ਜਗਤ)**

ਪੰਜਾਬ ਸਰਕਾਰ ਦੇ ਕੈਬਿਨੇਟ ਮੰਤਰੀ ਸ.ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੇਅਰੀ ਵਿਕਾਸ ਵਿਭਾਗ ਸੰਗਰੂਰ ਦੀ ਟੀਮ ਵੱਲੋਂ ਪਿੰਡ ਕਾਂਝਲਾ ਵਿਖੇ ਡੀ ਡੀ 6 ਸਕੀਮ ਅਧੀਨ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਕੈਂਪ ਵਿੱਚ ਸ. ਹਰਪ੍ਰੀਤ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਸੰਗਰੂਰ ਨੇ ਵਿਭਾਗ ਵੱਲੋਂ ਡੇਅਰੀ ਫਾਰਮਿੰਗ ਲਈ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਨੂੰ ਲੈਣ ਲਈ ਲੈਕਚਰ ਦਿੱਤਾ ਅਤੇ ਪੜ੍ਹੇ ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਡੇਅਰੀ ਫਾਰਮਿੰਗ ਦਾ ਕਿੱਤਾ ਵੱਧ ਤੋਂ ਵੱਧ ਅਪਨਾ ਕੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਪ੍ਰੇਰਿਤ ਕੀਤਾ। ਰਿਟਾਇਰਡ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਗੁਰਦੇਵ ਸਿੰਘ ਵੱਲੋਂ ਪਸ਼ੂਆਂ ਦੇ ਰਿਕਾਰਡ ਰੱਖਣ ਬਾਰੇ, ਪਸ਼ੂਆਂ ਦੀਆਂ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਰਿਟਾਇਰਡ ਚਾਰਾ ਵਿਕਾਸ ਅਫ਼ਸਰ ਸ੍ਰ ਅਜਾਇਬ ਸਿੰਘ ਨੇ ਪਸ਼ੂਆਂ ਦੀ ਸੰਤੁਲਿਤ ਖੁਰਾਕ ਹੇਅ, ਸਾਈਲੇਜ ਅਤੇ ਪਸ਼ੂ ਅਹਾਰ ਬਾਰੇ ਲੈਕਚਰ ਦਿੱਤਾ, ਦਵਿੰਦਰ ਸਿੰਘ ਅਤੇ ਚਰਨਜੀਤ ਧੀਰ ਡੇਅਰੀ ਵਿਕਾਸ ਇੰਸਪੈਕਟਰ ਵੱਲੋਂ ਡੇਅਰੀ ਸਕੀਮਾਂ ਅਤੇ ਲਾਹੇਵੰਦ ਡੇਅਰੀ ਫਾਰਮਿੰਗ ਵਿਸ਼ੇ 'ਤੇ ਲੈਕਚਰ ਦਿੱਤਾ।

ਪਿੰਡ ਦੇ ਸਰਪੰਚ ਸ੍ਰ ਸਤਗੁਰ ਸਿੰਘ ਵੱਲੋਂ ਵਿਭਾਗ ਦੀ ਟੀਮ ਦਾ ਕੈਂਪ ਲਗਾਉਣ ਬਾਰੇ ਧੰਨਵਾਦ ਕੀਤਾ ਗਿਆ।

# ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-4 ਵਿੱਚ ਸਰਕਾਰੀ ਕਾਲਜ ਮੋਹਾਲੀ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ (ਸ਼ੌਰਿਆ ਚੱਕਰ) ਸਰਕਾਰੀ ਕਾਲਜ, ਐੱਸ.ਏ.ਐੱਸ. ਨਗਰ (ਮੋਹਾਲੀ) ਦੀਆਂ ਵਿਦਿਆਰਥਣਾਂ ਨੇ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-4, 2026 ਦੇ ਐਥਲੈਟਿਕਸ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਈਵੈਂਟਸ ਵਿੱਚ ਪੁਜ਼ੀਸ਼ਨਾਂ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।

ਇਨ੍ਹਾਂ ਮੁਕਾਬਲਿਆਂ ਵਿੱਚ ਸਪਨਾ ਨੇ 1500 ਮੀਟਰ ਅਤੇ 5000 ਮੀਟਰ ਵਿੱਚ ਪਹਿਲਾ ਸਥਾਨ ਅਤੇ 800 ਮੀਟਰ ਵਿੱਚ ਦੂਜਾ ਸਥਾਨ ਹਾਸਲ ਕੀਤਾ। ਭਾਵਨਾ ਨੇ 800 ਮੀਟਰ ਅਤੇ 5000 ਮੀਟਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਕਾਜਲ ਨੇ 400 ਮੀਟਰ ਅਤੇ 5000 ਮੀਟਰ ਵਿੱਚ ਦੂਜਾ ਸਥਾਨ, ਜਦਕਿ ਦਿਵਿਆ ਨੇ 1500 ਮੀਟਰ ਵਿੱਚ ਦੂਜਾ ਸਥਾਨ ਅਤੇ 800 ਮੀਟਰ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਬੈਂਸ ਨੇ ਸਮੂਹ ਵਿਦਿਆਰਥਣਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ ਭਾਵਨਾ ਅਤੇ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਖਿਡਾਰਨਾਂ ਨੂੰ ਭਵਿੱਖ ਵਿੱਚ ਵੀ ਹੋਰ ਮਿਹਨਤ ਕਰਕੇ ਉੱਚ ਪੱਧਰ 'ਤੇ ਕਾਲਜ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਫਿਜ਼ੀਕਲ ਐਜੂਕੇਸ਼ਨ ਵਿਭਾਗ ਦੀ ਮੁਖੀ ਪ੍ਰੋ. ਸਿਮਰਪ੍ਰੀਤ ਕੌਰ ਨੇ ਖਿਡਾਰਨਾਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਵਿਦਿਆਰਥਣਾਂ ਦੀ ਲਗਨ, ਨਿਰੰਤਰ ਅਭਿਆਸ ਅਤੇ ਮਿਹਨਤ ਸਦਕਾ ਇਹ ਉਪਲਬਧੀ ਸੰਭਵ ਹੋਈ ਹੈ। ਉਨ੍ਹਾਂ ਨੇ ਸਾਰੀਆਂ ਖਿਡਾਰਨਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪ੍ਰੋ. ਜਗਤਾਰ ਸਿੰਘ ਨੇ ਵੀ ਵਿਦਿਆਰਥਣਾਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਮਿਹਨਤ, ਅਨੁਸ਼ਾਸਨ ਅਤੇ ਲਗਨ ਨਾਲ ਖੇਡਾਂ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਨਾਲ ਜੁੜਨ ਲਈ ਉਤਸ਼ਾਹਿਤ ਕਰਦੀਆਂ ਹਨ। ਕਾਲਜ ਪਰਿਵਾਰ ਵੱਲੋਂ ਸਮੂਹ ਜੇਤੂ ਵਿਦਿਆਰਥਣਾਂ ਨੂੰ ਹਾਰਦਿਕ ਵਧਾਈ ਅਤੇ ਉਨ੍ਹਾਂ ਦੇ ਉਜਵਲ ਖੇਡ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਪੀਜੀਆਈ ਨੇ ਕਿਸ਼ੋਰ ਮਾਨਸਿਕ ਸਿਹਤ 'ਤੇ ਸੀਐਮਈ ਦਾ ਆਯੋਜਨ ਕੀਤਾ, 120 ਭਾਗੀਦਾਰਾਂ ਨੇ ਹਿੱਸਾ ਲਿਆ




**ਚੰਡੀਗੜ੍ਹ, 29 ਸਤੰਬਰ (ਪੈ.ਗਾਮ-ਏ-ਜਗਤ)**

ਐਡਵਾਂਸਡ ਪੀਡੀਆਟ੍ਰਿਕਸ ਸੈਂਟਰ, ਪੀਜੀਆਈਐਮਈਆਰ, ਚੰਡੀਗੜ੍ਹ ਨੇ "ਜੋਖਮ ਵਿੱਚ ਕਿਸ਼ੋਰ: ਸ਼ੁਰੂਆਤੀ ਪਛਾਣ ਤੋਂ ਦਖਲ ਤੱਕ"'ਤੇ ਇੱਕ ਰੋਜ਼ਾ ਨਿਰੰਤਰ ਮੈਡੀਕਲ ਸਿੱਖਿਆ (ਸੀਐਮਈ) ਪ੍ਰੋਗਰਾਮ ਦਾ ਆਯੋਜਨ ਕੀਤਾ। ਪ੍ਰੋਗਰਾਮ ਵਿੱਚ ਉੱਤਰੀ ਭਾਰਤ ਭਰ ਤੋਂ ਲਗਭਗ 120 ਅਧਿਆਪਕਾਂ, ਸਲਾਹਕਾਰਾਂ, ਬਾਲ ਰੋਗਾਂ ਦੇ ਮਾਹਰਾਂ, ਮਨੋਵਿਗਿਆਨੀਆਂ, ਮਾਨਸਿਕ-ਸਿਹਤ ਪੇਸ਼ੇਵਰਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ।

ਪੀਜੀਆਈਐਮਈਆਰ, ਏਮਜ਼ ਮੋਹਾਲੀ, ਐਮਿਟੀ ਯੂਨੀਵਰਸਿਟੀ, ਐਮਸੀਐਮ ਡੀਏਵੀ ਕਾਲਜ, ਫੋਰਟਿਸ ਅਤੇ ਪਲਕਸ਼ਾ ਯੂਨੀਵਰਸਿਟੀ ਦੇ ਮਾਹਰਾਂ ਨੇ ਕਿਸ਼ੋਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਮੁੱਖ ਚੁਣੌਤੀਆਂ 'ਤੇ ਚਰਚਾ ਕੀਤੀ, ਜਿਸ ਵਿੱਚ ਦਿਮਾਗ ਦਾ ਵਿਕਾਸ, ਪ੍ਰਤੀਕੂਲ ਬਚਪਨ ਦੇ ਤਜ਼ਰਬੇ, ਰਿਸ਼ਤੇ ਅਤੇ ਅਸਵੀਕਾਰ, ਸੋਸ਼ਲ ਮੀਡੀਆ ਅਤੇ ਮਾਨਸਿਕ ਸਿਹਤ, ਵੈਪਿੰਗ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਸਵੈ-ਨੁਕਸਾਨ, ਮਨੋ-ਸਮਾਜਿਕ ਮੁਲਾਂਕਣ ਅਤੇ ਨਿਊਰੋਡਾਇਵਰਸ ਕਿਸ਼ੋਰਾਂ ਲਈ ਸਹਾਇਤਾ ਸ਼ਾਮਲ ਹਨ। ਇੱਕ ਮੁੱਖ ਆਕਰਸ਼ਣ ਡਾ. ਭਵਨੀਤ ਭਾਰਤੀ, ਪ੍ਰੋਫੈਸਰ ਅਤੇ ਮੁਖੀ, ਸੋਸ਼ਲ ਪੀਡੀਆਟ੍ਰਿਕਸ, ਐਡਵਾਂਸਡ ਪੀਡੀਆਟ੍ਰਿਕਸ ਸੈਂਟਰ, ਪੀਜੀਆਈਐਮਈਆਰ ਦੁਆਰਾ ਪੇਸ਼ਕਾਰੀ "ਸਾਹਮਣੇ ਲੁਕਿਆ ਹੋਇਆ: ਕਿਸ਼ੋਰਾਂ ਵਿੱਚ ਪ੍ਰਤੀਕੂਲ ਬਚਪਨ ਦੇ ਤਜ਼ਰਬੇ"ਸੀ। ਉਨ੍ਹਾਂ ਨੇ ACEs 'ਤੇ ICMR-ਸਮਰਥਿਤ ਸਕੂਲ-ਅਧਾਰਤ ਅਧਿਐਨ ਤੋਂ ਸ਼ੁਰੂਆਤੀ ਨਿਰੀਖਣ ਸਾਂਝੇ ਕੀਤੇ। ਅਧਿਐਨ ਦਾ ਉਦੇਸ਼ ਸਕੂਲ ਜਾਣ ਵਾਲੇ ਕਿਸ਼ੋਰਾਂ ਵਿੱਚ ACEs ਦੀ ਵਿਆਪਕਤਾ ਅਤੇ ਪੈਟਰਨਾਂ ਦਾ ਮੁਲਾਂਕਣ ਕਰਨਾ ਅਤੇ ਸਕੂਲਾਂ ਵਿੱਚ ਮਾਨਸਿਕ ਸਿਹਤ, ਲਚਕੀਲਾਪਣ ਅਤੇ ਭਾਵਨਾਤਮਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਸੱਭਿਆਚਾਰਕ ਤੌਰ 'ਤੇ ਢੁਕਵਾਂ, ਸਦਮਾ-ਸੂਚਿਤ ਦਖਲ ਵਿਕਸਤ ਕਰਨਾ ਹੈ।

ਡਾ. ਭਾਰਤੀ ਨੇ ਸਮਝਾਇਆ ਕਿ ACEs ਵਿੱਚ ਭਾਵਨਾਤਮਕ, ਸਰੀਰਕ ਅਤੇ ਜਿਨਸੀ ਸ਼ੋਸ਼ਣ, ਅਣਗਹਿਲੀ ਅਤੇ ਨ dysfunctional ਘਰੇਲੂ ਵਾਤਾਵਰਣ ਦੇ ਨਾਲ-ਨਾਲ ਗਰੀਬੀ, ਭਾਈਚਾਰਕ ਹਿੰਸਾ, ਵਿਘਨ ਪਈ ਸਕੂਲੀ ਸਿੱਖਿਆ, ਅਪੰਗਤਾ ਅਤੇ ਪਰਿਵਾਰਕ ਮੁਸ਼ਕਲਾਂ ਵਰਗੇ ਵਿਆਪਕ ਕਾਰਕ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਵਿਵਹਾਰ ਵਿੱਚ ਤਬਦੀਲੀਆਂ, ਸਮਾਜਿਕ ਅਲੱਗ-ਥਲੱਗਤਾ, ਅਕਾਦਮਿਕ ਮੁਸ਼ਕਲਾਂ ਅਤੇ ਜੋਖਮ ਲੈਣ ਵਾਲਾ ਵਿਵਹਾਰ ਅੰਤਰੀਵ ਮੁਸ਼ਕਲਾਂ ਦਾ ਸੰਕੇਤ ਦੇ ਸਕਦਾ ਹੈ ਜਿਸ ਲਈ ਸਮੇਂ ਸਿਰ ਸਹਾਇਤਾ ਦੀ ਲੋੜ ਹੁੰਦੀ ਹੈ।

ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ 135 ਸਕੋਰ ਬੱਚੇ ਲਈ ਇੱਕ ਲੇਬਲ ਨਹੀਂ ਬਣਨਾ ਚਾਹੀਦਾ। ਇਸ ਦੀ ਬਜਾਏ, ਮੁਸ਼ਕਲਾਂ ਦੀ ਪਛਾਣ ਨਾਲ ਸ਼ੁਰੂਆਤੀ ਸਹਾਇਤਾ, ਜਿੱਥੇ ਲੋੜ ਹੋਵੇ ਸੁਰੱਖਿਆ ਅਤੇ ਮਜ਼ਬੂਤ ਸੁਰੱਖਿਆ ਵਾਲੇ ਵਾਤਾਵਰਣ ਬਣਨੇ ਚਾਹੀਦੇ ਹਨ।

ਹੋਰ ਸੈਸ਼ਨਾਂ ਵਿੱਚ ਰਿਸ਼ਤੇ, ਅਸਵੀਕਾਰ ਅਤੇ ਲਚਕੀਲਾਪਣ, ਸਵੈ-ਨੁਕਸਾਨ, ਸਿਗਰਟਨੋਸ਼ੀ, ਵੈਪਿੰਗ ਅਤੇ ਨਸ਼ੀਲੇ ਪਦਾਰਥਾਂ ਦਾ ਪ੍ਰਯੋਗ ਸ਼ਾਮਲ ਸੀ। ਮਾਹਰਾਂ ਨੇ ਕਿਸ਼ੋਰ ਅਵਸਥਾ ਨੂੰ ਸਿਹਤਮੰਦ ਵਿਵਹਾਰ ਵਿਕਸਤ ਕਰਨ ਅਤੇ ਭਵਿੱਖ ਦੇ ਸਿਹਤ ਜੋਖਮਾਂ ਨੂੰ ਰੋਕਣ ਲਈ ਇੱਕ ਮਹੱਤਵਪੂਰਨ ਸਮੇਂ ਵਜੋਂ ਵੀ ਚਰਚਾ ਕੀਤੀ।

ਸੋਸ਼ਲ ਮੀਡੀਆ, ਡਿਜੀਟਲ ਜੋਖਮਾਂ ਅਤੇ ਮਾਨਸਿਕ ਸਿਹਤ 'ਤੇ ਇੱਕ ਸੈਸ਼ਨ ਨੇ ਕਿਸ਼ੋਰਾਂ ਦੇ ਤੇਜ਼ੀ ਨਾਲ ਡਿਜੀਟਲ ਹੁੰਦੇ ਸਮਾਜਿਕ ਵਾਤਾਵਰਣ ਦੇ ਰਿਸ਼ਤਿਆਂ, ਵਿਵਹਾਰ ਅਤੇ ਮਨੋਵਿਗਿਆਨਕ ਤੰਦਰੁਸਤੀ 'ਤੇ ਪ੍ਰਭਾਵ ਦੀ ਜਾਂਚ ਕੀਤੀ। ਇੱਕ ਵਿਹਾਰਕ ਸੈਸ਼ਨ ਨੇ ਭਾਗੀਦਾਰਾਂ ਨੂੰ ਵਾਧੂ ਸਹਾਇਤਾ ਦੀ ਲੋੜ ਵਾਲੇ ਕਿਸ਼ੋਰਾਂ ਦੀ ਪ੍ਰਣਾਲੀਗਤ ਪਛਾਣ ਲਈ ਵਿਆਪਕ ਮਨੋ-ਸਮਾਜਿਕ ਮੁਲਾਂਕਣ ਪਹੁੰਚਾਂ ਨਾਲ ਜਾਣੂ ਕਰਵਾਇਆ। ਸੀਐਮਈ ਦਾ ਸਮਾਪਨ ਸਕੂਲਾਂ ਅਤੇ ਕਾਲਜਾਂ ਵਿੱਚ ਨਿਊਰੋਡਾਇਵਰਸ ਕਿਸ਼ੋਰਾਂ ਦੀ ਸਹਾਇਤਾ 'ਤੇ ਚਰਚਾ ਨਾਲ ਹੋਇਆ, ਜਿਸ ਵਿੱਚ ਸਮਾਵੇਸ਼ੀ ਵਿਦਿਅਕ ਵਾਤਾਵਰਣ ਅਤੇ ਨੌਜਵਾਨਾਂ ਦੀਆਂ ਲੋੜਾਂ ਨੂੰ ਸੁਣਨ 'ਤੇ ਜ਼ੋਰ ਦਿੱਤਾ ਗਿਆ। ਪ੍ਰੋਗਰਾਮ ਨੇ ਕਿਸ਼ੋਰ ਲਚਕੀਲਾਪਣ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਵਿੱਚ ਸ਼ੁਰੂਆਤੀ ਪਛਾਣ, ਸਹਾਇਕ ਬਾਲਗ ਸਬੰਧਾਂ ਅਤੇ ਸੁਰੱਖਿਅਤ ਵਿਦਿਅਕ ਵਾਤਾਵਰਣ ਦੀ ਮਹੱਤਤਾ ਨੂੰ ਉਜਾਗਰ ਕੀਤਾ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਲੋਕਾਂ ਲਈ ਵੱਡੀ ਰਾਹਤ: ਕੁਲਵੰਤ ਸਿੰਘ

**• ਜ਼ਿਲ੍ਹੇ ਵਿੱਚ ਹੁਣ ਤੱਕ 1.80 ਲੱਖ ਰਜਿਸਟ੍ਰੇਸ਼ਨਾਂ, 42 ਹਜ਼ਾਰ ਸਿਹਤ ਬੀਮਾ ਕਾਰਡ ਬਣ ਕੇ ਪਹੁੰਚੇ**



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਲੋਕਾਂ ਨੂੰ 10 ਲੱਖ ਰੁਪਏ ਤੱਕ ਦੇ ਨਕਦ ਰਹਿਤ ਇਲਾਜ ਦੀ ਸਹੂਲਤ ਮਿਲਣ ਨਾਲ ਸੂਬੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ। ਇਹ ਪ੍ਰਗਟਾਵਾ ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਪਿੰਡ ਸੁਹਾਣਾ ਅਤੇ ਕੁੰਭੜਾ ਵਿਖੇ ਯੋਜਨਾ ਤਹਿਤ ਲੋਕਾਂ ਨੂੰ ਸਿਹਤ ਬੀਮਾ ਕਾਰਡ ਵੰਡਣ ਮੌਕੇ ਕੀਤਾ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਸਿਹਤ ਬੀਮਾ ਕਾਰਡ ਲੋਕਾਂ ਲਈ ਮੁਸ਼ਕਲ ਸਮੇਂ ਵਿੱਚ ਵੱਡਾ ਸਹਾਰਾ ਬਣ ਰਿਹਾ ਹੈ ਅਤੇ ਯੋਜਨਾ ਤਹਿਤ ਯੋਗ ਪਰਿਵਾਰਾਂ ਨੂੰ ਲੋੜ ਪੈਣ 'ਤੇ ਸੂਚੀਬੱਧ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਦੇ ਇਲਾਜ ਦੀ ਸਹੂਲਤ ਮਿਲਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਚਿਹਰਿਆਂ 'ਤੇ ਇਸ ਸਹੂਲਤ ਨੂੰ ਲੈ ਕੇ ਖੁਸ਼ੀ ਅਤੇ ਸੰਤੁਸ਼ਟੀ ਸਪੱਸ਼ਟ ਤੌਰ 'ਤੇ ਵੇਖੀ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ ਲਗਭਗ 1.80 ਲੱਖ ਰਜਿਸਟ੍ਰੇਸ਼ਨਾਂ ਹੋ ਚੁੱਕੀਆਂ ਹਨ, ਜਦਕਿ ਇਨ੍ਹਾਂ ਵਿੱਚੋਂ 42 ਹਜ਼ਾਰ ਸਿਹਤ ਬੀਮਾ ਕਾਰਡ ਬਣ ਕੇ ਪ੍ਰਾਪਤ ਹੋ ਚੁੱਕੇ ਹਨ, ਜੋ ਲਾਭਪਾਤਰੀਆਂ ਨੂੰ ਵੰਡੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਾਕੀ ਰਜਿਸਟ੍ਰੇਸ਼ਨਾਂ ਦੀ ਪ੍ਰਕਿਰਿਆ ਵੀ ਜਾਰੀ ਹੈ, ਤਾਂ ਜੋ ਵੱਧ ਤੋਂ ਵੱਧ ਯੋਗ ਪਰਿਵਾਰ ਇਸ ਸਹੂਲਤ ਦਾ ਲਾਭ ਲੈ ਸਕਣ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਸ਼ੁਰੂ ਕੀਤੀਆਂ ਵੱਖ-ਵੱਖ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਸਹੂਲਤਾਂ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣਾ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ ਅਤੇ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਨਾਲ ਪੰਜਾਬ ਵਿੱਚ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਕੁਝ ਆਗੂਆਂ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਬੰਧੀ ਗਲਤਫਹਿਮੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਯੋਜਨਾ ਦੇ ਲਾਗੂ ਹੋਣ ਸਬੰਧੀ ਕੋਈ ਸ਼ੰਕਾ ਹੈ ਤਾਂ ਉਹ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਦਾ ਦੌਰਾ ਕਰਕੇ ਜ਼ਮੀਨੀ ਹਕੀਕਤ ਦੀ ਜਾਣਕਾਰੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਯੋਜਨਾ ਤਹਿਤ ਜਿੱਥੇ ਲੋਕਾਂ ਨੂੰ ਇਲਾਜ ਦੀ ਸਹੂਲਤ ਮਿਲ ਰਹੀ ਹੈ, ਉਸ ਬਾਰੇ ਤੱਥਾਂ ਦੇ ਆਧਾਰ 'ਤੇ ਲੋਕਾਂ ਨੂੰ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ।

ਇਸ ਮੌਕੇ ਐਸ.ਐਮ.ਓ. ਘੜੂੰਆਂ ਡਾ. ਪ੍ਰੀਤ ਮੋਹਨ, ਸੀਨੀਅਰ ਡਿਪਟੀ ਮੇਅਰ ਆਰ.ਪੀ. ਸ਼ਰਮਾ, ਡਿਪਟੀ ਮੇਅਰ ਨਗਰ ਨਿਗਮ ਹਰਪਾਲ ਸਿੰਘ ਚੰਨਾ, ਕੌਂਸਲਰ ਸ਼ਰਨਜੀਤ ਕੌਰ, ਕੌਂਸਲਰ ਹਰਜੀਤ ਸਿੰਘ ਭੋਲੂ, ਕੌਂਸਲਰ ਰਮਨਪ੍ਰੀਤ ਕੌਰ, ਤਰਲੋਚਨ ਸਿੰਘ ਮਟੌਰ, ਕੁਲਦੀਪ ਸਿੰਘ ਸਾਮਣਾ, ਅਕਵਿੰਦਰ ਸਿੰਘ ਗੋਸਲ, ਦਰਸ਼ਨ ਸਿੰਘ ਮਟੌਰ, ਪਰਵਿੰਦਰ ਸਿੰਘ ਸੋਹਣਾ, ਅਮਰਜੀਤ ਸਿੰਘ ਸਿੱਧੂ, ਜਸਪਾਲ ਸਿੰਘ ਮਟੌਰ, ਭੁਪਿੰਦਰ ਸਿੰਘ ਮਾਸਟਰ, ਤਰਨਜੀਤ ਕੌਰ, ਜਸਵੀਰ ਕੌਰ, ਗੁਰਵਿੰਦਰ ਕੌਰ, ਮੀਨਾਕਸ਼ੀ, ਜਸਮੇਰ ਸਿੰਘ, ਬਲਦੇਵ ਸਿੰਘ ਅਤੇ ਕਰਨੈਲ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਪ੍ਰੋ. ਸੰਜੇ ਜੈਨ, ਡੀਨ (ਅਕਾਦਮਿਕ) ਪੀਜੀਆਈ ਨੇ ਅੱਜ ਸੇਵਾਮੁਕਤੀ 'ਤੇ 05 ਅਧਿਕਾਰੀਆਂ/ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ

**ਚੰਡੀਗੜ੍ਹ, 30 ਸਤੰਬਰ (ਪੈ.ਗਾਮ-ਏ-ਜਗਤ)**

ਪ੍ਰੋ. ਸੰਜੇ ਜੈਨ, ਡੀਨ (ਅਕਾਦਮਿਕ) ਨੇ ਅੱਜ ਸੇਵਾਮੁਕਤੀ 'ਤੇ 05 ਅਧਿਕਾਰੀਆਂ/ਕਰਮਚਾਰੀਆਂ ਨੂੰ ਭਾਸ਼ਣ ਦੇ ਕੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ; ਪ੍ਰੋ. ਅਸ਼ੋਕ ਕੁਮਾਰ, ਮੈਡੀਕਲ ਸੁਪਰਡੈਂਟ; ਲੈਫਟੀਨੈਂਟ ਕਰਨਲ ਜੀ. ਐਸ. ਭੱਟੀ, ਸੁਪਰਡੈਂਟ ਹਸਪਤਾਲ ਇੰਜੀਨੀਅਰ; ਡਾ. ਸ਼ਵੇਤਾ ਤਲਾਟੀ, ਐਡੀਸ਼ਨਲ ਪ੍ਰੋਫੈਸਰ, ਹਸਪਤਾਲ ਪ੍ਰਸ਼ਾਸਨ ਵਿਭਾਗ; ਸ੍ਰੀਮਤੀ ਜਸਪਾਲ ਕੌਰ, ਚੀਫ਼ ਨਰਸਿੰਗ ਅਫ਼ਸਰ; ਸ਼੍ਰੀ ਰਤਨ ਲਾਲ ਠਾਕੁਰ, ਸੀਨੀਅਰ ਪ੍ਰਸ਼ਾਸਕੀ ਅਧਿਕਾਰੀ (ਵਿਜੀਲੈਂਸ) ਵੀ ਇਸ ਮੌਕੇ 'ਤੇ ਹਾਜ਼ਰ ਸਨ।

ਰਵਿੰਦਰ ਸਿੰਘ, IA&AS, ਵਿੱਤੀ ਸਲਾਹਕਾਰ ਨੇ ਸੇਵਾਮੁਕਤੀ ਵਿੱਤੀ ਭੁਗਤਾਨ ਪੱਤਰ ਵੰਡੇ।

ਲਖਵਿੰਦਰ ਸਿੰਘ ਸਹੋਤਾ, ਸਹਾਇਕ ਨਰਸਿੰਗ ਸੁਪਰਡੈਂਟ, ਨਿਊ ਐਮਰਜੈਂਸੀ ਓ.ਟੀ.; ਸ੍ਰੀਮਤੀ ਸੋਨੀਆ ਚਾਰਲਸ (30.09.2026 ਨੂੰ VRS) ਸੀਨੀਅਰ ਨਰਸਿੰਗ ਅਫ਼ਸਰ, EMOPD; ਸ੍ਰੀਮਤੀ ਜਸਵਿੰਦਰ ਕੌਰ, ਸੀਨੀਅਰ ਨਰਸਿੰਗ ਅਫ਼ਸਰ, ਰੀਨਲ ਟ੍ਰਾਂਸਪਲਾਂਟ ਆਈਸੀਯੂ; ਸ਼੍ਰੀ ਪਵਨ ਕੁਮਾਰ, ਹਸਪਤਾਲ ਅਟੈਂਡੈਂਟ, ਗ੍ਰੇਡ-9, ਐਮ. ਐਚ. ਏ. ਕੰਟਰੋਲ ਰੂਮ; ਸ਼੍ਰੀ ਰਘਬੀਰ ਸਿੰਘ, ਹਸਪਤਾਲ ਅਟੈਂਡੈਂਟ, ਗ੍ਰੇਡ-999, ਵਿਜੀਲੈਂਸ ਸੈੱਲ, ਪੀਜੀਆਈ ਨੂੰ ਆਪਣੀ ਜ਼ਿੰਦਗੀ ਦੇ 28 ਤੋਂ 36 ਸਾਲ ਸਮਰਪਿਤ ਕਰਨ ਤੋਂ ਬਾਅਦ ਪੀਜੀਆਈਐਮਈਆਰ ਤੋਂ ਸੇਵਾਮੁਕਤ ਹੋਏ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

**ਸੰਗਰੂਰ, 30 ਸਤੰਬਰ (ਪੈ.ਗਾਮ-ਏ-ਜਗਤ)**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦਫ਼ਤਰ, ਸੰਗਰੂਰ ਵੱਲੋਂ Satin Credit Care Network Ltd. ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 01.10.2026 ਦਿਨ ਵੀਰਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦਫ਼ਤਰ, ਸੰਗਰੂਰ ਵਿਖੇ ਸਵੇਰੇ 10 ਵਜੇ ਤੋਂ 1 ਵਜੇ ਤਕ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੰਪਨੀ ਵੱਲੋਂ Executive (ਕੇਵਲ ਲੜਕੇ ਲਈ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿਅਕ ਯੋਗਤਾ ਘੱਟੋ-ਘੱਟ 12ਵੀਂ ਪਾਸ, ਉਮਰ 19 ਸਾਲ ਤੋਂ 32 ਸਾਲ ਹੋਣੀ ਚਾਹੀਦੀ ਹੈ।

ਪ੍ਰਾਰਥੀ ਕੋਲ ਆਪਣਾ ਦੋ ਪਹੀਆ ਵਾਹਨ, ਡਰਾਈਵਿੰਗ ਲਾਇਸੈਂਸ ਹੋਣਾ ਚਾਹੀਦਾ ਹੈ। ਚਾਹਵਾਨ ਅਤੇ ਯੋਗ ਪ੍ਰਾਰਥੀ ਰਜ਼ਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਮਿਲਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦਫ਼ਤਰ, ਸੰਗਰੂਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਜਨਗਣਨਾ 2027 ਦੇ ਫੇਜ਼-99 ਲਈ ਫੀਲਡ ਟ੍ਰੇਨਰਾਂ ਦੇ ਦੂਜੇ ਬੈਚ ਦੀ ਤਿੰਨ ਰੋਜ਼ਾ ਸਿਖਲਾਈ

**ਨਗਰ ਨਿਗਮ ਮੋਹਾਲੀ ਵਿਖੇ 28 ਤੋਂ 30 ਸਤੰਬਰ ਤੱਕ ਦਿੱਤੀ ਗਈ ਸਿਖਲਾਈ**



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਜਨਗਣਨਾ 2027 ਦੇ ਫੇਜ਼-99 (ਆਬਾਦੀ ਦੀ ਗਿਣਤੀ) ਸਬੰਧੀ ਫੀਲਡ ਟ੍ਰੇਨਰਾਂ (ਐਫ.ਟੀਜ਼) ਦੇ ਦੂਜੇ ਬੈਚ ਦੀ ਤਿੰਨ ਰੋਜ਼ਾ ਸਿਖਲਾਈ 28 ਸਤੰਬਰ ਤੋਂ 30 ਸਤੰਬਰ ਤੱਕ ਕਾਨਫਰੰਸ ਹਾਲ, ਨਗਰ ਨਿਗਮ ਭਵਨ, ਸੈਕਟਰ-68, ਮੋਹਾਲੀ ਵਿਖੇ ਹੋਈ। ਇਹ ਸਿਖਲਾਈ ਪ੍ਰੋਗਰਾਮ ਪ੍ਰਮੁੱਖ ਜਨਗਣਨਾ ਅਧਿਕਾਰੀ (ਪੀ.ਸੀ.ਓ.), ਨਗਰ ਨਿਗਮ ਕਮਿਸ਼ਨਰ ਮੋਹਾਲੀ ਸੰਦੀ ਸਿੰਘ ਗਾੜ੍ਹਾ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਇਸ ਦੌਰਾਨ ਨੈਸ਼ਨਲ ਟ੍ਰੇਨਰਾਂ ਤੋਂ ਸਿਖਲਾਈ ਪ੍ਰਾਪਤ ਮਾਸਟਰ ਟ੍ਰੇਨਰਾਂ ਵੱਲੋਂ ਸਿਖਲਾਈ ਦਿੱਤੀ ਜਾ ਰਹੀ ਹੈ।

ਨਗਰ ਨਿਗਮ ਕਮਿਸ਼ਨਰ ਸ੍ਰੀ ਸੰਦੀਪ ਸਿੰਘ ਗਾੜ੍ਹਾ ਪੀ.ਸੀ.ਐਸ. ਨੇ ਸਿਖਲਾਈ ਪ੍ਰੋਗਰਾਮ ਦੌਰਾਨ ਫੀਲਡ ਟ੍ਰੇਨਰਾਂ ਨੂੰ ਆਪਣੀਆਂ ਡਿਊਟੀਆਂ ਪੂਰੀ ਇਮਾਨਦਾਰੀ, ਸਹੀ ਢੰਗ ਅਤੇ ਆਪਸੀ ਤਾਲਮੇਲ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ, ਤਾਂ ਜੋ ਜਨਗਣਨਾ 2027 ਦੇ ਫੇਜ਼-99 ਦਾ ਕੰਮ ਸੁਚਾਰੂ ਅਤੇ ਸਹੀ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਜ਼ਿਲ੍ਹਾ ਐਸ.ਏ.ਐਸ. ਨਗਰ ਵਿੱਚ ਨਗਰ ਨਿਗਮ ਸਮੇਤ ਕੁੱਲ 76 ਫੀਲਡ ਟ੍ਰੇਨਰਾਂ ਦੀ ਸਮਰੱਥਾ ਹੈ, ਜਿਨ੍ਹਾਂ ਨੂੰ ਦੋ ਬੈਚਾਂ ਵਿੱਚ ਸਿਖਲਾਈ ਦਿੱਤੀ ਜਾਣੀ ਹੈ। ਇਨ੍ਹਾਂ ਵਿੱਚੋਂ ਪਹਿਲੇ ਬੈਚ ਦੀ ਸਿਖਲਾਈ 22 ਤੋਂ 24 ਸਤੰਬਰ 2026 ਤੱਕ ਮੁਕੰਮਲ ਹੋ ਚੁੱਕੀ ਹੈ, ਜਦਕਿ ਦੂਜੇ ਬੈਚ ਦੀ ਸਿਖਲਾਈ ਨਗਰ ਨਿਗਮ ਦਫ਼ਤਰ ਵਿਖੇ ਹੋਈ ਹੈ। ਇਹ ਸਿਖਲਾਈ ਮੁਕੰਮਲ ਹੋਣ ਉਪਰੰਤ ਫੀਲਡ ਟ੍ਰੇਨਰ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਅਸਲ ਮੈਦਾਨੀ ਅਮਲੇ, ਅਰਥਾਤ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਸਿਖਲਾਈ ਦੇਣਗੇ, ਜੋ ਆਬਾਦੀ ਦੀ ਗਿਣਤੀ ਦੇ ਕੰਮ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋਣਗੇ।

ਭਾਰਤ ਸਰਕਾਰ ਵੱਲੋਂ ਪਹਿਲਾਂ ਹੀ ਐਲਾਨੇ ਗਏ ਪ੍ਰੋਗਰਾਮ ਅਨੁਸਾਰ ਪੰਜਾਬ ਵਿੱਚ ਸਵੈ-ਗਣਨਾ 16 ਨਵੰਬਰ ਤੋਂ 30 ਨਵੰਬਰ 2026 ਤੱਕ ਹੋਵੇਗੀ। ਇਸ ਤੋਂ ਬਾਅਦ ਆਬਾਦੀ ਦੀ ਗਿਣਤੀ ਦਾ ਕੰਮ 1 ਦਸੰਬਰ 2026 ਤੋਂ 4 ਜਨਵਰੀ 2027 ਤੱਕ ਕੀਤਾ ਜਾਵੇਗਾ ਅਤੇ 5 ਤੋਂ 9 ਜਨਵਰੀ 2027 ਤੱਕ ਸੋਧ ਦੌਰ ਚਲਾਇਆ ਜਾਵੇਗਾ। ਲੋਕ ਘਰ-ਘਰ ਜਾ ਕੇ ਕੀਤੇ ਜਾਣ ਵਾਲੇ ਸਰਵੇਖਣ ਤੋਂ ਪਹਿਲਾਂ ਭਾਰਤ ਸਰਕਾਰ ਦੇ ਅਧਿਕਾਰਤ ਸਵੈ-ਗਣਨਾ ਪੋਰਟਲ/ਵੈੱਬਸਾਈਟ ਰਾਹੀਂ ਆਪਣੀ ਜਨਗਣਨਾ ਸਬੰਧੀ ਜਾਣਕਾਰੀ ਆਨਲਾਈਨ ਦਰਜ ਕਰਵਾ ਸਕਦੇ ਹਨ। 28 ਤੋਂ 30 ਸਤੰਬਰ 2026 ਤੱਕ ਇਸ ਤਿੰਨ ਰੋਜ਼ਾ ਸਿਖਲਾਈ ਦੌਰਾਨ ਆਬਾਦੀ ਦੀ ਗਿਣਤੀ ਨਾਲ ਸਬੰਧਤ ਸਾਰੇ ਮਹੱਤਵਪੂਰਨ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਗਈ। ਸਿਖਲਾਈ ਦੌਰਾਨ ਭਾਗੀਦਾਰਾਂ ਨੂੰ ਗਿਣਤੀ ਸਮੇਂ ਪੁੱਛੇ ਜਾਣ ਵਾਲੇ 40 ਸਵਾਲਾਂ, ਉਨ੍ਹਾਂ ਨੂੰ ਸਹੀ ਢੰਗ ਨਾਲ ਪੁੱਛਣ ਦੀ ਵਿਧੀ ਅਤੇ ਸਹੀ ਜਨਗਣਨਾ ਅੰਕੜੇ ਇਕੱਠੇ ਕਰਨ ਵਿੱਚ ਉਨ੍ਹਾਂ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਸਮਝਾਇਆ ਗਿਆ। ਇਸ ਤੋਂ ਇਲਾਵਾ ਪੀ.ਈ. ਮੋਬਾਈਲ ਐਪ (ਪਾਪੂਲੇਸ਼ਨ ਐਨਿਊਮੇਰੇਸ਼ਨ ਐਪ) ਚਲਾਉਣ ਅਤੇ ਗਿਣਤੀ ਬਲਾਕ ਦਾ ਲੇਆਉਟ ਨਕਸ਼ਾ ਤਿਆਰ ਕਰਨ ਸਬੰਧੀ ਵਿਹਾਰਕ ਸਿਖਲਾਈ ਵੀ ਦਿੱਤੀ ਜਾਵੇਗੀ।

ਇਸ ਮੌਕੇ ਮਾਸਟਰ ਟ੍ਰੇਨਰ ਸ੍ਰੀ ਮੁਕੇਸ਼ ਕੁਮਾਰ ਅਤੇ ਸ੍ਰੀ ਵਿਸ਼ਾਲ ਧੂਮੜਾ ਵੱਲੋਂ ਫੀਲਡ ਟ੍ਰੇਨਰਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਸਿਟੀ ਜਨਗਣਨਾ ਅਧਿਕਾਰੀ ਸ੍ਰੀ ਨਵਦੀਪ ਸਿੰਘ, ਪੀ.ਸੀ.ਐਸ., ਮੋਹਾਲੀ ਵੀ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਇਸ ਤੋਂ ਇਲਾਵਾ ਨਗਰ ਨਿਗਮ ਦਫ਼ਤਰ ਦੇ ਚਾਰਜ ਅਫ਼ਸਰ, ਚਾਰਜ ਕਲਰਕ ਅਤੇ ਤਕਨੀਕੀ ਸਹਾਇਕ ਵੀ ਮੌਜੂਦ ਸਨ।

# ਉਂਕਾਰ ਸਿੰਘ ਵਿਰੁੱਧ ਦਰਜ ਮਾਮਲਾ ਵਾਪਸ ਲਿਆ ਜਾਵੇ- ਪ੍ਰਕਾਸ਼ ਭਾਰਤੀ

**ਪੈ.ਗਾਮ-ਏ-ਜਗਤ**

**ਅੰਬਾਲਾ, 30 ਸਤੰਬਰ (ਆਰ.ਸਿੰਘ)**

ਇਨੈਲੋ ਦੇ ਰਾਸ਼ਟਰੀ ਉਪ ਪ੍ਰਧਾਨ ਪ੍ਰਕਾਸ਼ ਭਾਰਤੀ ਦੀ ਮੌਜੂਦਗੀ ਵਿੱਚ ਇਨੈਲੋ ਆਗੂਆਂ ਨੇ ਅੰਬਾਲਾ ਕੈਂਟ ਵਿਚ ਪ੍ਰੈੱਸ ਕਾਨਫ਼ਰੰਸ ਕਰ ਕੇ ਪ੍ਰਦੇਸ਼ਕ ਬੁਲਾਰੇ ਉਂਕਾਰ ਸਿੰਘ ਵਿਰੁੱਧ ਦਰਜ ਮਾਮਲੇ 'ਤੇ ਗੁੱਸਾ ਪ੍ਰਗਟ ਕੀਤਾ। ਪ੍ਰਕਾਸ਼ ਭਾਰਤੀ ਨੇ ਓਂਕਾਰ ਸਿੰਘ ਵਿਰੁੱਧ ਦਰਜ ਮਾਮਲਾ ਖ਼ਾਰਜ ਕਰਨ ਦੀ ਮੰਗ ਕੀਤੀ।

ਪ੍ਰਕਾਸ਼ ਭਾਰਤੀ ਨੇ ਕਿਹਾ ਕਿ ਉਂਕਾਰ ਸਿੰਘ ਇਨੈਲੋ ਦੇ ਸੂਬਾਈ ਬੁਲਾਰੇ ਹਨ ਅਤੇ ਅੰਬਾਲਾ ਕੈਂਟ ਵਿਧਾਨ ਸਭਾ ਹਲਕੇ ਤੋਂ ਵਿਧਾਨ ਸਭਾ ਚੋਣ ਲੜ ਚੁੱਕੇ ਹਨ। ਉਹ ਇੱਕ ਵਿਸਲ ਬਲੋਅਰ ਅਤੇ ਆਰਟੀਆਈ ਕਾਰਕੁਨ ਵਜੋਂ ਕੰਮ ਕਰ ਰਹੇ ਹਨ ਅਤੇ ਆਮ ਜਨਤਾ ਦੇ ਮੁੱਦੇ ਉਠਾਉਂਦੇ ਹਨ। ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਉਨ੍ਹਾਂ ਕੋਲ ਆਉਂਦੇ ਹਨ ਅਤੇ ਉਂਕਾਰ ਸਿੰਘ ਉਨ੍ਹਾਂ ਸਮੱਸਿਆਵਾਂ ਨੂੰ ਸਬੰਧਿਤ ਅਧਿਕਾਰੀਆਂ ਕੋਲ ਉਠਾਉਂਦੇ ਹਨ ਤੇ ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ।

ਜਗਮਾਲ ਸਿੰਘ ਰੌਲਾਂ ਨੇ ਪ੍ਰੈੱਸ ਨੂੰ ਦੱਸਿਆ ਕਿ ਉਂਕਾਰ ਸਿੰਘ ਨੂੰ ਰਾਜੇਸ਼ ਸ਼ਰਮਾ ਨੇ ਉਸ ਗਲੀ 'ਤੇ ਬੁਲਾਇਆ ਸੀ ਜਿੱਥੇ ਵਿਵਾਦ ਹੋਇਆ ਸੀ ਅਤੇ ਉਹ ਉਸ ਦੇ ਸੱਦੇ 'ਤੇ ਪਹੁੰਚੇ ਸਨ। ਉਸ ਦਾ ਸਥਾਨਕ ਨਗਰ ਕੌਂਸਲ (ਐਮਸੀ) ਅਤੇ ਮਕਾਨ ਮਾਲਕ ਰਾਜੇਸ਼ ਵਿਚਕਾਰ ਝਗੜਾ ਹੋਇਆ ਸੀ। ਰੌਲਾਂ ਨੇ ਕਿਹਾ ਕਿ ਉਂਕਾਰ ਸਿੰਘ ਦੀ ਇਸ ਵਿਵਾਦ ਵਿੱਚ ਕੋਈ ਭੂਮਿਕਾ ਨਹੀਂ ਸੀ ਫਿਰ ਵੀ ਉਸ ਨੂੰ ਝੂਠੇ ਤੌਰ 'ਤੇ ਕੇਸ ਵਿੱਚ ਫਸਾਇਆ ਗਿਆ ਹੈ।

ਪਾਰਟੀ ਬੁਲਾਰੇ ਅਮਨ ਕੇਸਰੀ ਨੇ ਕਿਹਾ ਕਿ ਪੁਲੀਸ ਪ੍ਰਸ਼ਾਸਨ ਨੂੰ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਬੇਕਸੂਰ ਵਿਅਕਤੀ ਇਸ ਮਾਮਲੇ ਵਿੱਚ ਨਾ ਫਸੇ। ਉਨ੍ਹਾਂ ਮੰਗ ਕੀਤੀ ਕਿ ਹਰਿਆਣਾ ਸਰਕਾਰ ਉਂਕਾਰ ਸਿੰਘ ਅਤੇ ਹੋਰ ਇਨੈਲੋ ਵਰਕਰਾਂ ਵਿਰੁੱਧ ਦਰਜ ਕੇਸ ਤੁਰੰਤ ਵਾਪਸ ਲਵੇ।

ਪ੍ਰੈੱਸ ਕਾਨਫ਼ਰੰਸ ਵਿਚ ਮੁਲਾਣਾ ਹਲਕੇ ਦੇ ਮੁਖੀ ਜਗਬੀਰ ਸਿੰਘ, ਪੁਰਸ਼ੋਤਮ ਉੱਪਲ, ਅੰਬਾਲਾ ਹਲਕੇ ਦੇ ਪ੍ਰਧਾਨ ਅੰਕੁਰ ਚੌਧਰੀ, ਸੁਖਪ੍ਰੀਤ ਸੇਠੀ, ਤੁਸ਼ਾਰ ਕੌਸ਼ਿਕ, ਮਿਹਰ ਸਿੰਘ ਜਾਟ, ਮਦਨ ਲਾਲ ਬਬਿਆਲ, ਮਨਦੀਪ ਸਿੰਘ, ਚਰਨਜੀਤ ਬਿੰਦਰਾ ਅਤੇ ਹੋਰ ਪਾਰਟੀ ਵਰਕਰ ਮੌਜੂਦ ਸਨ।

# ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸੱਤ ਦਿਨਾਂ ਰੁਜ਼ਗਾਰ ਯੋਗਤਾ ਅਤੇ ਹੁਨਰ ਸਿਖਲਾਈ ਪ੍ਰੋਗਰਾਮ ਆਰੰਭ

**ਪੈ.ਗਾਮ-ਏ-ਜਗਤ**
**ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਨਿਰਦੇਸ਼ ਤਹਿਤ ਕਾਲਜ ਦੇ ਕੈਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈੱਲ ਵਲੋਂ ਆਈ. ਕਿਊ. ਏ. ਸੀ. ਸੈੱਲ ਦੇ ਸਹਿਯੋਗ ਨਾਲ ਸੱਤ ਦਿਨਾਂ ਰੁਜ਼ਗਾਰ ਯੋਗਤਾ ਅਤੇ ਹੁਨਰ ਸਿਖਲਾਈ ਪ੍ਰੋਗਰਾਮ ਆਰੰਭ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਮਹਿੰਦਰਾ ਐਂਡ ਮਹਿੰਦਰਾ ਨੰਦੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਾਲਜ ਵਿਦਿਆਰਥੀਆਂ ਨੂੰ ਵਪਾਰਕ ਅਤੇ ਪੇਸ਼ੇਵਰ ਹੁਨਰ ਵਿਕਾਸ ਸੰਬੰਧੀ ਉਤਸ਼ਾਹਿਤ ਕਰਨ ਲਈ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਮਹਿੰਦਰਾ ਐਂਡ ਮਹਿੰਦਰਾ ਨੰਦੀ ਫਾਊਂਡੇਸ਼ਨ ਵਲੋਂ ਮੁੱਖ ਬੁਲਾਰੇ ਵਜੋਂ ਮੈਡਮ ਰਿਤਿਕਾ ਨੇ ਸ਼ਿਰਕਤ ਕੀਤੀ। ਮੁੱਖ ਬੁਲਾਰੇ ਮੈਡਮ ਰਿਤਿਕਾ ਨੇ ਵਿਦਿਆਰਥੀਆਂ ਨੂੰ ਕੈਰੀਅਰ ਦੇ ਵਿਕਾਸ ਦੇ ਮਹੱਤਵਪੂਰਨ ਪਹਿਲੂਆਂ 'ਤੇ ਮਾਰਗਦਰਸ਼ਨ ਕਰਦਿਆਂ, ਸੰਚਾਰ ਹੁਨਰ, ਇੰਟਰਵਿਊ ਤਕਨੀਕ, ਨਿੱਜੀ ਵਿਵਰਣ ਤਿਆਰ ਕਰਨ ਸਮੇਤ ਕੰਮ ਦੀ ਥਾਂ 'ਤੇ ਨੈਤਿਕਤਾ ਸਬੰਧੀ ਵਿਚਾਰ ਰੱਖੇ। ਪਿ?ਰੰਸੀਪਲ ਡਾ. ਅਮਨਦੀਪ ਹੀਰਾ ਨੇ ਮੁੱਖ ਬੁਲਾਰੇ ਮੈਡਮ ਰਿਤਿਕਾ ਦਾ ਸਵਾਗਤ ਕਰਦਿਆਂ ਕੈਰੀਅਰ ਅਧਾਰਿਤ ਸਿੱਖਿਆ ਪ੍ਰਦਾਨ ਕਰਨ ਲਈ ਅਦਾਰੇ ਦੀ ਵੱਚਨਬੱਧਤਾ 'ਤੇ ਜ਼ੋਰ ਦਿੰਦੇ ਹੋਏ ਇੰਜ. ਸੁਖਮਿੰਦਰ ਸਿੰਘ ਸਕੱਤਰ ਸਿੱਖਿਆ ਅਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਵਿਦਿਆਰਥੀ ਦੇ ਕੈਰੀਅਰ ਵਿਚ ਵਾਧੇ ਲਈ ਬਹੁਤ ਹੀ ਲਾਹੇਵੰਦ ਹੋਵੇਗਾ। ਉਨ੍ਹਾਂ ਕਿਹਾ ਕਿ ਕਾਲਜ ਵਿਦਿਆਰਥੀਆਂ ਦਾ ਹੁਨਰ ਵਧਾਉਣ, ਵਿਦਿਆਰਥੀਆਂ ਨੂੰ ਰੁਜ਼ਗਾਰ ਲਈ ਤਿਆਰ ਕਰਨ, ਭਵਿੱਖ ਦੇ ਕੈਰੀਅਰ ਵਿਚ ਕਾਮਯਾਬ ਹੋਣ ਲਈ ਸਮੇਂ ਦੇ ਹਾਣੀ ਬਣਾਉਣ ਲਈ ਯਤਨਸ਼ੀਲ ਹੈ। ਕੈਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈੱਲ ਦੇ ਕੋਆਰਡੀਨੇਟਰ ਡਾ. ਗੁਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਅਜੋਕੀ ਨੌਕਰੀ ਮਾਰਕੀਟ ਵਿਚ ਹੁਨਰ ਅਧਾਰਿਤ ਸਿੱਖਿਆ ਦੀ ਮਹੱਤਤਾ 'ਤੇ ਚਾਨਣਾ ਪਾਇਆ। ਸਟੇਜ ਦੀ ਕਾਰਵਾਈ ਪ੍ਰੋ. ਕਿਰਨਜੋਤ ਕੌਰ ਵਲੋਂ ਚਲਾਈ ਗਈ। ਇਸ ਮੌਕੇ ਡਾ. ਕੁਲਦੀਪ ਕੌਰ, ਡਾ. ਮੁਕੇਸ਼ ਕੁਮਾਰ, ਪ੍ਰੋ. ਮਨਬੀਰ ਕੁਮਾਰ, ਹੋਰ ਸਟਾਫ਼ ਮੈਂਬਰ ਅਤੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀ ਹਾਜ਼ਰ ਹੋਏ।

# ਕਰੜਾ ਗੋਤ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ 4 ਅਕਤੂਬਰ ਨੂੰ

**ਪੈ.ਗਾਮ-ਏ-ਜਗਤ**
**ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)**



ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰੜਾ ਗੋਤ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ, ਪਿੰਡ ਬਿੰਜੋ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਵਿਖੇ ਸਥਾਨ ਜਠੇਰਿਆਂ ਦੇ ਧਾਰਮਿਕ ਅਸਥਾਨ ਤੇ ਮਿਤੀ04/ 10/ 2026 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਦਿਨ ਸਭ ਤੋਂ ਪਹਿਲਾਂ ਰੋਸ਼ਨ ਚਿਰਾਗ, ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਜਾਵੇਗੀ ਇਸ ਉਪਰੰਤ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਮੌਕੇ ਚਾਹ ਪਕੌੜਿਆਂ ਦਾ ਤੇ ਗੁਰੂ ਦੇ ਲੰਗਰ ਅਤੁੱਟ ਚੱਲਣਗੇ. ਇਸ ਮੌਕੇ ਤੇ ਸੇਵਾਦਾਰ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ,ਬੀਬੀ ਬਲਵੀਰ ਕੌਰ ਠੰਡਲ,ਹੁਸਨ ਲਾਲ ਬਲਵੰਤ ਸਿੰਘ (ਸਾਬਕਾ ਚੀਫ ਇੰਜੀਨੀਅਰ ਪਟਿਆਲਾ) ਮੁਕੱਦਰ ਕਰੜਾ ,ਜਸਵੀਰ ਕਰੜਾ, ਰਸ਼ਪਾਲ ਕਰੜਾ, ਗਿਆਨ ਸਿੰਘ ਨੰਬਰਦਾਰ, ਰਾਜਕੁਮਾਰ ਰਾਜੂ, ਚਰੰਜੀ ਲਾਲ, ਹਰਦਿਆਲ ਸਿੰਘ, ਓਕਾਰ ਸਿੰਘ, ਧਰਮਪਾਲ ਕਰੜਾ, ਮਹਿੰਦਰ ਪਾਲ ਬਾੜੀਆਂ, ਲਛਮਣ ਸਿੰਘ ਅੰਮ੍ਰਿਤਸਰ, ਰਾਮਜੀਤ ਕਰੜਾ, ਤੀਰਥ ਕਰੜਾ, ਮਾਸਟਰ ਸੋਮਰਾਥ ਕਰੜਾ, ਤਰਸੇਮ ਕਰੜਾ,ਕੁਲਦੀਪ ਸਲੋਹ ਆਦਿ ਸੇਵਾ ਕਰਨਗੇ।

# ਡਿਪਟੀ ਕਮਿਸ਼ਨਰ ਨੇ ਸੜਕ ਸੁਰੱਖਿਆ ਨਾਲ ਜੁੜੇ ਵੱਖ-ਵੱਖ ਮੁੱਦਿਆਂ ਦੀ ਸਮੀਖਿਆ ਕੀਤੀ, ਸਬੰਧਤ ਵਿਭਾਗਾਂ ਨੂੰ ਲੋੜੀਂਦੀ ਕਾਰਵਾਈ ਦੇ ਨਿਰਦੇਸ਼ ਦਿੱਤੇ

**ਪੈ.ਗਾਮ-ਏ-ਜਗਤ**
**ਨਵਾਂਸ਼ਹਿਰ (ਦੇਸ ਰਾਜ ਬਾਲੀ)**

**ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਆਯੋਜਿਤ**



ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਸੜਕ ਸੁਰੱਖਿਆ ਨਾਲ ਸਬੰਧਤ ਵੱਖ-ਵੱਖ ਅਹਿਮ ਮੁੱਦਿਆਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ ਅਤੇ ਸੜਕ ਹਾਦਸਿਆਂ ਦੀ ਰੋਕਥਾਮ ਅਤੇ ਟ੍ਰੈਫਿਕ ਵਿਵਸਥਾ ਨੂੰ ਹੋਰ ਬਿਹਤਰ ਬਣਾਉਣ ਲਈ ਸਬੰਧਤ ਵਿਭਾਗਾਂ ਨੂੰ ਲੋੜੀਂਦੀ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਦੀ ਸਮੀਖਿਆ ਕੀਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹੇ ਦੀ ਟ੍ਰੈਫਿਕ ਵਿਵਸਥਾ ਨਾਲ ਜੁੜੇ ਮੁੱਦਿਆਂ 'ਤੇ ਚਰਚਾ ਹੋਈ, ਜਿਸ ਵਿੱਚ ਡਾ. ਅੰਬੇਡਕਰ ਚੌਂਕ ਦੀ ਟ੍ਰੈਫਿਕ ਲਾਈਟ, ਚੰਡੀਗੜ੍ਹ-ਫਗਵਾੜਾ ਸੜਕ ਦੇ ਨਵਾਂਸ਼ਹਿਰ ਵੱਲ ਜਾਂਦੇ ਹਿੱਸੇ 'ਤੇ ਲਾਈਟ ਪੋਲ ਲਗਾਉਣ, ਲੰਗੜੋਆ ਅਤੇ ਮਹਾਲੋਂ ਦੇ ਐਂਟਰੀ/ਐਗਜ਼ਿਟ ਪੁਆਇੰਟਾਂ 'ਤੇ ਟ੍ਰੈਫਿਕ ਪ੍ਰਬੰਧ ਅਤੇ ਟ੍ਰੈਫਿਕ ਫਰਨੀਚਰ ਨਾਲ ਸਬੰਧਤ ਕੰਮ ਸ਼ਾਮਲ ਰਹੇ।

ਡਿਪਟੀ ਕਮਿਸ਼ਨਰ ਨੇ ਈ-DAR ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਸੜਕ ਹਾਦਸਿਆਂ ਨਾਲ ਜੁੜੇ ਮਾਮਲਿਆਂ ਦਾ ਡਾਟਾ ਸਮੇਂ ਸਿਰ ਅਪਡੇਟ ਕਰਨ ਅਤੇ ਆਪਸੀ ਤਾਲਮੇਲ ਨਾਲ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਰਾਹ-ਵੀਰ ਯੋਜਨਾ ਅਤੇ ਫਰਿਸ਼ਤੇ ਯੋਜਨਾ ਦੀ ਪ੍ਰਗਤੀ ਦੀ ਸਮੀਖਿਆ ਕਰਦਿਆਂ ਸੜਕ ਹਾਦਸਾ ਪੀੜਤਾਂ ਨੂੰ ਸਮੇਂ ਸਿਰ ਸਹਾਇਤਾ ਦੇਣ ਦੀ ਵਿਵਸਥਾ ਨੂੰ ਹੋਰ ਅਸਰਦਾਰ ਬਣਾਉਣ 'ਤੇ ਜ਼ੋਰ ਦਿੱਤਾ ਗਿਆ।

ਪੀਐਮ-ਰਾਹਤ ਯੋਜਨਾ ਦੀ ਵੀ ਸਮੀਖਿਆ ਕੀਤੀ ਗਈ। ਇਸ ਤੋਂ ਇਲਾਵਾ ਹੈਲਮੇਟ ਨਿਯਮਾਂ ਦੀ ਪਾਲਣਾ, ਚਲਾਨ ਦੀ ਸਥਿਤੀ, LED/ਚਿੱਟੀਆਂ ਤੇਜ਼ ਲਾਈਟਾਂ ਸਬੰਧੀ ਜ਼ਬਤੀ ਦੀ ਕਾਰਵਾਈ ਅਤੇ ਗਲਤ ਲੇਨ ਵਿੱਚ ਵਾਹਨ ਚਲਾਉਣ ਦੇ ਮਾਮਲਿਆਂ 'ਤੇ ਵੀ ਵਿਸਥਾਰ ਨਾਲ ਚਰਚਾ ਹੋਈ। ਡਿਪਟੀ ਕਮਿਸ਼ਨਰ ਨੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਹਿੱਟ ਐਂਡ ਰਨ ਮਾਮਲਿਆਂ ਦੀ ਵੀ ਸਮੀਖਿਆ ਕੀਤੀ ਗਈ ਅਤੇ ਜ਼ਿਲ੍ਹੇ ਵਿੱਚ ਹਾਦਸਾ ਸੰਭਾਵਿਤ ਬਲੈਕ ਸਪਾਟਸ ਦੀ ਪਛਾਣ ਅਤੇ ਉਨ੍ਹਾਂ ਦੇ ਸੁਧਾਰ ਦੇ ਪ੍ਰਸਤਾਵ 'ਤੇ ਵਿਚਾਰ-ਵਟਾਂਦਰਾ ਹੋਇਆ।

ਇਸ ਤੋਂ ਇਲਾਵਾ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਵਾਹਨਾਂ ਦੀ ਸੁਰੱਖਿਆ ਵਿਵਸਥਾ, ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਪਿਛਲੇ ਮਹੀਨੇ ਦੌਰਾਨ ਪੈਦਲ ਯਾਤਰੀਆਂ ਨਾਲ ਸਬੰਧਤ ਸੱਟ ਅਤੇ ਮੌਤ ਦੇ ਮਾਮਲਿਆਂ ਦੀ ਵੀ ਸਮੀਖਿਆ ਕੀਤੀ ਗਈ।

ਡਿਪਟੀ ਕਮਿਸ਼ਨਰ ਸ੍ਰੀ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਸੜਕ ਸੁਰੱਖਿਆ ਸਮੂਹਿਕ ਜ਼ਿੰਮੇਵਾਰੀ ਹੈ ਅਤੇ ਵੱਖ-ਵੱਖ ਵਿਭਾਗਾਂ ਦੇ ਬਿਹਤਰ ਤਾਲਮੇਲ ਨਾਲ ਹੀ ਸੜਕ ਹਾਦਸਿਆਂ ਵਿੱਚ ਕਮੀ ਅਤੇ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਦੇ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ।

# ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਮਹਾਰਾਜਾ ਯਾਦਵਿੰਦਰਾ ਕ੍ਰਿਕਟ ਸਟੇਡੀਅਮ ਮੁੱਲਾਂਪੁਰ ਅਤੇ ਆਲੇ-ਦੁਆਲੇ ਏਰੀਆ ਵਿੱਚ 'ਨੋ ਫਲਾਇੰਗ ਜ਼ੋਨ' ਘੋਸ਼ਿਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦਿਆ ਮਹਾਰਾਜਾ ਯਾਦਵਿੰਦਰਾ ਕ੍ਰਿਕਟ ਸਟੇਡੀਅਮ ਮੁੱਲਾਂਪੁਰ ਅਤੇ ਇਸ ਦੇ ਆਲੇ-ਦੁਆਲੇ ਏਰੀਆ ਨੂੰ ਨੋ-ਡਰੋਨ ਅਤੇ ਨੋ ਫਲਾਈ ਜ਼ੋਨ ਘੋਸ਼ਿਤ ਕਰਦਿਆਂ, 3 ਅਕਤੂਬਰ 2026 ਨੂੰ ਕਿਸੇ ਵੀ ਕਿਸਮ ਦੇ ਫਲਾਇੰਗ ਆਬਜੈਕਟ ਨੂੰ ਉਡਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਮਹਾਰਾਜਾ ਯਾਦਵਿੰਦਰਾ ਕ੍ਰਿਕਟ ਸਟੇਡੀਅਮ, ਮੁੱਲਾਂਪੁਰ ਵਿੱਚ 3 ਅਕਤੂਬਰ 2026 ਨੂੰ ਹੋਣ ਵਾਲੇ ਕ੍ਰਿਕਟ ਮੈਚ ਦੇ ਮੱਦੇਨਜ਼ਰ ਲਾਗੂ ਰਹਿਣਗੇ।

# ਰੇਲਵੇ ਨੇ ਸਫ਼ਾਈ ਕਰਮਚਾਰੀਆਂ ਲਈ ਸਿਹਤ ਜਾਂਚ ਅਤੇ ਜਾਗਰੂਕਤਾ ਕੈਂਪ ਲਾਏ

**ਪੈ.ਗਾਮ-ਏ-ਜਗਤ**
**ਅੰਬਾਲਾ, 30 ਸਤੰਬਰ (ਆਰ.ਸਿੰਘ)**

*ਰੇਲਵੇ ਦੀ ਅੰਬਾਲਾ ਡਿਵੀਜ਼ਨ ਵੱਲੋਂ ਸਫ਼ਾਈ ਮਿੱਤਰਾਂ (ਸਫ਼ਾਈ ਕਰਮਚਾਰੀਆਂ) ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਪਹਿਲਕਦਮੀ ਕਰਦਿਆਂ ਵੱਖ-ਵੱਖ ਸਿਹਤ ਇਕਾਈਆਂ 'ਤੇ ਸਿਹਤ ਜਾਂਚ ਅਤੇ ਜਾਗਰੂਕਤਾ ਕੈਂਪ ਲਾਏ ਗਏ ਅਤੇ ਕਰਮਚਾਰੀਆਂ ਨੂੰ ਪੀਪੀਈ ਕਿੱਟਾਂ ਵੰਡੀਆਂ ਗਈਆਂ। 'ਸਵੱਛਤਾ ਹੀ ਸੇਵਾ-2026' ਮੁਹਿੰਮ ਦੇ ਹਿੱਸੇ ਵਜੋਂ ਅੰਬਾਲਾ ਡਿਵੀਜ਼ਨ ਵੱਲੋਂ ਸਫ਼ਾਈ ਕਰਮਚਾਰੀਆਂ ਦੀ ਸਿਹਤ, ਸੁਰੱਖਿਆ ਅਤੇ ਸਮਾਜਿਕ ਤੰਦਰੁਸਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਅੱਜ ਡਵੀਜ਼ਨਲ ਰੇਲਵੇ ਹਸਪਤਾਲ ਅੰਬਾਲਾ ਕੈਂਟ, ਪਟਿਆਲਾ, ਕਾਲਕਾ, ਯਮੁਨਾ ਨਗਰ, ਧੂਰੀ ਅਤੇ ਬਠਿੰਡਾ ਵਿੱਚ ਵੱਖ-ਵੱਖ ਸਿਹਤ ਇਕਾਈਆਂ ਵਿੱਚ ਸਫ਼ਾਈ ਮਿੱਤਰਾਂ ਅਤੇ ਹੋਰ ਕਰਮਚਾਰੀਆਂ ਲਈ ਸਿਹਤ ਜਾਂਚ ਅਤੇ ਜਾਗਰੂਕਤਾ ਕੈਂਪ ਲਾਏ ਗਏ। ਕੈਂਪਾਂ ਵਿੱਚ ਰੇਲਵੇ ਦੇ ਕਮਿਊਨਿਟੀ ਅਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਸਫ਼ਾਈ ਕਰਮਚਾਰੀਆਂ ਦੀ ਸਿਹਤ ਜਾਂਚ ਕੀਤੀ ਅਤੇ ਲੋੜ ਅਨੁਸਾਰ ਸਿਹਤ ਸਲਾਹ ਅਤੇ ਜ਼ਰੂਰੀ ਸਾਵਧਾਨੀਆਂ ਪ੍ਰਦਾਨ ਕੀਤੀਆਂ। ਕਰਮਚਾਰੀਆਂ ਨੂੰ ਨਿੱਜੀ ਆਜ਼ਾਦੀ, ਸਿਹਤ ਸੁਰੱਖਿਆ ਅਤੇ ਸੁਰੱਖਿਅਤ ਪਖਾਨਿਆਂ ਬਾਰੇ ਵੀ ਸਲਾਹ ਦਿੱਤੀ ਗਈ।*

# ਬੀ.ਡੀ.ਸੀ ਵਲੋਂ ਕੌਮੀ ਖੂਨਦਾਨ ਦਿਵਸ ਮੌਕੇ ਖੂਨ ਦੇ ਗਰੁੱਪ ਤੇ ਐਚ.ਬੀ ਜਾਂਚ ਦਾ ਮੁਫਤ ਕੈਂਪ ਲਗੇਗਾ

**ਪੈ.ਗਾਮ-ਏ-ਜਗਤ/ਨਵਾਂਸ਼ਹਿਰ (ਦੇਸ ਰਾਜ ਬਾਲੀ)**




ਸਥਾਨਕ ਬਲੱਡ ਡੋਨਰਜ਼ ਕੌਂਸਲ ਵਲੋਂ ਪਹਿਲੀ ਅਕਤੂਬਰ ਨੂੰ ਕੌਮੀ ਖੂਨਦਾਨ ਦਿਵਸ ਤੇ ਹਰ ਸਾਲ ਦੀ ਤਰ੍ਹਾਂ ਸਵੈ ਇਛੁੱਕ ਖੂਨਦਾਨ ਕੈਂਪ ਦੇ ਆਯੋਜਿਨ ਤੋਂ ਇਲਾਵਾ ਇਸ ਵਾਰ ਖੂਨ ਦੇ ਗਰੁੱਪ ਤੇ ਐਚ.ਬੀ ਜਾਂਚ ਦੇ ਮੁਫਤ ਕੈਂਪ ਦਾ ਆਯੋਜਿਨ ਵੀ ਕੀਤਾ ਜਾਵੇਗਾ। ਖੂਨ ਦੀ ਕਮੀ ਵਾਲ੍ਹੇ ਵਿਅਕਤੀਆਂ ਨੂੰ ਮੁਫਤ ਦਵਾਈ ਵੀ ਦਿੱਤੀ ਜਾਵੇਗੀ। ਇਸ ਸਬੰਧੀ ਸੰਸਥਾ ਦੀ ਮੀਟਿੰਗ ਐਸ.ਕੇ.ਸਰੀਨ ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨ ਐਸ.ਕੇ.ਸਰੀਨ, ਸਕੱਤਰ ਜੇ.ਐਸ.ਗਿੱਦਾ ਤੇ ਵਿੱਤ ਸਕੱਤਰ ਪ੍ਰਵੇਸ਼ ਕੁਮਾਰ ਨੇ ਖੂਨਦਾਨੀਆਂ ਤੇ ਪਬਲਿਕ ਨੂੰ ਅਪੀਲ ਕੀਤੀ ਹੈ ਕਿ ਕੌਮੀ ਪੱਧਰ ਦੇ ਖੂਨਦਾਨ ਦਿਵਸ ਮੌਕੇ ਬੀ.ਡੀ.ਸੀ.ਦੇ ਬਲੱਡ ਸੈਂਟਰ ਵਿਖੇ ਹਾਜ਼ਰੀਆਂ ਭਰਨ ਤਾਂ ਕਿ ਇਸ ਦਿਨ ਨੂੰ ਸਮਰਪਿਤ ਕਾਰਜ ਸਫਲ ਹੋ ਸਕਣ।

# ਗੁਰਦੁਆਰਾ ਸ਼ਹੀਦ ਗੰਜ ਉੜਾਪੜ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਹੋਇਆਂ ਨਤਮਸਤਕ

**ਪੈ.ਗਾਮ-ਏ-ਜਗਤ**
**ਨਵਾਂਸ਼ਹਿਰ (ਦੇਸ ਰਾਜ ਬਾਲੀ)**

- **ਗੁਰੂ ਨਾਨਕ ਸਾਹਿਬ ਨੇ ਔਰਤ ਜਾਤੀ ਲਈ ਪਹਿਲੀ ਵਾਰ ਬਰਾਬਰੀ ਅਤੇ ਇਨਸਾਫ ਦੀ ਅਵਾਜ ਨੂੰ ਬੁਲੰਦ ਕੀਤਾ : ਗਿਆਨੀ ਸਰਬਜੀਤ ਸਿੰਘ ਢੋਟੀਆਂ**



ਅਕਾਲ ਪੁਰਖ ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਆਰੰਭ ਕੀਤੀ ਗਈ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਸ਼ਹੀਦ ਗੰਜ ਉੜਾਪੜ ਵਿਖੇ ਹੋਏ ਵਿਸ਼ੇਸ਼ ਗੁਰਮਤਿ ਸਮਾਗਮ ਦੌਰਾਨ ਗੁਰਬਾਣੀ ਕੀਰਤਨ ਦੀ ਆਰੰਭਤਾ ਭਾਈ ਸੁਖਜਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਗੰਜ ਵੱਲੋਂ ਕੀਤੀ ਗਈ।

ਉਹਨਾਂ ਤੋਂ ਬਾਅਦ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਨੇ ਅੰਮ੍ਰਿਤਮਈ ਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਦੇ ਕੀਰਤਨ ਦੌਰਾਨ ਮਾਹੌਲ ਬਹੁਤ ਹੀ ਰੂਹਾਨੀਅਤ ਭਰਪੂਰ ਰਿਹਾ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਸ ਤਰਾਂ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦੀ ਵਰਖਾ ਹੋ ਰਹੀ ਹੋਵੇ। ਸੰਗਤਾਂ ਨੇ ਖੁਦ ਵੀ ਨਾਲ ਨਾਲ ਬਾਣੀ ਦਾ ਉਚਾਰਣ ਕਰਕੇ ਕੀਰਤਨ ਦਾ ਖੂਬ ਆਨੰਦ ਮਾਣਿਆ। ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੈਡ ਪ੍ਰਚਾਰਕ ਗਿਆਨੀ ਸਰਬਜੀਤ ਸਿੰਘ ਢੋਟੀਆਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਵਿੱਚੋਂ ਵਿਦਿਆ ਪੜਾਉਣ ਆਏ ਪਾਂਧੇ ਅਤੇ ਮੌਲਵੀ ਲਾਲ ਕੀਤੇ ਗਏ ਸੰਵਾਦ ਅਤੇ ਉਹਨਾਂ ਨੂੰ ਬਖਸ਼ੇ ਹੋਏ ਉਪਦੇਸ਼ਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ। ਗੁਰੂ ਨਾਨਕ ਸਾਹਿਬ ਵੱਲੋਂ ਔਰਤ ਜਾਤੀ ਨੂੰ ਦਿੱਤੇ ਗਏ ਸਨਮਾਨ ਬਾਰੇ ਗੁਰਬਾਣੀ ਅਤੇ ਇਤਿਹਾਸ ਵਿੱਚੋਂ ਮਿਸਾਲਾਂ ਦੇ ਕੇ ਉਨ੍ਹਾਂ ਨੇ ਸੰਗਤਾਂ ਦਾ ਮਨ ਮੋਹ ਲਿਆ।

ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵੱਲੋਂ ਰਾਗੀ ਜਥੇ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੁੱਖ ਸੇਵਾਦਾਰ ਸੁਰਜੀਤ ਸਿੰਘ ਵੱਲੋਂ ਜਿੱਥੇ ਸੰਗਤਾਂ ਵੱਲੋਂ ਮਿਲ ਰਹੇ ਭਰਪੂਰ ਸਹਿਯੋਗ ਲਈ ਉਹਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਤਰਲੋਚਨ ਸਿੰਘ ਖਟਕੜ ਕਲਾਂ ਵੱਲੋਂ ਹਰ ਰੋਜ਼ ਦੀ ਤਰ੍ਹਾਂ ਕੀਤਾ ਗਿਆ। ਅੱਜ ਦੇ ਸਮਾਗਮ ਦੌਰਾਨ ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹਿੰਗਾ ਸਿੰਘ, ਉੱਪ ਪ੍ਰਧਾਨ ਦਲਵਾਰਾ ਸਿੰਘ, ਜਨਰਲ ਸਕੱਤਰ ਗੁਰਮੇਲ ਸਿੰਘ , ਕੈਸ਼ੀਅਰ ਚਰਨ ਸਿੰਘ, ਅਵਤਾਰ ਸਿੰਘ ਤਰਲੋਕ ਸਿੰਘ, ਕਮਲਜੀਤ ਸਿੰਘ, ਹੰਸਾ ਸਿੰਘ, ਰਵਿੰਦਰ ਸਿੰਘ ਆਈ ਟੀ ਓ, ਮਹਿੰਦਰ ਸਿੰਘ ਖਾਲਸਾ ਪ੍ਰਧਾਨ ਚੱਕਦਨਾ, ਸੁਖਵਿੰਦਰ ਸਿੰਘ ਸਕੱਤਰ, ਪ੍ਰਕਾਸ਼ ਸਿੰਘ, ਭਾਈ ਸੁਖਵਿੰਦਰ ਸਿੰਘ ਜਵੱਦੀ, ਹਰਜੀਤ ਸਿੰਘ ਅਮਨਜੀਤ ਸਿੰਘ ਹਰਨੇਕ ਸਿੰਘ ਅਤੇ ਗੁਰਦੁਆਰਾ ਸ਼ਹੀਦ ਗੰਜ ਦੀ ਪ੍ਰਬੰਧਕ ਕਮੇਟੀ ਦੇ ਹੋਰਨਾਂ ਮੈਂਬਰਾਂ ਦੇ ਨਾਲ ਨਾਲ ਉੜਾਪੜ, ਚੱਕਦਾਨਾ, ਲਸਾੜਾ, ਔੜ, ਗਰਚਾ, ਰਾਹੋਂ, ਭਾਰਟਾ ਕਲਾਂ, ਭਾਰਟਾ ਖੁਰਦ ਅਤੇ ਨਵਾਂ ਸ਼ਹਿਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਸਨ। ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਉੱਤਮ ਸਿੰਘ ਸੇਠੀ, ਦੀਦਾਰ ਸਿੰਘ ਗਹੂੰਣ, ਜਗਦੀਪ ਸਿੰਘ ਕੈਸ਼ੀਅਰ, ਰਮਣੀਕ ਸਿੰਘ, ਪਰਮਿੰਦਰ ਸਿੰਘ ਕੰਵਲ, ਡਾਕਟਰ ਭਗਵਾਨ ਸਿੰਘ, ਸੁਖਵਿੰਦਰ ਸਿੰਘ ਗੋਬਿੰਦਪੁਰ, ਪਲਵਿੰਦਰ ਸਿੰਘ ਕਰਿਆਮ, ਜਸਕਰਨ ਸਿੰਘ ਹੰਸਰੋਂ, ਗਿਆਨ ਸਿੰਘ, ਹਰਜਿੰਦਰ ਸਿੰਘ ਅਟਾਰੀ, ਗੁਰਦੇਵ ਸਿੰਘ ਗਹੂੰਣ, ਦਲਜੀਤ ਸਿੰਘ ਬਡਵਾਲ, ਡਾ. ਭਗਵਾਨ ਸਿੰਘ, ਸਤਵੀਰ ਸਿੰਘ ਗੋਨੀ ਬੰਗਾ, ਦਿਲਬਾਗ ਸਿੰਘ ਰਾਹੋ ਬਖਸ਼ਿਸ਼ ਸਿੰਘ ਸੈਣੀ ਪਰਮਜੀਤ ਸਿੰਘ ਮੂਸਾਪੁਰ, ਮਹਿੰਦਰ ਪਾਲ ਚੰਦਰ ਪ੍ਰਿੰਸ ਐਨਕਲੇਵ, ਊਧਮ ਸਿੰਘ ਗੋਬਿੰਦਪੁਰ, ਨਵਦੀਪ ਸਿੰਘ ਰਾਮਪਾਲ ਰਾਏ, ਤਰਲੋਕ ਸਿੰਘ, ਗੁਰਪਾਲ ਸਿੰਘ ਅਤੇ ਨੇ ਵੀ ਹਾਜ਼ਰੀ ਲਗਵਾਈ।

# ਡਾ. ਜਸਵੰਤ ਰਾਏ ਦੀ ਪੁਸਤਕ 'ਬਾਬੂ ਮੰਗੂ ਰਾਮ ਮੁਗੋਵਾਲੀਆ' 'ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਹਿਸਟਰੀ ਵਿਭਾਗ ਨੇ ਕਰਵਾਈ ਗੋਸ਼ਟੀ

**ਪੈ.ਗਾਮ-ਏ-ਜਗਤ**
**ਹੁਸ਼ਿਆਰਪੁਰ (ਦਲਜੀਤ ਅਜਨੋਹਾ)**



ਪੰਜਾਬ ਯੂਨੀਵਰਸਿਟੀ ਦੇ ਹਿਸਟਰੀ ਵਿਭਾਗ ਨੇ ਡਾ. ਜਸਵੰਤ ਰਾਏ ਖੋਜ ਅਫ਼ਸਰ, ਭਾਸ਼ਾ ਵਿਭਾਗ ਪੰਜਾਬ ਦੀ ਆਦਿ ਧਰਮ ਲਹਿਰ ਦੇ ਸ਼ਤਾਬਦੀ ਵਰ੍ਹੇ 'ਤੇ ਆਈ ਨਵੀਂ ਪੁਸਤਕ 'ਬਾਬੂ ਮੰਗੂ ਰਾਮ ਮੁਗੋਵਾਲੀਆ' 'ਤੇ ਗੋਸ਼ਟੀ ਸਮਾਗਮ ਕਰਵਾਇਆ ਜਿਸ ਦੀ ਪ੍ਰਧਾਨਗੀ ਚੇਅਰਮੈਨ ਹਿਸਟਰੀ ਵਿਭਾਗ ਡਾ. ਜਸਬੀਰ ਸਿੰਘ, ਪ੍ਰੋ. ਅਸ਼ੀਸ਼ ਕੁਮਾਰ, ਪ੍ਰੋ. ਸੰਤੋਸ਼ ਕੇ ਸਿੰਘ ਨੇ ਕੀਤੀ।

ਜੀ ਆਇਆਂ ਸ਼ਬਦ ਆਖਦਿਆਂ ਡਾ. ਜਸਬੀਰ ਸਿੰਘ ਨੇ ਕਿਹਾ ਕਿ ਸਾਡਾ ਵਿਭਾਗ ਹਰ ਹਫ਼ਤੇ ਇੱਕ ਅਹਿਮ ਪੁਸਤਕ 'ਤੇ ਗੋਸ਼ਟੀ ਕਰਵਾਉਂਦਾ ਹੈ। ਇਸ ਵਾਰ ਆਦਿ ਧਰਮ ਲਹਿਰ ਦੇ ਸ਼ਤਾਬਦੀ ਵਰ੍ਹੇ 'ਤੇ ਡਾ. ਜਸਵੰਤ ਰਾਏ ਦੀ ਨਵੀਂ ਛਪ ਕੇ ਆਈ ਅਹਿਮ ਪੁਸਤਕ ਦਾ ਇਸ ਗੋਸ਼ਟੀ ਦਾ ਅੰਗ ਬਣਨਾ ਸਾਡੇ ਸਕਾਲਰਾਂ ਲਈ ਬੜਾ ਲਾਹੇਵੰਦ ਹੋਵੇਗਾ। ਡਾ. ਜਸਵੰਤ ਰਾਏ ਨੇ ਆਪਣਾ ਮੁਖ ਭਾਸ਼ਣ ਪੇਸ਼ ਕਰਦਿਆਂ ਕਿਹਾ ਕਿ ਬਾਬੂ ਮੰਗੂ ਰਾਮ ਨੂੰ ਪੰਜਾਬ ਦਾ ਅੰਬੇਡਕਰ ਕਿਹਾ ਜਾਂਦਾ ਹੈ। ਇਨ੍ਹਾਂ ਦਾ ਦੇਸ਼ ਦੀ ਅਜ਼ਾਦੀ ਲਈ ਜੂਝਣ ਵਾਲੀ ਗ਼ਦਰ ਪਾਰਟੀ ਅਤੇ ਹਾਸ਼ੀਆਗਤ ਲੋਕਾਂ ਲਈ ਸਮਾਜਿਕ ਕ੍ਰਾਂਤੀ ਦੀ ਜੰਗ ਲੜਨ ਵਾਲੀ ਜੱਥੇਬੰਦੀ ਆਦਿ ਧਰਮ ਲਹਿਰ ਵਿੱਚ ਉੱਘਾ ਸਥਾਨ ਹੈ। ਪੰਜਾਬ ਦੇ ਅਛੂਤਾਂ ਨੂੰ ਆਦਿਧਰਮੀ ਨਾਂ ਦੇਣ ਦੇ ਨਾਲ? ਨਾਲ? ਉਨ੍ਹਾਂ ਲਈ ਵੱਖਰਾ ਧਰਮ, ਵੱਖਰਾ ਧਰਮ ਗ੍ਰੰਥ, ਵੱਖਰੇ ਗੁਰੂ, ਵੱਖਰਾ ਰੰਗ, ਵੱਖਰਾ ਸ਼ੁਭਕਾਮਨਾ ਸੰਦੇਸ਼ ਅਤੇ ਵੱਖਰੀ ਲਿਪੀ ਤਿਆਰ ਕਰਨਾ ਉਨ੍ਹਾਂ ਦੇ ਲਾਸਾਨੀ ਕੰਮ ਹਨ। 1928-1951 ਈਸਵੀ ਵਿੱਚ ਉਨ੍ਹਾਂ ਨੇ 'ਆਦੀ ਡੰਕਾ' ਨਾਂ ਦਾ ਅਖ਼ਬਾਰ ਕੱਢਿਆ ਜਿਹੜਾ ਉਰਦੂ ਅਤੇ ਗੁਰਮੁਖੀ ਭਾਸ਼ਾ ਵਿੱਚ ਛਪਦਾ ਸੀ। 1931 ਈਸਵੀ ਦੀ ਜਨਗਣਨਾ ਵਿੱਚ ਉਨ੍ਹਾਂ ਦੇ ਇੱਕ ਵਾਰ ਕਹਿਣ 'ਤੇ ਪੰਜ ਲੱਖ ਦੇ ਕਰੀਬ ਲੋਕਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਨਾਂ ਹੇਠ ਦਰਜ ਕਰਵਾਇਆ। ਦਲਿਤ ਲੋਕਾਂ ਲਈ ਸਕੂਲਾਂ ਵਿੱਚ ਦਾਖ਼ਲੇ, ਵਜ਼ੀਫੇ, ਨੌਕਰੀਆਂ, ਮਾਣ ਸਨਮਾਨ ਸਥਾਪਿਤ ਕਰਨ ਵਿੱਚ ਉਨ੍ਹਾਂ ਕੋਈ ਕਸਰ ਬਾਕੀ ਨਾ ਛੱਡੀ। ਉਨ੍ਹਾਂ ਦੇ ਕੀਤੇ ਸੰਘਰਸ਼ ਬਦੌਲਤ ਪੰਜਾਬ ਦਾ ਦਲਿਤ ਵਰਗ ਭਾਰਤ ਦੇ ਦੂਜੇ ਸੂਬਿਆਂ ਦੀ ਨਿਸਬਤਨ ਚੰਗੀ ਜ਼ਿੰਦਗੀ ਗੁਜ਼ਾਰ ਰਿਹਾ ਹੈ। ਪ੍ਰੋ. ਅਸ਼ੀਸ਼ ਕੁਮਾਰ ਨੇ ਭਾਰਤ ਦੀਆਂ ਆਦਿ ਲਹਿਰਾਂ ਦੇ ਇਤਿਹਾਸ ਵਿੱਚ ਆਦਿ ਧਰਮ ਲਹਿਰ ਅਤੇ ਬਾਬੂ ਮੰਗੂ ਰਾਮ ਜੀ ਦੇ ਜੀਵਨ ਸੰਘਰਸ਼ ਨੂੰ ਇੱਕ ਮਾਣਮੱਤੀ ਪ੍ਰਾਪਤੀ ਕਿਹਾ। ਮੁਖ ਭਾਸ਼ਣ ਉਪਰੰਤ ਹਾਜ਼ਰ ਖੋਜਾਰਥੀਆਂ ਵੱਲੋਂ ਕੀਤੇ ਸਵਾਲਾਂ ਦੇ ਡਾ. ਜਸਵੰਤ ਰਾਏ ਨੇ ਸੰਖੇਪ, ਢੁਕਵੇਂ ਅਤੇ ਪ੍ਰਸੰਗਿਕ ਜਵਾਬ ਦਿੱਤੇ। ਵਿਭਾਗ ਵੱਲੋਂ ਡਾ. ਜਸਵੰਤ ਰਾਏ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਸੋਨਾ ਸਿੰਘ ਸਹਾਇਕ ਪ੍ਰੋਫੈਸਰ ਹਿਸਟਰੀ ਵਿਭਾਗ ਨੇ ਬਾਖ਼ੂਬੀ ਨਿਭਾਈ।

ਇਸ ਸਮੇਂ ਹੁਸ਼ਿਆਰਪੁਰ ਤੋਂ ਸ਼ਾਇਰ ਜਸਬੀਰ ਸਿੰਘ ਧੀਮਾਨ, ਨਵੇਂ ਚੁਣੇ ਗਏ ਸੈਨੇਟਰ ਡਾ. ਕੁਲਵਿੰਦਰ ਸਿੰਘ, ਸਕਾਲਰ ਰੱਜਤ ਕੁਮਾਰ, ਅਵਲਨੂਰ ਸਿੰਘ, ਬਲਦੇਵ ਰਾਏ, ਜਸਵਿੰਦਰ ਸਿੰਘ, ਸਮਾਜਿਕ ਕਾਰਕੁੰਨ ਰਾਜੇਸ਼ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਸ਼ਿਵਧਾਮ ਮੰਦਰ ਨਵਾਂਸ਼ਹਿਰ ਵਿੱਚ ਵਰਸਿਆ ਰਸ ਵ੍ਰਿੰਦਾਵਨ, ਸੰਜੀਵ ਸ਼ਰਮਾ ਦੇ ਸੰਕੀਰਤਨ 'ਤੇ ਝੂਮੇ ਸ਼ਰਧਾਲੂ

**ਪੈ.ਗਾਮ-ਏ-ਜਗਤ/ਨਵਾਂਸ਼ਹਿਰ**
**29 ਸਤੰਬਰ (ਦੇਸ ਰਾਜ ਬਾਲੀ)**

- **ਸ਼ਿਆਮਾ ਸ਼ਿਆਮ ਸੰਕੀਰਤਨ ਮੰਡਲ ਦੇ 26ਵੇਂ ਸੰਮੇਲਨ ਦਾ ਦੂਜਾ ਦਿਨ ਅਧਿਆਤਮਿਕ ਰੰਗ ਵਿੱਚ ਰੰਗਿਆ**



ਸਥਾਨਕ ਨਹਿਰੂ ਗੇਟ ਸਥਿਤ ਮੰਦਰ ਸ਼ਿਵਧਾਮ ਵਿੱਚ ਸ਼ਿਆਮਾ ਸ਼ਿਆਮ ਸੰਕੀਰਤਨ ਮੰਡਲ ਵੱਲੋਂ ਕਰਵਾਏ ਜਾ ਰਹੇ 26ਵੇਂ ਸ਼੍ਰੀ ਹਰਿਨਾਮ ਸੰਕੀਰਤਨ ਸੰਮੇਲਨ ਦੇ ਦੂਜੇ ਦਿਨ ਸ਼ਿਵਧਾਮ ਕੰਪਲੈਕਸ ਵਿੱਚ ਵ੍ਰਿੰਦਾਵਨ ਵਰਗਾ ਭਗਤੀ ਵਾਲਾ ਮਾਹੌਲ ਬਣ ਗਿਆ। ਇਸ ਦੌਰਾਨ ਪੂਰਾ ਕੰਪਲੈਕਸ ਰਾਧਾ-ਕ੍ਰਿਸ਼ਨ ਦੀ ਭਗਤੀ, ਹਰਿਨਾਮ ਸੰਕੀਰਤਨ ਅਤੇ ਜੈਕਾਰਿਆਂ ਨਾਲ ਗੂੰਜਦਾ ਰਿਹਾ।

ਪਰਮ ਪੂਜਨੀਕ ਸ਼੍ਰੀ ਪ੍ਰੇਮਾਨੰਦ ਜੀ ਮਹਾਰਾਜ ਦੇ ਕਿਰਪਾ ਪਾਤਰ ਸੰਕੀਰਤਨ ਸਮਰਾਟ ਸੰਜੀਵ ਸ਼ਰਮਾ ਕੋਟਕਪੂਰਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਭਗਵਾਨ ਸ਼੍ਰੀ ਰਾਧਾ-ਕ੍ਰਿਸ਼ਨ ਦੀ ਭਗਤੀ ਨਾਲ ਭਰਪੂਰ ਭਜਨ ਪੇਸ਼ ਕੀਤੇ, ਜਿਸ 'ਤੇ ਸ਼ਰਧਾਲੂ ਝੂਮਣ ਅਤੇ ਨੱਚਣ ਲਈ ਮਜਬੂਰ ਹੋ ਗਏ। ਇਸ ਧਾਰਮਿਕ ਸਮਾਗਮ ਵਿੱਚ ਸੰਤ ਸਮਾਜ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਹਾਜ਼ਰੀ ਭਰੀ, ਜਿਨ੍ਹਾਂ ਵਿੱਚ ਨਵਾਂਸ਼ਹਿਰ ਦੇ ਵਿਧਾਇਕ ਨਛੱਤਰ ਪਾਲ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਕਾਂਗਰਸ ਪਾਰਟੀ ਦੇ ਆਗੂ ਸ਼ਾਮਲ ਸਨ। ਪ੍ਰਬੰਧਕ ਕਮੇਟੀ ਵੱਲੋਂ ਸੰਜੀਵ ਸ਼ਰਮਾ ਅਤੇ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਲੰਗਰ ਅਤੁੱਟ ਵਰਤਿਆ।

# ਮਿਊਸਪਲ ਪਬਲਿਕ ਪਾਰਕ ਵਿਖੇ ਸ਼ਹੀਦੇ ਆਜ਼ਮ ਸ: ਭਗਤ ਸਿੰਘ ਦਾ ਮਨਾਇਆ ਗਿਆ ਜਨਮ ਦਿਹਾੜਾ

**ਪੈ.ਗਾਮ-ਏ-ਜਗਤ**
**ਨਵਾਂਸ਼ਹਿਰ (ਦੇਸ ਰਾਜ ਬਾਲੀ)**



ਸ਼ਹੀਦੇ ਆਜ਼ਮ ਸ: ਭਗਤ ਸਿੰਘ ਦਾ ਜਨਮ ਦਿਹਾੜਾ ਅੱਜ ਮਿਊਸਪਲ ਪਬਲਿਕ ਪਾਰਕ ਵਿਖੇ ਪਾਰਕ ਮੈਨੇਜਮੈਂਟ, ਸੈਲਫ ਯੋਗਾ ਗਰੁੱਪ, ਓਲਡ ਇਜ ਗੋਲਡ ਕਲੱਬ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਸਾਂਝੇ ਤੌਰ ਤੇ ਮਨਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ ਪ੍ਰਮੁਖ ਸ਼ਖਸੀਅਤਾਂ ਅਤੇ ਅਤੇ ਸੰਸਥਾਵਾਂ ਦੇ ਸਮੂਹ ਮੈਂਬਰਾਂ ਨੇ ਭਾਗ ਲਿਆ।

- **ਦਸਵੀਂ ਗਿਆਰਵੀਂ ਅਤੇ ਬਾਰਵੀਂ ਦੇ ਵਿਦਿਆਰਥੀਆਂ ਦੇ ਕਰਵਾਏ ਗਏ ਜੀਕੇ ਮੁਕਾਬਲੇ**
- **ਜੇਤੂਆਂ ਨੂੰ ਕੀਤਾ ਗਿਆ ਗੋਲਡ ਅਤੇ ਸਿਲਵਰ ਮੈਡਲਾਂ ਨਾਲ ਸਨਮਾਨਿਤ**

ਇਸ ਮੌਕੇ ਓਲਡ ਇਜ ਗੋਲਡ ਕਲੱਬ ਵੱਲੋਂ ਦਸਵੀਂ, ਗਿਆਰਵੀਂ ਅਤੇ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਦਾ ਜਨਰਲ ਨਾਲਜ ਦਾ ਟੈਸਟ ਕਰਵਾਇਆ ਗਿਆ ਜਿਸ ਵਿੱਚ ਅਲੱਗ ਅਲੱਗ 10 ਸਕੂਲਾਂ ਦੇ 66 ਬੱਚਿਆਂ ਨੇ ਭਾਗ ਲਿਆ। ਮੈਰਿਟ ਵਿੱਚ ਆਏ ਪਹਿਲੇ 10 ਬੱਚਿਆਂ ਨੂੰ ਇਕ ਗੋਲਡ ਮੈਡਲ, ਚਾਰ ਸਿਲਵਰ ਅਤੇ ਪੰਜ ਅਲੱਗ ਅਲੱਗ ਉਪਹਾਰਾਂ ਅਤੇ ਪ੍ਰਸ਼ਸਤੀ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ।

ਸਨਮਾਨਿਤ ਹੋਣ ਵਾਲੇ ਬੱਚਿਆਂ ਵਿੱਚ ਅਵਾਨੀ ਸਿੰਘ, ਰੌਬਿਨਦੀਪ ਸਿੰਘ, ਗੁਰਸ਼ਰਨ ਸਿੰਘ, ਜਨੀਸ਼ਾ ਅਰੋੜਾ, ਹਰ ਸੀਰਤ ਕੌਰ ਮਾਹਿਲ, ਸੁਬਾਨੀ, ਮਨਵੀਰ ਕੌਰ, ਗੁਰਲੀਨ ਕੌਰ ਅਤੇ ਗੀਤ ਕੌਰ ਸ਼ਾਮਲ ਸਨ।

ਇਸ ਸਮਾਰੋਹ ਦੀ ਅਰੰਭਤਾ ਤੋਂ ਪਹਿਲਾਂ ਸੈਲਫ ਯੋਗਾ ਗਰੁੱਪ ਵਲੋਂ ਸ: ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਇਕ ਵਿਸ਼ੇਸ਼ ਯੋਗਾ ਕੈਂਪ ਲਗਾਇਆ ਗਿਆ ਜਿਸ ਵਿਚ ਗਰੁੱਪ ਦੇ ਸਮੁਚੇ ਮੈਂਬਰਾਂ ਨੇ ਸ਼ਿਰਕਤ ਕੀਤੀ।

ਉਪਰੰਤ ਪਬਲਿਕ ਪਾਰਕ ਵਿਖੇ ਹੋਏ ਇਕ ਸਾਦਾ ਸਮਾਰੋਹ ਵਿੱਚ ਅਲੱਗ ਅਲੱਗ ਬੁਲਾਰਿਆਂ ਵੱਲੋਂ ਸ: ਭਗਤ ਸਿੰਘ ਦੇ ਜੀਵਨ ਅਤੇ ਸ਼ਹਾਦਤ ਨਾਲ ਸੰਬੰਧਿਤ ਵਿਚਾਰ ਰੱਖ ਕੇ ਉਹਨਾਂ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ ਗਏ। ਬੁਲਾਰਿਆਂ ਨੇ ਸ਼ਹੀਦੇ ਆਜਮ ਭਗਤ ਸਿੰਘ ਨੂੰ ਦੇਸ਼ ਦਾ ਇੱਕ ਮਹਾਨ ਨਾਇਕ ਦੱਸਦੇ ਹੋਏ ਉਹਨਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਉਹਨਾਂ ਦੇ ਦਰਸਾਏ ਹੋਏ ਮਾਰਗ ਅਤੇ ਵਿਚਾਰਧਾਰਾ ਤੇ ਪਹਿਰਾ ਦੇਣ ਦਾ ਪ੍ਰਣ ਲਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਬੋਧਨ ਕਰਨ ਵਾਲਿਆਂ ਵਿਚ ਸ: ਦੀਦਾਰ ਸਿੰਘ ਮੁੱਖ ਸੇਵਾਦਾਰ ਪਾਰਕ ਮੈਨੇਜਮੈਂਟ, ਸੁਰਜੀਤ ਸਿੰਘ ਮੁੱਖ ਸੇਵਾਦਾਰ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਰਮੇਸ਼ ਚੰਦਰ ਮੁਰਗਈ ਮੁੱਖ ਅਧਿਆਪਕ, ਲਵਪ੍ਰੀਤ ਸਿੰਘ ਤਹਿਸੀਲਦਾਰ, ਸੁਖਪ੍ਰੀਤ ਸਿੰਘ ਐਸ ਐਸ ਕੰਪਿਊਟਰ, ਅਜੀਤ ਸਿੰਘ ਰਿਟਾਇਰਡ ਇੰਸਪੈਕਟਰ ਪੰਜਾਬ ਰੋਡਵੇਜ, ਓਲਡ ਇਜ ਗੋਲਡ ਕਲੱਬ ਦੇ ਮੁਖੀ ਰਘੁਵਿੰਦਰਪਾਲ ਸਿੰਘ ਐਸਡੀਓ ਸ਼ਾਮਿਲ ਸਨ।ਇਸ ਮੌਕੇ ਸੈਲਫ ਯੋਗਾ ਗਰੁੱਪ ਵਲੋਂ ਪਾਰਕ ਮੈਨੇਜਮੈਂਟ ਨੂੰ 50,000 ਦੀ ਸੇਵਾ ਨਵੀਂ ਤਿਆਰ ਕੀਤੀ ਜਾ ਰਹੀ ਲਾਈਬਰੇਰੀ ਵਾਸਤੇ ਦਿੱਤੀ ਗਈ। ਮੰਚ ਸੰਚਾਲਨ ਦੀ ਸੇਵਾ ਹਰਦਲਜੀਤ ਸਿੰਘ ਬਰਨਾਲਾ ਕਲਾਂ ਵੱਲੋਂ ਨਿਭਾਈ ਗਈ।

ਇਸ ਮੌਕੇ ਮੌਜੂਦ ਸ਼ਖਸੀਅਤਾਂ ਵਿੱਚ ਸੈਲਫ ਯੋਗਾ ਗਰੁੱਪ ਵੱਲੋਂ ਸਤਨਾਮ ਸਿੰਘ ਗੁਲਾਟੀ, ਗਿਆਨ ਸਿੰਘ ਕਨੇਡਾ, ਗੁਰਦੀਪ ਸਿੰਘ ਟੋਨੀ, ਤਰਸੇਮ ਕੁਮਾਰ ਸ਼ਰਮਾ, ਰਾਣਾ ਪ੍ਰਤਾਪ ਭੱਟੀ, ਮੁਕੇਸ਼ ਕੁਮਾਰ, ਬਲਜੀਤ ਸਿੰਘ, ਪ੍ਰੇਮ ਮਾਨ, ਰਮੇਸ਼ ਐਸ ਡੀ ਓ, ਵਿਜੇ ਕੁਮਾਰ, ਰਣਜੀਤ ਸਿੰਘ ਅਤੇ ਪਾਰਕ ਮੈਨੇਜਮੈਂਟ ਵਲੋਂ ਗਿਆਨ ਸਿੰਘ, ਬਖਸ਼ੀਸ਼ ਸਿੰਘ ਸੈਣੀ, ਮਹਿੰਦਰ ਪਾਲ ਚੰਦਰ, ਪਰਮਜੀਤ ਸਿੰਘ ਮੂਸਾਪੁਰ, ਰਾਮਪਾਲ ਰਾਏ, ਗੁਰਪਾਲ ਸਿੰਘ, ਹਰਮੇਸ਼ ਸਿੰਘ ਭੱਟੀ, ਅਰਵਿੰਦਰ ਸਿੰਘ, ਰਮਨ ਮੁਰਗਈ, ਜਗਦੀਪ ਸਿੰਘ, ਗੁਰਦੀਪ ਸਿੰਘ ਅਤੇ ਇੰਦਰਜੀਤ ਸ਼ਰਮਾ ਵੀ ਮੌਜੂਦ ਸਨ।

# ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਨੇ ਚਲਾਇਆ ਸਫ਼ਾਈ ਅਭਿਆਨ

**ਪੈ.ਗਾਮ-ਏ-ਜਗਤ**
**ਨਵਾਂਸ਼ਹਿਰ (ਦੇਸ ਰਾਜ ਬਾਲੀ)**

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵੱਲੋਂ ਵਿਸ਼ੇਸ਼ ਸਫ਼ਾਈ ਅਭਿਆਨ ਡਿਪਟੀ ਡਾਇਰੈਕਟਰ ਅਮਨਦੀਪ ਕੌਰ ਵਿੰਗ ਕਮਾਂਡਰ (ਰਿਟਾਇਰਡ) ਦੇ ਦਿਸ਼ਾ-ਨਿਰਦੇਸ਼ਾਂ ਹੇਠ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਜ਼ਿਲ੍ਹਾ ਐੱਸ.ਬੀ.ਐੱਸ. ਨਗਰ ਦੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਨਵਾਂਸ਼ਹਿਰ ਵੱਲੋਂ ਚਲਾਇਆ ਗਿਆ। ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦੇ ਸੁਪਰਡੈਂਟ ਰਾਜਕੁਮਾਰੀ, ਰਣਜੀਤਾ ਸਰੰਗਲ, ਸੂਬੇਦਾਰ ਜਗਦੀਸ਼ ਸਿੰਘ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਵਾਸਦੇਵ ਪਰਦੇਸੀ ਅਤੇ ਸਮੂਹ ਸਟਾਫ਼ ਵੱਲੋਂ ਸਫ਼ਾਈ ਮੁਹਿੰਮ ਚਲਾਈ ਗਈ।

ਉਨ੍ਹਾਂ ਨੇ ਜਨਤਾ ਨੂੰ ਸਫ਼ਾਈ ਬਣਾਈ ਰੱਖਣ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ, ਜਨਤਕ ਥਾਵਾਂ, ਖਾਲੀ ਪਲਾਟਾਂ ਜਾਂ ਹੋਰ ਖੁੱਲ੍ਹੀਆਂ ਅਤੇ ਅਣਅਧਿਕਾਰਤ ਥਾਵਾਂ 'ਤੇ ਕੂੜਾ ਨਾ ਸੁੱਟਣ। ਉਨ੍ਹਾਂ ਕਿਹਾ ਕਿ ਘਰਾਂ ਅਤੇ ਹੋਰ ਥਾਵਾਂ ਤੋਂ ਨਿਕਲਣ ਵਾਲੇ ਕੂੜੇ ਨੂੰ ਸਿਰਫ਼ ਨਗਰ ਕੌਂਸਲ ਵੱਲੋਂ ਤਾਇਨਾਤ ਕੂੜਾ ਚੁੱਕਣ ਵਾਲੇ ਕਰਮਚਾਰੀਆਂ ਨੂੰ ਹੀ ਸੌਂਪਿਆ ਜਾਣਾ ਚਾਹੀਦਾ ਹੈ ਜਾਂ ਨਿਰਧਾਰਤ ਕੂੜੇਦਾਨਾਂ ਵਿੱਚ ਹੀ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੂੜੇ ਨੂੰ ਸਹੀ ਢੰਗ ਨਾਲ ਵੱਖ-ਵੱਖ ਕਰਨ ਅਤੇ ਉਸ ਦੇ ਨਿਪਟਾਰੇ ਨਾਲ ਹੀ ਸਵੱਛ ਵਾਤਾਵਰਨ ਬਣਾਇਆ ਜਾ ਸਕਦਾ ਹੈ।

# ਬਿਹਾਰ ਤੋਂ ਆਈਆਂ ਪੰਜ ਨਾਬਾਲਗ ਲੜਕੀਆਂ ਜੀਆਰਪੀ ਨੇ ਸੁਰੱਖਿਅਤ ਬਰਾਮਦ ਕੀਤੀਆਂ

**ਪੈ.ਗਾਮ-ਏ-ਜਗਤ**
**ਅੰਬਾਲਾ, 30 ਸਤੰਬਰ (ਆਰ.ਸਿੰਘ)**

ਬਿਹਾਰ ਦੇ ਸ਼ਿਵਹਰ ਜ਼ਿਲ੍ਹੇ ਦੀਆਂ ਪੰਜ ਨਾਬਾਲਗ ਕੁੜੀਆਂ, ਜੋ ਆਪਣੇ ਪਰਿਵਾਰਾਂ ਨੂੰ ਦੱਸੇ ਬਿਨਾਂ ਰੇਲਗੱਡੀ ਵਿੱਚ ਚੜ੍ਹ ਗਈਆਂ ਸਨ, ਨੂੰ ਅੰਬਾਲਾ ਛਾਉਣੀ ਰੇਲਵੇ ਸਟੇਸ਼ਨ 'ਤੇ ਜੀਆਰਪੀ ਨੇ ਸੁਰੱਖਿਅਤ ਬਰਾਮਦ ਕਰ ਲਿਆ। ਇਹ ਕੁੜੀਆਂ ਰੇਲਗੱਡੀ ਰਾਹੀਂ ਪੰਜਾਬ ਦੇ ਪਟਿਆਲਾ ਜਾ ਰਹੀਆਂ ਸਨ। ਜ਼ਰੂਰੀ ਪ੍ਰਕਿਰਿਆਵਾਂ ਪੂਰੀਆਂ ਕਰਨ ਤੋਂ ਬਾਅਦ, ਜੀਆਰਪੀ ਨੇ ਉਨ੍ਹਾਂ ਨੂੰ ਬਾਲ ਭਲਾਈ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਜਿੱਥੋਂ ਉਨ੍ਹਾਂ ਨੂੰ ਸਖੀ ਹੋਮ ਭੇਜ ਦਿੱਤਾ ਗਿਆ ਹੈ।

ਜੀਆਰਪੀ ਦੇ ਜਾਂਚ ਅਧਿਕਾਰੀ ਕਰਨ ਸਿੰਘ ਦੇ ਅਨੁਸਾਰ ਕੱਲ੍ਹ ਸਵੇਰੇ ਪੰਜ ਕੁੜੀਆਂ ਅੰਬਾਲਾ ਛਾਉਣੀ ਰੇਲਵੇ ਸਟੇਸ਼ਨ 'ਤੇ ਜਨ ਨਾਇਕ ਐਕਸਪ੍ਰੈਸ ਤੋਂ ਉੱਤਰੀਆਂ ਸਨ। ਸਟੇਸ਼ਨ 'ਤੇ ਡਿਊਟੀ 'ਤੇ ਮੌਜੂਦ ਜੀਆਰਪੀ ਕਰਮਚਾਰੀਆਂ ਨੇ ਉਨ੍ਹਾਂ ਨੂੰ ਸ਼ੱਕੀ ਹਾਲਤਾਂ ਵਿੱਚ ਘੁੰਮਦਿਆਂ ਦੇਖਿਆ। ਉਨ੍ਹਾਂ ਦੀ ਨਾਬਾਲਗ ਸਥਿਤੀ ਕਾਰਨ ਪੁਲੀਸ ਨੂੰ ਸ਼ੱਕ ਹੋਇਆ ਅਤੇ ਮਹਿਲਾ ਪੁਲੀਸ ਅਧਿਕਾਰੀਆਂ ਦੀ ਮਦਦ ਨਾਲ ਉਨ੍ਹਾਂ ਦਾ ਇੰਟਰਵਿਊ ਲਿਆ ਗਿਆ। ਪੁੱਛ-ਗਿੱਛ ਦੌਰਾਨ ਕੁੜੀਆਂ ਆਪਣੀ ਯਾਤਰਾ ਅਤੇ ਅੰਬਾਲਾ ਪਹੁੰਚਣ ਬਾਰੇ ਤਸੱਲੀਬਖ਼ਸ਼ ਜਾਣਕਾਰੀ ਨਹੀਂ ਦੇ ਰਹੀਆਂ ਸਨ।

ਇਸ ਤੋਂ ਬਾਅਦ ਜੀਆਰਪੀ ਉਨ੍ਹਾਂ ਨੂੰ ਸੁਰੱਖਿਆ ਲਈ ਪੁਲੀਸ ਸਟੇਸ਼ਨ ਲੈ ਗਈ। ਵਿਸਥਾਰ ਪੂਰਵਕ ਪੁੱਛ-ਗਿੱਛ ਤੋਂ ਪਤਾ ਲੱਗਾ ਕਿ ਪੰਜੇ ਕੁੜੀਆਂ ਬਿਹਾਰ ਦੇ ਸ਼ਿਵਹਰ ਜ਼ਿਲ੍ਹੇ ਦੀਆਂ ਰਹਿਣ ਵਾਲੀਆਂ ਹਨ। ਇਨ੍ਹਾਂ ਵਿੱਚੋਂ ਚਾਰ ਕੁਰਸਹਾਰ ਪਿੰਡ ਅਤੇ ਇੱਕ ਗੁਰਹਾਨੀ ਪਿੰਡ ਦੀ ਰਹਿਣ ਵਾਲੀ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਕਿ ਘਰ ਵਿੱਚ ਪਰਿਵਾਰਕ ਮੈਂਬਰਾਂ ਨਾਲ ਝਗੜੇ ਤੋਂ ਬਾਅਦ ਪੰਜੇ ਆਪਣੇ ਪਰਿਵਾਰਾਂ ਨੂੰ ਦੱਸੇ ਬਿਨਾਂ ਘਰੋਂ ਨਿਕਲ ਆਈਆਂ ਅਤੇ ਪੰਜਾਬ ਦੇ ਪਟਿਆਲਾ ਜਾਣ ਵਾਲੀ ਰੇਲਗੱਡੀ ਵਿੱਚ ਸਵਾਰ ਹੋ ਗਈਆਂ।

# ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਦੀ ਲੋੜ: ਡਾ. ਪਿਆਰੇ ਲਾਲ ਗਰਗ

**ਪੈ.ਗਾਮ-ਏ-ਜਗਤ**
**ਮੁਹਾਲੀ (ਹਰਮਿੰਦਰ ਸਿੰਘ ਨਾਗਪਾਲ)**



ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਅਤੇ ਉੱਘੇ ਚਿੰਤਕ ਡਾ. ਪਿਆਰੇ ਲਾਲ ਗਰਗ ਨੇ ਕਿਹਾ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਦੀ ਲੋੜ ਹੈ। ਉਹ ਭਗਤ ਪੂਰਨ ਸਿੰਘ ਵਾਤਾਵਰਨ ਸੰਭਾਲ ਸੁਸਾਇਟੀ ਵੱਲੋਂ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਡਾ. ਗਰਗ ਨੇ ਕਿਹਾ ਕਿ ਭਗਤ ਸਿੰਘ ਦੇ ਸਿਧਾਂਤ ਮਨੁੱਖਵਾਦੀ ਸਨ ਅਤੇ ਉਨ੍ਹਾਂ ਦੀ ਸੋਚ ਮਨੁੱਖਤਾ ਨੂੰ ਸਹੀ ਰਾਹ ਵੱਲ ਤੋਰਨ ਵਾਲੀ ਸੀ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦਾ ਮੁੱਖ ਮਕਸਦ ਕਿਸਾਨਾਂ, ਮਜ਼ਦੂਰਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਉਣਾ ਅਤੇ ਆਪਣੇ ਹੱਕਾਂ ਲਈ ਸੰਗਠਿਤ ਕਰਨਾ ਸੀ।

ਵਾਤਾਵਰਨ ਸੁਸਾਇਟੀ ਦੇ ਪ੍ਰਧਾਨ ਗੁਰਮੇਲ ਸਿੰਘ ਮੌਜੋਵਾਲ ਨੇ ਕਿਹਾ ਕਿ ਭਗਤ ਸਿੰਘ ਦੀ ਸੋਚ, ਲਿਖਤਾਂ ਅਤੇ ਵਿਚਾਰਾਂ ਨੂੰ ਘਰ-ਘਰ ਪਹੁੰਚਾਉਣਾ, ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਤੋਂ ਜਾਣੂ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਦੇਸ਼ ਲਈ ਕੁਰਬਾਨੀ ਕਰਨ ਵਾਲੇ ਯੋਧਿਆਂ ਦੀ ਵਿਚਾਰਧਾਰਾ ਨਾਲ ਜੋੜਨ ਲਈ ਅਜਿਹੇ ਉਪਰਾਲੇ ਜਾਰੀ ਰਹਿਣੇ ਚਾਹੀਦੇ ਹਨ। ਸਮਾਗਮ ਵਿੱਚ ਅਮਰਜੀਤ ਕੌਰ ਨੇ ਕਿਹਾ ਕਿ ਭਗਤ ਸਿੰਘ ਨੇ ਪੰਜਾਬ ਦੀ ਧਰਤੀ ’ਤੇ ਜਨਮ ਲੈ ਕੇ ਪੂਰੇ ਦੇਸ਼ ਅਤੇ ਦੁਨੀਆ ਨੂੰ ਰਾਹ ਦਿਖਾਇਆ। ਸ਼ਾਇਰ ਗੁਰਨਾਮ ਕਵਰ ਨੇ ਭਗਤ ਸਿੰਘ ਦੀ ਜੀਵਨੀ ਬਾਰੇ ਚਾਨਣਾ ਪਾਇਆ ਅਤੇ ਆਪਣੀਆਂ ਕਵਿਤਾਵਾਂ ਰਾਹੀਂ ਉਨ੍ਹਾਂ ਦੀ ਸੋਚ ਦਾ ਸੁਨੇਹਾ ਦਿੱਤਾ। ਲੇਖਕ ਭੁਪਿੰਦਰ ਮਟੌਰ ਵਾਲਾ ਨੇ ਵੀ ਆਪਣੇ ਵਿਚਾਰ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਜਗਸੀਰ ਸਿੰਘ ਜੀਦਾ ਅਤੇ ਸਾਥੀਆਂ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਇਸ ਮੌਕੇ ਮੁਹਾਲੀ ਜ਼ਿਲ੍ਹੇ ਦੀਆਂ 8ਵੀਂ, 10ਵੀਂ ਅਤੇ 12ਵੀਂ ਜਮਾਤਾਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ’ਤੇ ਰਹਿਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਮਾਜ ਸੇਵੀ ਕੈਪਟਨ ਕਰਨੈਲ ਸਿੰਘ, ਸਾਬਕਾ ਆਈਪੀਐਸ ਅਧਿਕਾਰੀ ਰਿਟਾਇਰਡ ਡੀ.ਆਈ.ਜੀ. ਇੰਦਰਜੀਤ ਸਿੰਘ, ਫੇਜ਼-11 ਦੇ ਕੌਂਸਲਰ ਗੌਰਵ ਜੈਨ ਅਤੇ ਸਾਬਕਾ ਕੌਂਸਲਰ ਕੁਲਵੰਤ ਸਿੰਘ ਕਲੇਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਨਕਲਾਬੀ ਕਵਿਤਾਵਾਂ ਪੇਸ਼ ਕਰਨ ਵਾਲੀਆਂ ਬੱਚੀਆਂ ਗੁਣਤਾਸ ਕੌਰ ਅਤੇ ਮਹਿਤਾਬ ਕੌਰ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਧਰਮਪਾਲ ਹੁਸ਼ਿਆਰਪੁਰੀ, ਅਮਰਜੀਤ ਸਿੰਘ, ਸਤਨਾਮ ਸਿੰਘ ਸੱਤਾ, ਗੁਰਦੀਪ ਸਿੰਘ, ਪਰਵਿੰਦਰ ਸਿੰਘ, ਨਛੱਤਰ ਸਿੰਘ ਖਿਆਲਾ, ਅਮਰਜੀਤ ਕੌਰ, ਅਮਰ ਸਿੰਘ ਧਾਲੀਵਾਲ, ਬਲਜੀਤ ਸਿੰਘ, ਬੀ.ਐਸ. ਨਾਗਪਾਲ, ਫਕੀਰ ਚੰਦ, ਹਰਪਾਲ ਸਿੰਘ ਸੋਢੀ, ਕੁਲਦੀਪ ਸਿੰਘ, ਚਰਨ ਸਿੰਘ, ਰਘਵੀਰ ਸਿੰਘ ਸਿੱਧੂ, ਗੁਰਜਿੰਦਰ ਸਿੰਘ, ਹਰਸ਼ਦੀਪ ਸਰਾ ਅਤੇ ਸੁਸਾਇਟੀ ਦੇ ਅਹੁਦੇਦਾਰ ਹਾਜ਼ਰ ਸਨ।

# ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦਾ ਵਫ਼ਦ ਐਮ.ਡੀ. ਨੂੰ ਮਿਲਿਆ

**ਪਟਿਆਲਾ, 30 ਸਤੰਬਰ (ਪੈ.ਗਾਮ-ਏ-ਜਗਤ)**

ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦਾ ਇੱਕ ਵਫ਼ਦ ਆਪਣੀਆਂ ਮੰਗਾਂ ਸਬੰਧੀ ਐਮ.ਡੀ. ਪੀ.ਆਰ.ਟੀ.ਸੀ. ਨੂੰ ਮਿਲਿਆ। ਵਫ਼ਦ ਵਿੱਚ ਚੇਅਰਮੈਨ ਮੁਕੰਦ ਸਿੰਘ, ਵਾਈਸ ਚੇਅਰਮੈਨ ਬਚਿੱਤਰ ਸਿੰਘ, ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਅਤੇ ਕੈਸ਼ੀਅਰ ਅਮੋਲਕ ਸਿੰਘ ਸ਼ਾਮਲ ਸਨ। ਵਫ਼ਦ ਨੇ ਅਗਸਤ ਮਹੀਨੇ ਦੀ ਪੈਨਸ਼ਨ ਦੇਰੀ ਨਾਲ ਅਤੇ ਕਿਸ਼ਤਾਂ ਵਿੱਚ ਮਿਲਣ ’ਤੇ ਚਿੰਤਾ ਜ਼ਾਹਰ ਕਰਦਿਆਂ ਮੰਗ ਕੀਤੀ ਕਿ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਪੈਨਸ਼ਨ ਦੀ ਪੂਰੀ ਅਦਾਇਗੀ ਕੀਤੀ ਜਾਵੇ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਐਲਾਨੇ 8 ਫ਼ੀਸਦੀ ਡੀ.ਏ. ਨੂੰ ਸਤੰਬਰ ਮਹੀਨੇ ਦੀ ਪੈਨਸ਼ਨ ਨਾਲ ਲਾਗੂ ਕਰਨ ਦੀ ਵੀ ਮੰਗ ਕੀਤੀ। ਇਸ ਤੋਂ ਇਲਾਵਾ 2016 ਦੇ ਪੇ ਕਮਿਸ਼ਨ ਦੇ ਗ੍ਰੇਡਾਂ ਦੇ ਬਕਾਏ, ਮੈਡੀਕਲ ਬਿੱਲਾਂ ਅਤੇ ਨਵੇਂ ਰਿਟਾਇਰੀਆਂ ਦੇ ਬਕਾਇਆਂ ਦੀ ਅਦਾਇਗੀ ਦਾ ਮਾਮਲਾ ਵੀ ਉਠਾਇਆ ਗਿਆ। ਐਮ.ਡੀ. ਨੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਕਿ ਪੈਨਸ਼ਨ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਜਾਰੀ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਤੰਬਰ ਦੀ ਪੈਨਸ਼ਨ ਵਿੱਚ 8 ਫ਼ੀਸਦੀ ਡੀ.ਏ. ਸ਼ਾਮਲ ਕਰਕੇ ਅਦਾਇਗੀ ਕੀਤੀ ਜਾਵੇਗੀ। ਨਵੇਂ ਰਿਟਾਇਰੀਆਂ ਦੇ ਬਕਾਇਆਂ ਸਬੰਧੀ ਉਨ੍ਹਾਂ ਜਨਰਲ ਮੈਨੇਜਰ ਪ੍ਰਬੰਧ ਨੂੰ ਵੇਰਵੇ ਤਿਆਰ ਕਰਕੇ ਜਲਦੀ ਪੇਸ਼ ਕਰਨ ਦੀ ਹਦਾਇਤ ਕੀਤੀ, ਤਾਂ ਜੋ ਅਦਾਇਗੀ ਕੀਤੀ ਜਾ ਸਕੇ। ਮੈਡੀਕਲ ਬਿੱਲਾਂ ਅਤੇ 2016 ਦੇ ਗ੍ਰੇਡਾਂ ਦੇ ਬਕਾਇਆਂ ਦੀ ਅਦਾਇਗੀ ਵੀ ਜਲਦ ਕਰਨ ਦਾ ਭਰੋਸਾ ਦਿੱਤਾ ਗਿਆ। ਐਮ.ਡੀ. ਨੇ ਕਿਹਾ ਕਿ ਪੈਨਸ਼ਨਰ ਬਜ਼ੁਰਗਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲੋੜੀਂਦੇ ਉਪਰਾਲੇ ਕੀਤੇ ਜਾਣਗੇ। ਵਫ਼ਦ ਨੇ ਹਰ ਮਹੀਨੇ ਮੀਟਿੰਗ ਲਈ ਸਮਾਂ ਦੇਣ ਦੀ ਮੰਗ ਕੀਤੀ। ਇਸ ’ਤੇ ਐਮ.ਡੀ. ਨੇ ਕਿਹਾ ਕਿ ਹਰ ਮਹੀਨੇ ਮੀਟਿੰਗ ਕੀਤੀ ਜਾਵੇਗੀ ਅਤੇ ਪੈਨਸ਼ਨਰ ਆਪਣੀਆਂ ਸਮੱਸਿਆਵਾਂ ਸਿੱਧੇ ਤੌਰ ’ਤੇ ਰੱਖ ਸਕਣਗੇ।

# ਦੀਵਾਲੀ/ਗੁਰਪੁਰਬ ਦੇ ਮੌਕੇ ‘ਤੇ ਪਟਾਖਿਆਂ ਦੀਆਂ ਆਰਜ਼ੀ ਦੁਕਾਨਾਂ ਦੇ ਆਰਜ਼ੀ ਲਾਇਸੰਸਾਂ ਦੇ ਡਰਾਅ 15 ਅਕਤੂਬਰ ਨੂੰ

- **ਚਾਹਵਾਨ ਵਿਅਕਤੀ 5 ਅਕਤੂਬਰ ਤੋਂ 7 ਅਕਤੂਬਰ 2026 ਤੱਕ ਆਪਣੀਆਂ ਦਰਖਾਸਤਾਂ ਸੇਵਾ ਕੇਂਦਰਾਂ ਵਿਖੇ ਦੇਣ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਜਾਰੀ ਕੀਤੇ ਆਦੇਸ਼ਾਂ ਅਤੇ ਡਾਇਰੈਕਟਰ, ਉਦਯੋਗ ਅਤੇ ਵਣਜ ਵਿਭਾਗ, ਪੰਜਾਬ, ਚੰਡੀਗੜ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੀਵਾਲੀ/ਗੁਰਪੁਰਬ ਦੇ ਮੌਕੇ ਤੇ ਪਟਾਖਿਆਂ ਦੀਆਂ ਆਰਜ਼ੀ ਦੁਕਾਨਾਂ ਲਗਾਉਣ ਲਈ, ਆਰਜ਼ੀ ਲਾਇਸੰਸ ਜਾਰੀ ਕਰਨ ਲਈ ਡਰਾਅ ਕੱਢਣ ਦੀ ਮਿਤੀ 15 ਅਕਤੂਬਰ ਨੂੰ ਦੁਪਹਿਰ 12 ਵਜੇ ਨਿਰਧਾਰਤ ਕੀਤੀ ਗਈ ਹੈ।

ਜ਼ਿਲ੍ਹਾ ਮੈਜਿਸਟਰੇਟ ਸ਼?ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਕੇਵਲ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਚਾਹਵਾਨ ਵਿਅਕਤੀ ਪੰਜਾਬ ਸਰਕਾਰ ਦੀ ਵੈੱਬਸਾਈਟ https://punjab.gov.in/forms/ ਤੋਂ ਐਪਲੀਕੇਸ਼ਨ ਫਾਰਮ ਜੋ ਕਿ ਟੈਂਪਰੇਰੀ ਲਾਇਸੰਸ ਫਾਰ ਸੇਲ ਆਫ ਫਾਇਰਕਰੈਕਰਸ ਤਹਿਤ ਅਪਲੋਡ ਹੈ, ਨੂੰ ਡਾਊਨਲੋਡ ਕਰਕੇ ਮਿਤੀ 5 ਅਕਤੂਬਰ ਤੋਂ 7 ਅਕਤੂਬਰ 2026 ਤੱਕ, ਸ਼ਾਮ 5.00 ਵਜੇ ਤੋਂ ਪਹਿਲਾਂ-ਪਹਿਲਾਂ ਆਪਣੀਆਂ ਦਰਖਾਸਤਾਂ, ਰਿਹਾਇਸ਼ ਦੇ ਘੱਟੋ-ਘੱਟ ਦੋ ਸਬੂਤਾਂ ਸਮੇਤ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵੱਖ-ਵੱਖ ਸੇਵਾ ਕੇਂਦਰਾਂ ਵਿਖੇ ਪੇਸ਼ ਕਰ ਸਕਦੇ ਹਨ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਦਰਖਾਸਤਾਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇੱਕ ਵਿਅਕਤੀ ਇੱਕ ਹੀ ਦਰਖਾਸਤ ਪੇਸ਼ ਕਰ ਸਕਦਾ ਹੈ। ਇੱਕ ਤੋਂ ਵੱਧ ਦਰਖਾਸਤ ਮੰਨਣ ਯੋਗ ਨਹੀਂ ਹੋਵੇਗੀ।

# ਪ੍ਰਸਿੱਧ ਵਿਅੰਗਕਾਰ ਸ਼੍ਰੀ ਕੇ ਐਲ ਗਰਗ ਨਹੀਂ ਰਹੇ

**ਚੰਡੀਗੜ੍ਹ, 30 ਸਤੰਬਰ (ਪੈ.ਗਾਮ-ਏ-ਜਗਤ)**

ਬੜੇ ਹੀ ਦੁਖੀ ਅਤੇ ਭਰੇ ਮਨ ਨਾਲ ਇਹ ਲਿਖਣਾ ਪੈ ਰਿਹਾ ਹੈ ਕਿ ‘ਹਾਸ-ਵਿਅੰਗ ਅਕਾਦਮੀ ਪੰਜਾਬ ਰਜਿ. ਮੋਗਾ’ ਦੇ ਪ੍ਰਧਾਨ, ਪ੍ਰਸਿੱਧ ਹਾਸ-ਵਿਅੰਗਕਾਰ ਅਤੇ ਸਾਹਿਤ ਦੇ ਸੱਚੇ ਸੇਵਕ ਸ਼੍ਰੀ ਕੇ. ਐਲ. ਗਰਗ ਜੀ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਅਚਾਨਕ ਵਿਛੋੜੇ ਦੀ ਖ਼ਬਰ ਨੇ ਸਾਹਿਤਕ ਜਗਤ ਦੇ ਨਾਲ-ਨਾਲ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਹਰ ਦਿਲ ਨੂੰ ਗਹਿਰਾ ਸਦਮਾ ਪਹੁੰਚਾਇਆ ਹੈ।

ਸ਼੍ਰੀ ਕੇ. ਐਲ. ਗਰਗ ਜੀ ਸਿਰਫ਼ ਇੱਕ ਹਾਸ-ਵਿਅੰਗਕਾਰ ਹੀ ਨਹੀਂ ਸਨ, ਸਗੋਂ ਉਹ ਇੱਕ ਅਜਿਹੇ ਸੰਵੇਦਨਸ਼ੀਲ ਸਾਹਿਤਕਾਰ ਸਨ, ਜਿਨ੍ਹਾਂ ਨੇ ਆਪਣੀ ਕਲਮ ਰਾਹੀਂ ਸਮਾਜ ਦੀਆਂ ਕਮਜ਼ੋਰੀਆਂ ਨੂੰ ਹਾਸੇ ਅਤੇ ਵਿਅੰਗ ਦੇ ਰੂਪ ਵਿੱਚ ਬੜੀ ਸਹਿਜਤਾ ਨਾਲ ਪੇਸ਼ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਪਾਠਕਾਂ ਦੇ ਚਿਹਰਿਆਂ ’ਤੇ ਮੁਸਕਾਨ ਲਿਆਉਣ ਦੇ ਨਾਲ-ਨਾਲ ਸਮਾਜ ਬਾਰੇ ਸੋਚਣ ਲਈ ਵੀ ਮਜਬੂਰ ਕਰਦੀਆਂ ਸਨ।



ਉਨ੍ਹਾਂ ਦੀ ਮਿੱਠੀ ਬੋਲੀ, ਸਾਦਗੀ ਭਰਿਆ ਸੁਭਾਅ, ਮਿਲਾਪੜਾ ਚਿਹਰਾ ਅਤੇ ਹਰ ਕਿਸੇ ਨਾਲ ਪਿਆਰ-ਸਤਿਕਾਰ ਨਾਲ ਪੇਸ਼ ਆਉਣ ਦੀ ਅਦਾ ਹਮੇਸ਼ਾ ਯਾਦ ਰਹੇਗੀ। ਉਹ ਸਾਹਿਤਕਾਰਾਂ ਲਈ ਇੱਕ ਸਾਥੀ, ਨਵੀਂ ਪੀੜ੍ਹੀ ਲਈ ਪ੍ਰੇਰਣਾ ਅਤੇ ਪੰਜਾਬੀ ਹਾਸ-ਵਿਅੰਗ ਦੀ ਦੁਨੀਆ ਲਈ ਇੱਕ ਮਾਣਯੋਗ ਨਾਮ ਸਨ।

ਅੱਜ ਉਨ੍ਹਾਂ ਦੇ ਜਾਣ ਨਾਲ ਇੱਕ ਇਨਸਾਨ ਹੀ ਨਹੀਂ, ਸਗੋਂ ਹਾਸੇ ਵਿੱਚ ਸੱਚ ਕਹਿਣ ਵਾਲੀ ਇੱਕ ਬੁਲੰਦ ਆਵਾਜ਼ ਸਾਡੇ ਕੋਲੋਂ ਸਦਾ ਲਈ ਦੂਰ ਹੋ ਗਈ ਹੈ। ਉਨ੍ਹਾਂ ਦੀ ਕਲਮ ਭਾਵੇਂ ਖਾਮੋਸ਼ ਹੋ ਗਈ ਹੈ, ਪਰ ਉਨ੍ਹਾਂ ਵੱਲੋਂ ਰਚਿਆ ਸਾਹਿਤ ਅਤੇ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਸਾਡੇ ਦਿਲਾਂ ਵਿੱਚ ਜਿਉਂਦੀਆਂ ਰਹਿਣਗੀਆਂ।

ਇਹ ਵਿਛੋੜਾ ਕਦੇ ਪੂਰਾ ਨਾ ਹੋਣ ਵਾਲਾ ਘਾਟਾ ਹੈ। ਇਸ ਦੁੱਖ ਦੀ ਘੜੀ ਵਿੱਚ ਅਸੀਂ ਸ਼ੋਕ-ਸੰਤਪਤ ਪਰਿਵਾਰ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ੇ ਅਤੇ ਪਰਿਵਾਰ, ਸਨੇਹੀਆਂ ਅਤੇ ਸਾਹਿਤਕ ਸਾਥੀਆਂ ਨੂੰ ਇਹ ਅਸਹਿ ਦੁੱਖ ਸਹਿਣ ਦਾ ਹੌਸਲਾ ਦੇਵੇ। ਸੁਖਦਰਸ਼ਨ ਗਰਗ, ਮੰਗਤ ਕੁਲਜਿੰਦ, ਰਮੇਸ਼ ਗਰਗ, ਸਾਧੂ ਰਾਮ ਲੰਗੇਆਣਾ, ਕੰਵਲਜੀਤ ਭੋਲਾ, ਜਗਦੀਸ਼ ਰਾਏ ਕੁਲਰੀਆਂ, ਜਸਵੀਰ ਭਲੂਰੀਆ, ਅਮਰਜੀਤ ਸਿੰਘ ਪੇਂਟਰ, ਦਵਿੰਦਰ ਸਿੰਘ ਗਿੱਲ, ਗੁਰਦੇਵ ਖੋਖਰ, ਜਗਮੇਲ ਸਿੰਘ ਜਠੌਲ, ਜਗਨ ਨਾਥ, ਸੁਖਦੇਵ ਰਾਮ, ਬਿਕਰਮ ਜੀਤ ਨੂਰ, ਲਖਵੀਰ ਭੱਟੀ ਵੱਲੋਂ ਸ਼੍ਰੀ ਕੇ. ਐਲ. ਗਰਗ ਜੀ ਨੂੰ ਕੋਟਿ-ਕੋਟਿ ਪ੍ਰਣਾਮ ਅਤੇ ਦਿਲ ਦੀਆਂ ਗਹਿਰਾਈਆਂ ਤੋਂ ਭਾਵਭਿੰਨੀ ਸ਼ਰਧਾਂਜਲੀ।

# ਮੈਕਸ ਹਸਪਤਾਲ ਮੋਹਾਲੀ ਵਿਖੇ ਮੋਢੇ ਦੀ ਹੱਡੀ ਦੇ ਦੁਰਲੱਭ ਟਿਊਮਰ ਦਾ ਇਲਾਜ ਕੀਤਾ ਗਿਆ

**ਚੰਡੀਗੜ੍ਹ, 30 ਸਤੰਬਰ (ਪੈ.ਗਾਮ-ਏ-ਜਗਤ)**

ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਵਿੱਚ ਇੱਕ 31 ਸਾਲਾ ਨੌਜਵਾਨ ਵਿੱਚ ਦੁਰਲੱਭ ’ਓਸਟੀਓਆਇਡ ਓਸਟੀਓਮਾ’ ਦਾ ਸਫਲਤਾਪੂਰਵਕ ਨਿਦਾਨ ਅਤੇ ਇਲਾਜ ਕੀਤਾ ਗਿਆ। ਚੰਡੀਗੜ੍ਹ ਦੇ ਰਹਿਣ ਵਾਲੇ ਧਰੁਵ ਸੇਠ ਪਿਛਲੇ ਇੱਕ ਸਾਲ ਤੋਂ ਸੱਜੇ ਮੋਢੇ ਦੇ ਲਗਾਤਾਰ ਦਰਦ ਤੋਂ ਪੀੜਤ ਸਨ।

ਸਟੀਕ ਨਿਦਾਨ ਅਤੇ ਅਡਵਾਂਸਡ ਇਲਾਜ ਲਈ ਧਰੁਵ ਨੇ ਮੈਕਸ ਹਸਪਤਾਲ ਦੇ ਆਰਥੋਪੈਡਿਕਸ ਅਤੇ ਜੁਆਇੰਟ ਰਿਪਲੇਸਮੈਂਟ ਦੇ ਪ੍ਰਿੰਸੀਪਲ ਕੰਸਲਟੈਂਟ ਡਾ. ਹਰਜੋਬਨ ਸਿੰਘ ਨਾਲ ਸਲਾਹ ਕੀਤੀ। ਉਨ੍ਹਾਂ ਦੇ ਪਿਛਲੇ ਸਕੈਨਾਂ ਦੀ ਸਮੀਖਿਆ ਤੋਂ ਹੱਡੀ ਦੇ ਦੁਰਲੱਭ ਟਿਊਮਰ ਦਾ ਖਦਸ਼ਾ ਜਤਾਇਆ ਗਿਆ।

ਇਸ ਤੋਂ ਬਾਅਦ ਕੀਤੇ ਗਏ ਸੀ.ਟੀ. ਸਕੈਨ ਨੇ ਨਿਦਾਨ ਦੀ ਪੁਸ਼ਟੀ ਕੀਤੀ। ਇਹ ਟਿਊਮਰ ਸੱਜੇ ਮੋਢੇ ਦੇ ਬਲੇਡ ਦੇ ਨੇੜੇ ਸਥਿਤ ਸੀ, ਜੋ ਕਿ ਓਸਟੀਓਆਇਡ ਓਸਟੀਓਮਾ ਲਈ ਇੱਕ ਅਸਧਾਰਨ ਜਗ੍ਹਾ ਹੈ।



ਨਿਦਾਨ ਤੋਂ ਬਾਅਦ, ਡਾ. ਹਰਜੋਬਨ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਇੰਟਰਵੈਨਸ਼ਨਲ ਰੇਡੀਓਲੋਜੀ ਦੇ ਪ੍ਰਿੰਸੀਪਲ ਕੰਸਲਟੈਂਟ ਡਾ. ਤੇਗਬੀਰ ਸਿੰਘ ਸਿੱਧੂ ਦੀ ਅਗਵਾਈ ਵਾਲੀ ਇੰਟਰਵੈਨਸ਼ਨਲ ਰੇਡੀਓਲੋਜੀ ਟੀਮ ਨਾਲ ਮਿਲ ਕੇ ਓਪਨ ਸਰਜਰੀ ਤੋਂ ਬਿਨਾਂ ਟਿਊਮਰ ਦਾ ਇਲਾਜ ਕਰਨ ਲਈ ਇੱਕ ਮਿਨੀਮਲੀ ਇਨਵੇਸਿਵ ਸੀ.ਟੀ.-ਗਾਈਡਿਡ ਮਾਈਕ੍ਰੋਵੇਵ ਅਬਲੇਸ਼ਨ ਦੀ ਯੋਜਨਾ ਬਣਾਈ। ਇਹ ਪ੍ਰਕਿਰਿਆ ਸਫਲਤਾਪੂਰਵਕ ਪੂਰੀ ਹੋਈ ਅਤੇ ਮਰੀਜ਼ ਨੂੰ ਅਗਲੇ ਦਿਨ ਸਥਿਰ ਸਥਿਤੀ ਵਿੱਚ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

ਡਾ. ਹਰਜੋਬਨ ਨੇ ਦੱਸਿਆ ਕਿ ਓਸਟੀਓਆਇਡ ਓਸਟੀਓਮਾ ਆਮ ਤੌਰ ’ਤੇ ਘੱਟ ਉਮਰ ਦੇ ਗਰੁੱਪਾਂ ਵਿੱਚ ਵੱਧ ਦੇਖਿਆ ਜਾਂਦਾ ਹੈ, ਅਤੇ ਮੋਢੇ ਦੇ ਬਲੇਡ ਦੇ ਨੇੜੇ ਇਸ ਦੀ ਮੌਜੂਦਗੀ ਨੇ ਇਸ ਦੇ ਨਿਦਾਨ ਦੀ ਚੁਣੌਤੀ ਨੂੰ ਹੋਰ ਵਧਾ ਦਿੱਤਾ ਸੀ।

ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਦੇ ਇੰਟਰਵੈਨਸ਼ਨਲ ਰੇਡੀਓਲੋਜੀ ਦੇ ਪ੍ਰਿੰਸੀਪਲ ਕੰਸਲਟੈਂਟ ਡਾ. ਤੇਗਬੀਰ ਸਿੰਘ ਸਿੱਧੂ ਨੇ ਕਿਹਾ, ਇਮੇਜ-ਗਾਈਡਿਡ ਇੰਟਰਵੈਨਸ਼ਨਾਂ ਵਿੱਚ ਪ੍ਰਗਤੀ ਸਾਨੂੰ ਉਨ੍ਹਾਂ ਸਥਿਤੀਆਂ ਦਾ ਇਲਾਜ ਕਰਨ ਦੇ ਯੋਗ ਬਣਾ ਰਹੀ ਹੈ, ਜਿਨ੍ਹਾਂ ਲਈ ਕਦੇ ਬਹੁਤ ਹੀ ਸਟੀਕ, ਮਿਨੀਮਲੀ ਇਨਵੇਸਿਵ ਤਕਨੀਕਾਂ ਰਾਹੀਂ ਸਰਜਰੀ ਦੀ ਲੋੜ ਹੁੰਦੀ ਸੀ।

# ਝੋਨੇ ਦੀ ਸਰਕਾਰੀ ਖਰੀਦ ਲਈ ਮੰਡੀਆਂ ਦੀ ਅਲਾਟਮੈਂਟ ਤੇ ਰਾਈਸ ਮਿੱਲਾਂ ਨਾਲ ਲਿੰਕੇਜ਼ ਦੀ ਪ੍ਰਕਿਰਿਆ ਮੁਕੰਮਲ

**ਜ਼ਿਲ੍ਹੇ ਵਿੱਚ 18 ਖਰੀਦ ਕੇਂਦਰਾਂ ਰਾਹੀਂ 2,06,148 ਮੀਟ੍ਰਿਕ ਟਨ ਝੋਨਾ ਖਰੀਦਣ ਦੇ ਪ੍ਰਬੰਧ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ 30 ਸਤੰਬਰ (ਪੈ.ਗਾਮ-ਏ-ਜਗਤ)**

ਸਾਉਣੀ ਸੀਜ਼ਨ 2026-27 ਦੌਰਾਨ ਝੋਨੇ ਦੀ ਸਰਕਾਰੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜ਼ਿਲ੍ਹੇ ਵਿੱਚ 18 ਖਰੀਦ ਕੇਂਦਰਾਂ ਰਾਹੀਂ ਲਗਭਗ 2,06,148 ਮੀਟ੍ਰਿਕ ਟਨ ਝੋਨੇ ਦੀ ਖਰੀਦ ਕਰਨ ਦੇ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਇਲਾਵਾ ਰਾਈਸ ਮਿੱਲਾਂ ਦੀ ਅਲਾਟਮੈਂਟ ਅਤੇ ਖਰੀਦ ਕੇਂਦਰਾਂ ਨਾਲ ਲਿੰਕੇਜ ਦੀ ਪ੍ਰਕਿਰਿਆ ਵੀ ਨਿਯਮਾਂ ਅਨੁਸਾਰ ਜਾਰੀ ਹੈ।

ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਪੂਰੀ ਤਰ੍ਹਾਂ ਸੁੱਕਿਆ ਹੋਇਆ ਝੋਨਾ ਹੀ ਲੈ ਕੇ ਆਉਣ, ਤਾਂ ਜੋ ਉਨ੍ਹਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ ਅਤੇ ਸਰਕਾਰੀ ਖਰੀਦ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

- **33 ਰਾਈਸ ਮਿੱਲਾਂ ਦੀ ਅਲਾਟਮੈਂਟ ਮੁਕੰਮਲ, ਮੰਡੀਆਂ ਵਿੱਚ ਲੋੜੀਂਦਾ ਸਟਾਫ਼ ਤਾਇਨਾਤ**



ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਅਤੇ ਹੋਰ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਦਾ ਨਿਪਟਾਰਾ ਖੇਤੀਬਾੜੀ ਮਸ਼ੀਨਰੀ ਅਤੇ ਵਿਗਿਆਨਕ ਤਰੀਕਿਆਂ ਰਾਹੀਂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਫ਼ਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਨਾਲ ਵਾਤਾਵਰਣ ਦੀ ਸੰਭਾਲ ਦੇ ਨਾਲ-ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੀ ਬਰਕਰਾਰ ਰੱਖਣ ਵਿੱਚ ਮਦਦ ਮਿਲਦੀ ਹੈ।

ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਵਿਭਾਗ ਵੱਲੋਂ ਮੰਡੀ ਬੋਰਡ ਅਤੇ ਵੱਖ-ਵੱਖ ਖਰੀਦ ਏਜੰਸੀਆਂ ਨਾਲ ਤਾਲਮੇਲ ਕਰਕੇ 1 ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਸਰਕਾਰੀ ਖਰੀਦ ਲਈ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 33 ਰਾਈਸ ਮਿੱਲਾਂ ਦੀ ਅਲਾਟਮੈਂਟ ਹੋ ਚੁੱਕੀ ਹੈ, ਜਦਕਿ ਬਾਕੀ ਰਾਈਸ ਮਿੱਲਾਂ ਦੀ ਅਲਾਟਮੈਂਟ ਅਤੇ ਲਿੰਕੇਜ ਦੀ ਪ੍ਰਕਿਰਿਆ ਵੀ ਨਿਰਧਾਰਤ ਨਿਯਮਾਂ ਅਨੁਸਾਰ ਜਾਰੀ ਹੈ।

ਉਨ੍ਹਾਂ ਦੱਸਿਆ ਕਿ ਸਾਰੀਆਂ ਸਬੰਧਤ ਮੰਡੀਆਂ ਵਿੱਚ ਲੋੜੀਂਦਾ ਸਟਾਫ਼ ਤਾਇਨਾਤ ਕਰ ਦਿੱਤਾ ਗਿਆ ਹੈ ਅਤੇ ਖਰੀਦ, ਲਿਫ਼ਟਿੰਗ ਅਤੇ ਸਟੋਰੇਜ ਨਾਲ ਸਬੰਧਤ ਪ੍ਰਬੰਧਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਕਿਸਾਨਾਂ ਨੂੰ ਨਿਰਵਿਘਨ ਅਤੇ ਸੁਚਾਰੂ ਖਰੀਦ ਸਹੂਲਤ ਮੁਹੱਈਆ ਕਰਵਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਗਏ ਹਨ।

# ਗਊਸ਼ਾਲਾਵਾਂ ਵਿੱਚ ਗਊਧਨ ਦੀ ਸੇਵਾ-ਸੰਭਾਲ ਲਈ 61 ਰੁਪਏ ਪ੍ਰਤੀ ਗਊਧਨ ਪ੍ਰਤੀ ਦਿਨ ਦੇਣ ਦਾ ਫੈਸਲਾ ਹੋਇਆ ਲਾਗੂ : ਕੀਮਤੀ ਭਗਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਸ੍ਰੀ ਕੀਮਤੀ ਭਗਤ ਨੇ ਅੱਜ ਮੋਹਾਲੀ ਵਿਖੇ ਸਥਾਨਕ ਸਰਕਾਰ ਸੰਸਥਾਵਾਂ, ਪਸ਼ੂ ਪਾਲਣ ਵਿਭਾਗ ਅਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਵਿੱਚ ਗਊਸ਼ਾਲਾਵਾਂ ਦੇ ਪ੍ਰਬੰਧ, ਲਾਵਾਰਿਸ ਤੇ ਬੇਸਹਾਰਾ ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਉਣ ਸਬੰਧੀ ਪ੍ਰਬੰਧਾਂ ਦੀ ਸਮੀਖਿਆ ਕੀਤੀ।

ਸ੍ਰੀ ਕੀਮਤੀ ਭਗਤ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਊਸ਼ਾਲਾਵਾਂ ਵਿੱਚ ਰੱਖੇ ਗਊਧਨ ਦੀ ਸਾਂਭ-ਸੰਭਾਲ ਲਈ 61 ਰੁਪਏ ਪ੍ਰਤੀ ਗਊ ਪ੍ਰਤੀ ਦਿਨ ਦੇਣ ਦੇ ਫੈਸਲੇ ਨੂੰ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਲਾਗੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਗਊਸ਼ਾਲਾਵਾਂ ਨੂੰ ਗਊਧਨ ਦੀ ਸਾਂਭ-ਸੰਭਾਲ ਲਈ ਵਿੱਤੀ ਸਹਾਇਤਾ ਮਿਲੇਗੀ ਅਤੇ ਸੜਕਾਂ ’ਤੇ ਘੁੰਮਦੇ ਲਾਵਾਰਿਸ ਤੇ ਬੇਸਹਾਰਾ ਪਸ਼ੂਆਂ ਦਾ ਚਾਰਾ ਯਕੀਨੀ ਬਣਾਉਣ ਨਾਲ, ਉਨ੍ਹਾਂ ਨੂੰ ਗਊਸ਼ਾਲਾਵਾਂ ਤੱਕ ਪਹੁੰਚਾਉਣ ਦੀ ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੇਗੀ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ’ਤੇ ਘੁੰਮਦੇ ਲਾਵਾਰਿਸ ਅਤੇ ਬੇਸਹਾਰਾ ਪਸ਼ੂਆਂ ਨੂੰ ਤੁਰੰਤ ਗਊਸ਼ਾਲਾਵਾਂ ਤੱਕ ਪਹੁੰਚਾਉਣ ਦੀ ਮੁਹਿੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਦੱਸਿਆ ਕਿ ਪਿਛਲੇ ਚਾਰ ਮਹੀਨਿਆਂ ਦੌਰਾਨ ਸੂਬੇ ਵਿੱਚ ਕਰੀਬ 9,000 ਲਾਵਾਰਿਸ ਅਤੇ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਪਹੁੰਚਾਇਆ ਗਿਆ ਹੈ।

- **ਪਿਛਲੇ ਚਾਰ ਮਹੀਨੇ ਵਿੱਚ 9000 ਦੇ ਕਰੀਬ ਲਾਵਾਰਸ/ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਭਿਜਵਾਇਆ ਗਿਆ**



ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ 518 ਸਰਕਾਰੀ ਅਤੇ ਨਿੱਜੀ ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਗਊਸ਼ਾਲਾਵਾਂ ਨੂੰ ਵਿੱਤੀ ਰਾਹਤ ਮਿਲੀ ਹੈ ਅਤੇ ਗਊਸ਼ਾਲਾਵਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜ਼ਖ਼ਮੀ, ਫੱਟੜ ਜਾਂ ਬੇਸਹਾਰਾ ਗਊਧਨ ਨੂੰ ਸੁਰੱਖਿਅਤ ਢੰਗ ਨਾਲ ਗਊਸ਼ਾਲਾਵਾਂ ਤੱਕ ਪਹੁੰਚਾਉਣ ਅਤੇ ਲੋੜ ਅਨੁਸਾਰ ਇਲਾਜ ਤੇ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਕਾਓ ਲਿਫਟਰ ਮੁਫ਼ਤ ਮੁਹੱਈਆ ਕਰਵਾਏ ਗਏ ਹਨ, ਜਿਨ੍ਹਾਂ ’ਤੇ ਕਰੀਬ 3.06 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਹ ਕਾਓ ਲਿਫਟਰ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਨੂੰ ਮੁਹੱਈਆ ਕਰਵਾਏ ਗਏ ਹਨ।

ਕੀਮਤੀ ਭਗਤ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਕਾਊ ਸੈੱਸ ਵਜੋਂ ਇਕੱਠੀ ਹੋਈ ਰਾਸ਼ੀ ਦੀ ਪ੍ਰਾਪਤੀ ਲਈ ਨਗਰ ਨਿਗਮ ਅਤੇ ਨਗਰ ਕੌਂਸਲਾਂ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਨ ਅਤੇ ਇਹ ਰਾਸ਼ੀ ਜਾਰੀ ਕਰਵਾ ਕੇ ਲਾਵਾਰਿਸ ਪਸ਼ੂਆਂ ਦੀ ਸਾਂਭ-ਸੰਭਾਲ ਲਈ ਵਰਤੀ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਊ ਹੱਤਿਆ ਨੂੰ ਰੋਕਣ ਲਈ 10 ਸਾਲ ਤੱਕ ਦੀ ਸਜ਼ਾ ਦੀ ਵਿਵਸਥਾ, ਨਵੀਆਂ ਗਊਸ਼ਾਲਾਵਾਂ ਲਈ ਸਟੈਂਪ ਡਿਊਟੀ ਤੋਂ ਛੋਟ, ਹਰੇਕ ਜ਼ਿਲ੍ਹੇ ਵਿੱਚ ਗਜ਼ਟਿਡ ਪੁਲਿਸ ਅਧਿਕਾਰੀ ਦੀ ਅਗਵਾਈ ਹੇਠ ਕਾਊ ਪ੍ਰੋਟੈਕਸ਼ਨ ਸੈੱਲ ਅਤੇ ਗਊਸ਼ਾਲਾਵਾਂ ਵਿੱਚ ਰੱਖੇ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਲੋੜੀਂਦੇ ਟੀਕਾਕਰਣ ਸਮੇਤ ਵੱਖ-ਵੱਖ ਪ੍ਰਬੰਧ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਮਨਜ਼ੂਰਸ਼ੁਦਾ ਚਾਰ ਸਲਾਟਰ ਹਾਊਸ ਯੂਨਿਟਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਨਿਯਮਾਂ ਅਨੁਸਾਰ ਚਲਾਉਣਾ ਯਕੀਨੀ ਬਣਾਉਣ ਸਬੰਧੀ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨਾਲ ਵੀ ਅੱਜ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਇਸ ਸਬੰਧੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ ਗਿਆ ਹੈ। ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਨਾਲ ਨਵੀਆਂ ਰਜਿਸਟਰਡ ਹੋਈਆਂ ਗਊਸ਼ਾਲਾਵਾਂ ਨੂੰ ਸਰਟੀਫਿਕੇਟ ਵੀ ਸੌਂਪੇ ਗਏ।

ਮੀਟਿੰਗ ਵਿੱਚ ਨਗਰ ਨਿਗਮ ਮੋਹਾਲੀ ਦੇ ਜੁਆਇੰਟ ਕਮਿਸ਼ਨਰ ਸ੍ਰੀ ਨਵਦੀਪ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀਮਤੀ ਪਰਮਬੀਰ ਕੌਰ, ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਸ੍ਰੀ ਕਮਲਦੀਪ ਸਿੰਘ, ਆਬਕਾਰੀ ਵਿਭਾਗ ਤੋਂ ਈ.ਟੀ.ਓ. ਸ੍ਰੀ ਦੀਵਾਨ ਚੰਦ, ਵੱਖ-ਵੱਖ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰ ਅਤੇ ਹੋਰ ਸਬੰਧਤ ਅਧਿਕਾਰੀ ਹਾਜ਼ਰ ਸਨ।

# ਬਾਪੂਧਾਮ ਵਿੱਚ ਕਾਂਗਰਸ ਦੀ ਜਨਸਭਾ, ਮਾਲਕਾਨਾ ਹੱਕ ਅਤੇ ਬੁਨਿਆਦੀ ਸਹੂਲਤਾਂ ਦੇ ਮੁੱਦੇ ਉੱਠੇ

**ਪੈ.ਗਾਮ-ਏ-ਜਗਤ/ਚੰਡੀਗੜ੍ਹ 30 ਸਤੰਬਰ (ਹਰਮਿੰਦਰ ਨਾਗਪਾਲ)**



ਵਾਰਡ ਨੰਬਰ 03 ਸਥਿਤ ਬਾਪੂਧਾਮ ਕਲੋਨੀ ਵਿੱਚ ਆਯੋਜਿਤ ਕਾਂਗਰਸ ਦੀ ਜਨਸਭਾ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀਆਂ ਨੇ ਭਾਗ ਲਿਆ। ਜਨਸਭਾ ਵਿੱਚ ਚੰਡੀਗੜ੍ਹ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਅਤੇ ਚੰਡੀਗੜ੍ਹ ਕਾਂਗਰਸ ਪ੍ਰਧਾਨ ਹਰਮੋਹਿੰਦਰ ਸਿੰਘ ਲੱਕੀ (ਐਚ.ਐਸ. ਲੱਕੀ) ਮੌਜੂਦ ਰਹੇ। ਸਭਾ ਦੌਰਾਨ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਲੈ ਕੇ ਸਥਾਨਕ ਮੁੱਦਿਆਂ ’ਤੇ ਚਰਚਾ ਹੋਈ।

ਜਨਸਭਾ ਦਾ ਆਯੋਜਨ ਯੈਂਕੀ ਕਾਲੀਆ ਅਤੇ ਮੀਨੂ ਕਾਲੀਆ ਦੇ ਨਾਲ ਮਿਲ ਕੇ ਕੀਤਾ ਗਿਆ। ਬਾਪੂਧਾਮ ਦੇ ਨਿਵਾਸੀਆਂ ਨੇ ਮਾਲਕਾਨਾ ਹੱਕ, ਮਕਾਨਾਂ ਨਾਲ ਜੁੜੇ ਅਧਿਕਾਰ, ਪਾਣੀ, ਸੀਵਰੇਜ, ਸੜਕ, ਸਫਾਈ, ਸਟਰੀਟ ਲਾਈਟ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਸਮੱਸਿਆਵਾਂ ਉਠਾਈਆਂ।

ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਕਿਹਾ ਕਿ ਬਾਪੂਧਾਮ ਦੇ ਹਜ਼ਾਰਾਂ ਪਰਿਵਾਰ ਸਾਲਾਂ ਤੋਂ ਚੰਡੀਗੜ੍ਹ ਦੇ ਵਿਕਾਸ ਵਿੱਚ ਯੋਗਦਾਨ ਦੇ ਰਹੇ ਹਨ, ਪਰ ਉਨ੍ਹਾਂ ਦੀਆਂ ਕਈ ਬੁਨਿਆਦੀ ਸਮੱਸਿਆਵਾਂ ਹਾਲੇ ਵੀ ਹੱਲ ਦੀ ਉਡੀਕ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਲਕਾਨਾ ਹੱਕ ਦਾ ਮੁੱਦਾ ਸਿਰਫ ਜ਼ਮੀਨ ਜਾਂ ਮਕਾਨ ਤੱਕ ਸੀਮਤ ਨਹੀਂ ਹੈ, ਸਗੋਂ ਇਹ ਹਜ਼ਾਰਾਂ ਪਰਿਵਾਰਾਂ ਦੀ ਸੁਰੱਖਿਆ ਅਤੇ ਭਵਿੱਖ ਨਾਲ ਜੁੜਿਆ ਵਿਸ਼ਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਇਸ ਸਬੰਧ ਵਿੱਚ ਸਪੱਸ਼ਟ ਨੀਤੀ ਬਣਾ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਮੰਗ ਕੀਤੀ।

ਤਿਵਾੜੀ ਨੇ ਕਿਹਾ ਕਿ ਜਨਤਾ ਦੀਆਂ ਸਮੱਸਿਆਵਾਂ ਨੂੰ ਢੁਕਵੇਂ ਮੰਚਾਂ ’ਤੇ ਉਠਾਉਣਾ ਜਨਪ੍ਰਤੀਨਿਧੀਆਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦਾ ਵਿਕਾਸ ਤਦ ਹੀ ਸਾਰਥਕ ਹੋਵੇਗਾ ਜਦੋਂ ਸ਼ਹਿਰ ਦੇ ਹਰ ਵਰਗ ਅਤੇ ਕਲੋਨੀ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਉਪਲਬਧ ਹੋਣ।

ਚੰਡੀਗੜ੍ਹ ਕਾਂਗਰਸ ਪ੍ਰਧਾਨ ਐਚ.ਐਸ. ਲੱਕੀ ਨੇ ਕਿਹਾ ਕਿ ਬਾਪੂਧਾਮ ਦੇ ਲੋਕ ਸਾਲਾਂ ਤੋਂ ਆਪਣੇ ਘਰਾਂ ਅਤੇ ਬੁਨਿਆਦੀ ਸਹੂਲਤਾਂ ਨਾਲ ਜੁੜੇ ਸਵਾਲਾਂ ਦੇ ਹੱਲ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਾਲਕਾਨਾ ਹੱਕ, ਬਿਹਤਰ ਨਾਗਰਿਕ ਸਹੂਲਤਾਂ ਅਤੇ ਸਨਮਾਨਜਨਕ ਜੀਵਨ ਨਾਲ ਜੁੜੇ ਮੁੱਦਿਆਂ ਨੂੰ ਕਾਂਗਰਸ ਲਗਾਤਾਰ ਉਠਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਸਥਾਨਕ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਠਾਇਆ ਜਾਵੇਗਾ ਅਤੇ ਕਾਂਗਰਸ ਵਰਕਰ ਘਰ-ਘਰ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣਗੇ। ਭਾਜਪਾ ਛੱਡ ਕੇ ਕਈ ਲੋਕਾਂ ਨੇ ਕਾਂਗਰਸ ਦੀ ਮੈਂਬਰਸ਼ਿਪ ਲਈ ਜਨਸਭਾ ਦੌਰਾਨ ਭਾਜਪਾ ਛੱਡ ਕੇ ਕਈ ਸਥਾਨਕ ਲੋਕਾਂ ਨੇ ਸੰਸਦ ਮੈਂਬਰ ਮਨੀਸ਼ ਤਿਵਾੜੀ ਦੀ ਹਾਜ਼ਰੀ ਵਿੱਚ ਐਚ.ਐਸ. ਲੱਕੀ ਦੀ ਅਗਵਾਈ ਵਿੱਚ ਕਾਂਗਰਸ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ। ਇਨ੍ਹਾਂ ਵਿੱਚ ਮੀਨੂ, ਮਿਠਾਨੀ, ਜੀਤੂ, ਅਨੰਦ, ਦੇਵੀ ਪ੍ਰਕਾਸ਼, ਸ਼ੰਕਰ, ਸੁਨੀਤਾ, ਸ੍ਰਵਣ, ਅਜੈ, ਮੁੰਨਾ, ਓਮ ਪ੍ਰਕਾਸ਼ ਅਤੇ ਕੈਲਾਸ਼ ਸਮੇਤ ਹੋਰ ਲੋਕ ਸ਼ਾਮਲ ਰਹੇ।

ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਐਚ.ਐਸ. ਲੱਕੀ ਨੇ ਕਿਹਾ ਕਿ ਕਾਂਗਰਸ ਨਾਲ ਵੱਖ-ਵੱਖ ਵਰਗਾਂ ਦੇ ਲੋਕ ਜੁੜ ਰਹੇ ਹਨ। ਇਸ ਮੌਕੇ ’ਤੇ ਰਾਜੀਵ ਮੌਦਗਿਲ, ਅਜੈ ਸ਼ਰਮਾ ਸਮੇਤ ਕਾਂਗਰਸ ਦੇ ਸੀਨੀਅਰ ਨੇਤਾ, ਅਹੁਦੇਦਾਰ ਅਤੇ ਵਰਕਰ ਮੌਜੂਦ ਰਹੇ। ਜਨਸਭਾ ਨੂੰ ਸਫਲ ਬਣਾਉਣ ਵਿੱਚ ਮਨਦੀਪ, ਸ੍ਰਵਣ ਕਾਲੀਆ, ਪੰਨੂ, ਸਾਹਬ ਸਿੰਘ, ਸੋਨੂ ਮਹਿਰਾ, ਮਨਜੀਤ, ਸੁਮਿਤ, ਮਹਿਤਾਬ, ਜਾਵੇਦ, ਵਿਪਿਨ ਅਤੇ ਜੈ ਸਿੰਘ ਸਮੇਤ ਹੋਰ ਵਰਕਰਾਂ ਨੇ ਭੂਮਿਕਾ ਨਿਭਾਈ। ਸਭਾ ਦੌਰਾਨ ਕਾਂਗਰਸ ਵਰਕਰਾਂ ਨੇ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਲੈ ਕੇ ਬੂਥ ਪੱਧਰ ’ਤੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਸਥਾਨਕ ਨਿਵਾਸੀਆਂ ਨਾਲ ਸੰਪਰਕ ਵਧਾਉਣ ਦੀ ਗੱਲ ਕਹੀ।

# ਕਾਂਗਰਸ ਵਰਕਰ ਸੰਮੇਲਨ ਵਿੱਚ ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਉਠਾਏ ਕਿਸਾਨਾਂ ਅਤੇ ਨੌਜਵਾਨਾਂ ਦੇ ਮੁੱਦੇ

**ਪੈ.ਗਾਮ-ਏ-ਜਗਤ ਕਰਨਾਲ (ਪ੍ਰਵੀਨ ਵਾਲੀਆ)**




ਕਾਂਗਰਸ ਵਰਕਰ ਸੰਮੇਲਨ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਕਿਸਾਨਾਂ, ਨੌਜਵਾਨਾਂ ਅਤੇ ਖਿਡਾਰੀਆਂ ਨਾਲ ਜੁੜੇ ਮੁੱਦੇ ਉਠਾਉਂਦਿਆਂ ਭਾਜਪਾ ਸਰਕਾਰ ’ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਚੋਣਾਂ ਦੌਰਾਨ ਜਨਤਾ ਨਾਲ ਕੀਤੇ ਗਏ ਕਈ ਵਾਅਦੇ ਹੁਣ ਤੱਕ ਪੂਰੇ ਨਹੀਂ ਹੋਏ ਹਨ।

ਦੀਪੇਂਦਰ ਹੁੱਡਾ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਾਲ 2024 ਵਿੱਚ ਕਿਸਾਨਾਂ ਨੂੰ ਪੀਆਰ ਝੋਨੇ ਦਾ 3100 ਰੁਪਏ ਪ੍ਰਤੀ ਕੁਇੰਟਲ ਭਾਅ ਦੇਣ ਦਾ ਵਾਅਦਾ ਕੀਤਾ ਸੀ, ਪਰ ਹੁਣ ਤੱਕ 3100 ਰੁਪਏ ਦੀ ਐਮਐਸਪੀ ਘੋਸ਼ਿਤ ਨਹੀਂ ਹੋਈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਮੌਜੂਦਾ 2400 ਰੁਪਏ ਦੀ ਐਮਐਸਪੀ ’ਤੇ ਵੀ 200 ਤੋਂ 400 ਰੁਪਏ ਤੱਕ ਦੀ ਕਟੌਤੀ ਕਰ ਕੱਚੀਆਂ ਪਰਚੀਆਂ ’ਤੇ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਝੋਨੇ ਦੀ ਐਮਐਸਪੀ ਵਧਾਉਣ ਜਾਂ 700 ਰੁਪਏ ਪ੍ਰਤੀ ਕੁਇੰਟਲ ਬੋਨਸ ਦੇ ਕੇ 3100 ਰੁਪਏ ਦੇ ਭਾਅ ’ਤੇ ਖਰੀਦ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਮੁੱਦੇ ’ਤੇ ਸਰਕਾਰ ਨੂੰ ਆਪਣੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ। ਹੁੱਡਾ ਨੇ ਮੰਚ ਤੋਂ ਮੁੱਖ ਮੰਤਰੀ ਦੇ ਪੁਰਾਣੇ ਬਿਆਨ ਦੀ ਵੀਡੀਓ ਵੀ ਵਰਕਰਾਂ ਨੂੰ ਸੁਣਾਈ। ਸੰਸਦ ਮੈਂਬਰ ਨੇ ਏਸ਼ੀਅਨ ਖੇਡਾਂ ਵਿੱਚ ਤਮਗਾ ਜਿੱਤਣ ਵਾਲੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਰਿਆਣਾ ਦੇ ਖਿਡਾਰੀਆਂ ਨੇ ਦੇਸ਼ ਦਾ ਮਾਣ-ਸਨਮਾਨ ਵਧਾਇਆ ਹੈ। ਉਨ੍ਹਾਂ ਨੇ ਕਬੱਡੀ, ਮਹਿਲਾ ਰਿਲੇਅ ਅਤੇ ਸ਼ੂਟਿੰਗ ਸਣੇ ਵੱਖ-ਵੱਖ ਮੁਕਾਬਲਿਆਂ ਵਿੱਚ ਹਰਿਆਣਾ ਦੇ ਖਿਡਾਰੀਆਂ ਦੇ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਰਾਸ਼ਟਰਮੰਡਲ ਖੇਡਾਂ ਦਾ ਆਯੋਜਨ ਗੁਜਰਾਤ ਦੀ ਬਜਾਏ ਹਰਿਆਣਾ ਵਿੱਚ ਕਰਵਾਉਣ ਦੀ ਮੰਗ ਵੀ ਦੁਹਰਾਈ। ਹੁੱਡਾ ਨੇ ਭਾਜਪਾ ’ਤੇ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਅਤੇ ਚੋਣਾਂ ਵਿੱਚ ਧਾਂਦਲੀ ਦੇ ਦੋਸ਼ ਲਗਾਏ। ਉਨ੍ਹਾਂ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਹਰਿਆਣਾ ਵਿੱਚ ਕਥਿਤ ਵੋਟ ਚੋਰੀ ਦਾ ਮੁੱਦਾ ਉਠਾਏ ਜਾਣ ਦਾ ਜ਼ਿਕਰ ਕਰਦਿਆਂ ਵੋਟਿੰਗ ਅਤੇ ਵੋਟਾਂ ਦੀ ਗਿਣਤੀ ਦੇ ਅੰਕੜਿਆਂ ਵਿੱਚ ਕਥਿਤ ਅੰਤਰ ’ਤੇ ਸਵਾਲ ਉਠਾਏ। ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਅਤੇ ਹਰਿਆਣਾ ਵਿੱਚ ਦੁਬਾਰਾ ਚੋਣ ਕਰਵਾਉਣ ਦੀ ਮੰਗ ਕੀਤੀ।

ਉਨ੍ਹਾਂ ਨੇ ਭਾਜਪਾ ਵੱਲੋਂ ਚੋਣਾਂ ਦੌਰਾਨ ਬਜ਼ੁਰਗਾਂ ਦੀ ਪੈਨਸ਼ਨ 6000 ਰੁਪਏ ਕਰਨ, ਔਰਤਾਂ ਨੂੰ ਲਾਡੋ ਲਕਸ਼ਮੀ ਯੋਜਨਾ ਤਹਿਤ 3100 ਰੁਪਏ ਪ੍ਰਤੀ ਮਹੀਨਾ ਦੇਣ, 500 ਰੁਪਏ ਵਿੱਚ ਗੈਸ ਸਿਲੰਡਰ ਉਪਲਬਧ ਕਰਵਾਉਣ, ਗਰੀਬ, ਐਸਸੀ ਅਤੇ ਬੀਸੀ ਪਰਿਵਾਰਾਂ ਨੂੰ 100-100 ਗਜ਼ ਦੇ ਪਲਾਟ ਦੇਣ ਅਤੇ ਐਚਕੇਆਰਐਨ ਅਤੇ ਸਫਾਈ ਕਰਮਚਾਰੀਆਂ ਨੂੰ ਪੱਕਾ ਕਰਨ ਵਰਗੇ ਵਾਅਦਿਆਂ ਦਾ ਜ਼ਿਕਰ ਕੀਤਾ ਅਤੇ ਦੋਸ਼ ਲਗਾਇਆ ਕਿ ਇਨ੍ਹਾਂ ਵਿੱਚੋਂ ਕਈ ਵਾਅਦੇ ਪੂਰੇ ਨਹੀਂ ਹੋਏ ਹਨ। ਹੁੱਡਾ ਨੇ ਕਾਂਗਰਸ ਸਰਕਾਰ ਦੇ ਕਾਰਜਕਾਲ ਵਿੱਚ ਵਿਕਾਸ, ਪ੍ਰਤੀ ਵਿਅਕਤੀ ਆਮਦਨ, ਵਿਕਾਸ ਦਰ ਅਤੇ ਨਿਵੇਸ਼ ਦੇ ਖੇਤਰ ਵਿੱਚ ਹਰਿਆਣਾ ਦੇ ਪ੍ਰਦਰਸ਼ਨ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਨੇ ਬੇਰੁਜ਼ਗਾਰੀ, ਨਸ਼ੇ, ਅਪਰਾਧ, ਭ੍ਰਿਸ਼ਟਾਚਾਰ ਅਤੇ ਨੌਜਵਾਨਾਂ ਦੇ ਵਿਦੇਸ਼ ਪਲਾਇਨ ਨੂੰ ਲੈ ਕੇ ਵੀ ਸਰਕਾਰ ’ਤੇ ਨਿਸ਼ਾਨਾ ਸਾਧਿਆ।

“ਪੈਗਾਮ-ਏ-ਜਗਤ”
NEWS & WEB CHANNEL
HEAD OFFICE
F 388, Industrial Area, Sector 74,
Sahibzada Ajit Singh Nagar, Punjab 160071
CONTACT : +91 9878862733, 9872340701

ਛੋਟਾ ਇਸ਼ਤਿਹਾਰ
ਵੱਡਾ ਵਪਾਰ
“ਪੈਗਾਮ-ਏ-ਜਗਤ” ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।
Financial & Professional S

# ਵਾਸਤੂਦੋਸ਼ ਵਿਆਹ ਵਿੱਚ ਦੇਰੀ ਦਾ ਕਾਰਨ ਵੀ ਬਣ ਸਕਦਾ ਹੈ : ਡਾ. ਭੂਪੇਂਦਰ ਵਾਸਤੂਸ਼ਾਸਤਰੀ

**ਪੈਗਾਮ-ਏ-ਜਗਤ**
**ਹੁਸ਼ਿਆਰਪੁਰ (ਦਲਜੀਤ ਅਜਨੋਹਾ)**

ਮਨੁੱਖੀ ਜੀਵਨ ਵਿੱਚ ਵਾਪਰਨ ਵਾਲੀ ਹਰ ਘਟਨਾ ਦਾ ਸਬੰਧ ਕਿਤੇ ਨਾ ਕਿਤੇ ਸਾਡੇ ਭਵਨ ਦੀ ਵਾਸਤੂ ਨਾਲ ਜੁੜਿਆ ਹੁੰਦਾ ਹੈ ਭਾਵੇਂ ਉਹ ਘਟਨਾ ਸਰੀਰਕ ਹੋਵੇ ਮਾਨਸਿਕ ਹੋਵੇ ਆਰਥਿਕ ਹੋਵੇ ਜਾਂ ਫਿਰ ਸਮਾਜਿਕ, ਅਜਿਹਾ ਮੰਨਣਾ ਹੈ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਵਾਸਤੂਵਿਦ ਅਤੇ ਲੇਖਕ ਡਾ. ਭੂਪੇਂਦਰ ਵਾਸਤੂਸ਼ਾਸਤਰੀ ਦਾ। ਅੱਜਕੱਲ੍ਹ ਘਰਾਂ ਵਿੱਚ ਸਜਾਵਟ ਨੂੰ ਜ਼ਿਆਦਾ ਮਹੱਤਵ ਦੇ ਕੇ ਵਾਸਤੂ ਦੇ ਨਿਯਮਾਂ ਨੂੰ ਤਾਕ 'ਤੇ ਰੱਖ ਦਿੱਤਾ ਜਾਂਦਾ ਹੈ ਉਸ ਕਾਰਨ ਪਰਿਵਾਰ ਵਿੱਚ ਲੜਕੇ, ਲੜਕੀਆਂ ਵਿਆਹ ਯੋਗ ਹੋਣ ਦੇ ਬਾਵਜੂਦ ਵੀ ਵਿਆਹ ਵਿੱਚ ਦੇਰੀ ਆਉਂਦੀ ਹੈ, ਰਿਸ਼ਤੇ ਹੀ ਨਹੀਂ ਆਉਂਦੇ ਹਨ, ਵਿਆਹ ਦੀ ਗੱਲ ਅੱਗੇ ਨਹੀਂ ਵੱਧਦੀ ਹੈ, ਮੰਗਣੀ ਹੁੰਦੇ ਹੀ ਤੁਰੰਤ ਸਬੰਧ ਟੁੱਟ ਜਾਂਦੇ ਹਨ ਤਾਂ ਇਨ੍ਹਾਂ ਸਭ ਦੇ ਪਿੱਛੇ ਭਵਨ ਦੇ ਨੈਰਿਤ ਕੋਣ ਤੇ ਵਾਇਵਯ ਕੋਣ ਦੇ ਵਾਸਤੂ ਦੋਸ਼ਾਂ ਦਾ ਪ੍ਰਭਾਵ ਹੁੰਦਾ ਹੈ। ਨੈਰਿਤ ਦੂਸ਼ਿਤ ਹੋਣਾ ਹੇਠ ਲਿਖੇ ਪ੍ਰਕਾਰ ਨਾਲ ਹੋ ਸਕਦਾ ਹੈ ਭੂਮੀਗਤ ਜਲ ਸਰੋਤ ਦਾ ਹੋਣਾ, ਨਿਰਮਾਣ ਰਹਿਤ ਹੋਣਾ, ਟੋਆ ਹੋਣਾ, ਸੰਪੂਰਨ ਘਰ ਦੀ ਜਲ ਨਿਕਾਸੀ ਦਾ ਹੋਣਾ, ਮੁੱਖ ਦਰਵਾਜ਼ੇ ਦਾ ਹੋਣਾ, ਰਸੋਈ ਘਰ ਦਾ ਹੋਣਾ, ਖੂਹ, ਬੋਰਵੈੱਲ ਹੋਣਾ, ਨੈਰਿਤ ਹੋਰ ਦਿਸ਼ਾਵਾਂ ਤੋਂ ਨੀਵਾਂ ਹੋਣਾ ਆਦਿ ਵਿੱਚੋਂ ਕੋਈ ਵੀ ਦੋਸ਼ ਹੈ ਤਾਂ ਵਿਆਹ ਵਿੱਚ ਦੇਰੀ ਜਾਂ ਵਿਆਹੁਤਾ ਜੀਵਨ ਵਿੱਚ ਰੁਕਾਵਟ ਪੈਦਾ ਕਰੇਗਾ। ਨੈਰਿਤ ਕੋਣ ਦੇ ਨਾਲ ਹੀ ਵਾਇਵਯ ਕੋਣ ਵਿੱਚ ਵਾਸਤੂ ਦੋਸ਼ ਹੈ ਤਾਂ ਔਰਤ ਵਰਗ ਨੂੰ ਘਰ ਦੀਆਂ ਕੰਨਿਆਵਾਂ ਨੂੰ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨੈਰਿਤ ਕੋਣ ਅਤੇ



ਵਾਇਵਯ ਕੋਣ ਦੇ ਨਾਲ ਆਗਨੇਯ ਕੋਣ ਵਿੱਚ ਵੀ ਦੋਸ਼ ਹੋ ਗਿਆ ਤਾਂ ਵਿਆਹੁਤਾ ਜੀਵਨ ਵਿੱਚ ਜ਼ਹਿਰ ਘੁਲਦਾ ਹੀ ਜਾਵੇਗਾ, ਵਿਆਹ ਯੋਗ ਨੌਜਵਾਨਾਂ ਨੂੰ ਵਿਆਹੁਤਾ ਜੀਵਨ ਤੋਂ ਵਾਂਝੇ ਵੀ ਰਹਿਣਾ ਪੈ ਸਕਦਾ ਹੈ। ਬਹੁਤ ਸਾਰੇ ਘਰਾਂ ਵਿੱਚ ਕਿਸੇ ਇੱਕ ਦਾ ਵਿਆਹ ਤੈਅ ਸਮੇਂ ਹੋ ਜਾਂਦਾ ਹੈ ਅਤੇ ਕਿਸੇ ਦਾ ਨਹੀਂ ਹੁੰਦਾ ਹੈ ਤਾਂ ਉਸ ਦੇ ਪਿੱਛੇ ਵਾਸਤੂ ਦਾ ਰਾਜ਼ ਬਰਕਰਾਰ ਰਹਿੰਦਾ ਹੈ ਜੋ ਹੇਠ ਲਿਖਿਆ ਹੈ। ਉਪਰੋਕਤ ਦੋਸ਼ਾਂ ਦੇ ਨਾਲ ਈਸ਼ਾਨ ਦੂਸ਼ਿਤ ਤਾਂ ਪ੍ਰਭਾਵ ਪਹਿਲੇ ਨੰਬਰ ਅਤੇ ਚੌਥੇ ਨੰਬਰ ਦੀ ਔਲਾਦ ਨੂੰ ਝੱਲਣਾ ਪੈ ਸਕਦਾ ਹੈ। ਆਗਨੇਯ ਤਾਂ ਦੂਜੀ ਅਤੇ ਛੇਵੀਂ ਔਲਾਦ। ਵਾਇਵਯ ਦੂਸ਼ਿਤ ਤਾਂ ਤੀਜੀ ਤੇ ਸੱਤਵੀਂ ਜੇਕਰ ਨੈਰਿਤ ਦੂਸ਼ਿਤ ਤਾਂ ਪੰਜਵੀਂ ਔਲਾਦ ਦੇ ਵਿਆਹੁਤਾ ਦੇਰੀ ਦਾ ਕਾਰਨ ਬਣ ਸਕਦਾ ਹੈ।

# 60 ਸਾਲ ਤੋਂ ਵੱਧ ਉਮਰ ਦੇ ਪੈਨਸ਼ਨਰਾਂ ਨੂੰ 10,000 ਪੈਨਸ਼ਨ ਦੇਣ ਦੀ ਕੀਤੀ ਮੰਗ

**ਪੈਗਾਮ-ਏ-ਜਗਤ**
**ਨਵਾਂਸ਼ਹਿਰ (ਦੇਸ ਰਾਜ ਬਾਲੀ)**

ਇੱਥੇ ਸੀ.ਪੀ.ਆਈ. (ਐਮ) ਤਹਿਸੀਲ ਨਵਾਂ ਸ਼ਹਿਰ ਕਮੇਟੀ ਦੇ ਸੱਦੇ ਤੇ ਪਾਰਟੀ ਵਰਕਰਾਂ ਅਤੇ ਆਗੂਆਂ ਵੱਲੋਂ ਸੀ ਪੀ ਆਈ (ਐਮ) ਦੀ ਸੂਬਾ ਕਮੇਟੀ ਵੱਲੋਂ ਪੂਰੇ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦੇ ਵੱਖ-ਵੱਖ ਐਮ ਐੱਲ ਏ ਸਾਹਿਬ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਮ ਲੋਕਾਂ ਦੀਆਂ ਭੱਖਦੀਆਂ ਮੰਗਾਂ ਸਬੰਧੀ ਮੰਗ ਪੱਤਰ ਦੇਣ ਦੇ ਸੱਦੇ ਤਹਿਤ ਅੱਜ ਸਥਾਨਕ ਤਹਿਸੀਲ ਪੱਧਰੀ, ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੂੰ ਮੰਗ ਪੱਤਰ ਦੇਣ ਵਾਸਤੇ ਇਲਾਕੇ ਦੇ ਪਿੰਡਾਂ ਦੇ ਲੋਕਾਂ ਵੱਲੋਂ ਵੱਡਾ ਇਕੱਠ ਕੀਤਾ ਗਿਆ।



ਇਸ ਮੌਕੇ ਜ਼ਿਲ੍ਹਾ ਸਕੱਤਰ ਕਾਮਰੇਡ ਚਰਨਜੀਤ ਸਿੰਘ ਦੌਲਤ ਪੁਰ ਨੇ ਦੱਸਿਆ ਕਿ ਚਾਰ ਲੇਬਰ ਕੋਡ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਹਨ ਉਨਾ ਕੋਡਾਂ ਨੂੰ ਰੱਦ ਕਰਵਾਉਣ ਲਈ, ਮਨਰੇਗਾ ਕਾਨੂੰਨ ਨੂੰ ਬਹਾਲ ਕਰਵਾਉਣ ਲਈ, ਵੀ ਬੀ ਜੀ ਰਾਮ ਜੀ ਕਾਨੂੰਨ ਰੱਦ ਕਰਨ ਲਈ, ਸਾਰੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਮਾਫ਼ ਕੀਤੇ ਜਾਣ, ਐਮ ਐਸ਼ ਪੀ ਸਾਰੀਆਂ ਫ਼ਸਲਾਂ ਤੇ ਲਾਗੂ ਕਰਨ ਲਈ ਕਾਨੂੰਨ ਬਣਾਉਣ ਲਈ , 60 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ, ਔਰਤਾਂ, ਵਿਧਵਾਂ, ਬੁਢਾਪਾ ਅਤੇ ਅੰਗਹੀਣ ਪੈਨਸ਼ਨ 10000/- ਰੁਪਏ ਪ੍ਰਤੀ ਮਹੀਨਾ ਦਿੱਤੀ ਜਾਵੇ , ਨਸ਼ਿਆਂ ਦੇ ਘਰ- ਪਹੁੰਚਣ ਨੂੰ ਰੋਕਣ ਲਈ ਸਖ਼ਤ ਕਾਨੂੰਨ ਦੀ ਲੋੜ ਹੈ, ਕਾਨੂੰਨ ਦੀ ਮਾੜੀ ਸਥਿਤੀ ਨੂੰ ਸੁਧਾਰਿਆ ਜਾਵੇ,ਮੁਕਤ ਵਪਾਰ ਸੰਧੀ ਅਮਰੀਕਾ ਜਾਂ ਦੂਜੇ ਦੇਸ਼ਾਂ ਨਾਲ ਕਰਦੇ ਸਮੇਂ ਦੇਸ਼ ਦੇ ਲੋਕਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਸੰਧੀ ਤੇ ਦਸਤਖ਼ਤ ਨਾ ਕੀਤੇ ਜਾਣ, ਚੰਡੀਗੜ੍ਹ ਪੰਜਾਬ ਨੂੰ ਤਬਦੀਲ ਕੀਤਾ ਜਾਵੇ , ਵੱਧ ਰਹੀ ਮਹਿਗਾਈ ਨੂੰ ਰੋਕਿਆ ਜਾਵੇ। ਇਹ ਸਾਰੀਆਂ ਮੰਗਾਂ ਤੋ ਇਲਾਵਾ ਵਿਧਾਨ ਸਭਾ ਹਲਕੇ ਵਿੱਚ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ,ਰਹੋਂ - ਮੱਤੇਵਾੜਾ ਸੜਕ ਜੋ ਕਿ ਓਵਰਲੋਡ ਟਿੱਪਰਾਂ ਅਤੇ ਟਰਾਲਿਆ ਕਾਰਨ ਬਿਲਕੁਲ ਟੁੱਟ ਚੁੱਕੀ ਹੈ , ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਕਿਉਂਕਿ ਆਣ ਵਾਲੇ ਝੋਨੇ ਅਤੇ ਗੰਨੇ ਦੇ ਸੀਜਨ ਵਿੱਚ ਕਿਸਾਨਾਂ ਨੂੰ ਮੁਸ਼ਕਿਲ ਪੇਸ਼ ਆਵੇਗੀ, ਆਪਣੇ ਫੰਡ ਨਾਲ ਚੱਲਣ ਵਾਲੀਆਂ ਸੁਸਾਇਟੀਆਂ ਦੇ ਰਹਿਦੇ ਕਰਜ਼ੇ ਮਾਫ਼ ਕਰਨ ਲਈ ਪੰਜਾਬ ਸਰਕਾਰ ਨੂੰ ਜਲਦੀ ਨੋਟੀਫਿਕੇਸ਼ਨ ਜਾਰੀ ਕਰਨ ਲਈ, ਨਾਜਾਇਜ਼ ਮਾਈਨਿੰਗ ਕਰਨ ਵਾਲੇ ਓਵਰਲੋਡ ਟਿੱਪਰਾਂ ਨੂੰ ਤੁਰੰਤ ਬੰਦ ਕੀਤਾ ਜਾਵੇ, ਬਿਜਲੀ ਦੇ ਵੱਧ ਬਿੱਲ ਆਣ ਕਾਰਨ ਗਰੀਬ ਲੋਕਾਂ ਨੂੰ ਰਾਹਤ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਘਰਾਂ ਦੇ ਬਿਜਲੀ ਬਿੱਲ ਤੁਰੰਤ ਮੁਆਫ਼ ਕੀਤੇ ਜਾਣ।

ਇੱਸ ਮੌਕੇ ਹੇਠ ਲਿਖੇ ਆਗੂ ਅਤੇ ਪਤਵੰਤੇ ਸੱਜਣਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਪੁਲਿਸ ਪ੍ਰਸ਼ਾਸਨ ਅਤੇ ਸੰਘਰਸ਼ ਕਮੇਟੀ ਵਿੱਚ ਸਹਿਮਤੀ, ਸਵੇਰੇ 7 ਤੋਂ ਸ਼ਾਮ 7 ਵਜੇ ਤੱਕ ਟਿੱਪਰ ਬੰਦ

**ਪੈਗਾਮ-ਏ-ਜਗਤ**
**ਹੁਸ਼ਿਆਰਪੁਰ, 30 ਸਤੰਬਰ**
**(ਦਲਜੀਤ ਅਜਨੋਹਾ)**

ਹਿਮਾਚਲ ਪ੍ਰਦੇਸ਼ ਤੋਂ ਮਾਈਨਿੰਗ ਸਮੱਗਰੀ ਲੈ ਕੇ ਗੜ੍ਹਸ਼ੰਕਰ-ਨੰਗਲ ਰੋਡ ਅਤੇ ਮਾਹਿਲਪੁਰ ਤੋਂ ਜੈਜੋਂ ਦੋਆਬਾ ਮਾਰਗ 'ਤੇ ਆਉਣ ਵਾਲੇ ਟਿੱਪਰਾਂ ਦੀ ਆਵਾਜਾਈ, ਓਵਰਲੋਡਿੰਗ ਅਤੇ ਸੜਕ ਸੁਰੱਖਿਆ ਦੇ ਮੁੱਦੇ ਨੂੰ ਲੈ ਕੇ ਵਾਤਾਵਰਣ ਬਚਾਓ, ਲੋਕ ਬਚਾਓ ਸੰਘਰਸ਼ ਕਮੇਟੀ ਅਤੇ ਪੁਲਿਸ ਪ੍ਰਸ਼ਾਸਨ ਵਿਚਾਲੇ ਸਹਿਮਤੀ ਬਣੀ ਹੈ। ਸਹਿਮਤੀ ਅਨੁਸਾਰ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਟਿੱਪਰਾਂ ਦੀ ਆਵਾਜਾਈ ਬੰਦ ਰਹੇਗੀ। ਬੀਤ ਇਲਾਕੇ ਦੀਆਂ ਹੋਰ ਸੜਕਾਂ 'ਤੇ ਵੀ ਦਿਨ ਦੇ ਸਮੇਂ ਟਿੱਪਰ ਨਹੀਂ ਚੱਲਣ ਦਿੱਤੇ ਜਾਣਗੇ।

ਪੁਲਿਸ ਪ੍ਰਸ਼ਾਸਨ ਨਾਲ ਹੋਈ ਮੀਟਿੰਗ ਤੋਂ ਬਾਅਦ ਸੰਘਰਸ਼ ਕਮੇਟੀ ਨੇ 5 ਅਕਤੂਬਰ ਨੂੰ ਪ੍ਰਸਤਾਵਿਤ ਪੈਦਲ ਰੋਸ ਮਾਰਚ ਫਿਲਹਾਲ ਮੁਲਤਵੀ ਕਰ ਦਿੱਤਾ ਹੈ। ਕਮੇਟੀ ਨੇ ਸਪੱਸ਼ਟ ਕੀਤਾ ਕਿ ਜੇ ਤੈਅ ਵਿਵਸਥਾ ਦੇ ਉਲਟ ਦਿਨ ਦੇ ਸਮੇਂ ਟਿੱਪਰ ਚੱਲਦੇ ਹਨ ਤਾਂ ਦੁਬਾਰਾ ਸੰਘਰਸ਼ ਦਾ ਰਾਹ ਅਪਣਾਇਆ ਜਾਵੇਗਾ।



ਕੋਕੋਵਾਲ ਮਜਾਰੀ ਰੈਸਟ ਹਾਊਸ ਵਿੱਚ ਹੋਈ ਮੀਟਿੰਗ ਵਿੱਚ ਡੀਐਸਪੀ ਕਮਲਜੀਤ ਸਿੰਘ ਹੁਸ਼ਿਆਰਪੁਰ, ਇੰਸਪੈਕਟਰ ਗੁਰਪ੍ਰੀਤ ਸਿੰਘ ਇੰਚਾਰਜ ਸੀਆਈਏ, ਇੰਸਪੈਕਟਰ ਗਗਨਦੀਪ ਸਿੰਘ ਸੇਖੋਂ ਐਸਐਚਓ ਗੜ੍ਹਸ਼ੰਕਰ ਅਤੇ ਚੌਕੀ ਇੰਚਾਰਜ ਸ਼ੈਲੀਨ ਚੌਧਰੀ ਸਮੇਤ ਪੁਲਿਸ ਅਧਿਕਾਰੀ ਮੌਜੂਦ ਰਹੇ।

ਮੀਟਿੰਗ ਵਿੱਚ ਸੰਘਰਸ਼ ਕਮੇਟੀ ਨੇ ਹਿਮਾਚਲ ਪ੍ਰਦੇਸ਼ ਤੋਂ ਮਾਈਨਿੰਗ ਸਮੱਗਰੀ ਲੈ ਕੇ ਆਉਣ ਵਾਲੇ ਟਿੱਪਰਾਂ ਸਮੇਤ ਸਾਰੇ ਟਿੱਪਰਾਂ ਨੂੰ ਨਿਰਧਾਰਤ ਨਿਯਮਾਂ ਅਨੁਸਾਰ ਚਲਾਉਣ ਦੀ ਮੰਗ ਕੀਤੀ। ਕਮੇਟੀ ਨੇ ਦਿਨ ਦੇ ਸਮੇਂ ਟਿੱਪਰਾਂ ਦੀ ਆਵਾਜਾਈ, ਓਵਰਲੋਡਿੰਗ, ਬਿਨਾਂ ਨੰਬਰ ਵਾਲੇ ਵਾਹਨਾਂ ਅਤੇ ਬਿਨਾਂ ਲਾਇਸੈਂਸ ਅਤੇ ਜ਼ਰੂਰੀ ਦਸਤਾਵੇਜ਼ਾਂ ਦੇ ਵਾਹਨ ਚਲਾਏ ਜਾਣ ਦਾ ਮੁੱਦਾ ਉਠਾਇਆ। ਮਹਿੰਦਵਾਣੀ ਵਿੱਚ ਹਾਲ ਹੀ ਵਿੱਚ ਹੋਏ ਇੱਕ ਮਾਮਲੇ ਦਾ ਵੀ ਜ਼ਿਕਰ ਕੀਤਾ ਗਿਆ।

ਪੁਲਿਸ ਪ੍ਰਸ਼ਾਸਨ ਨੇ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਟਿੱਪਰਾਂ ਦੀ ਆਵਾਜਾਈ ਬੰਦ ਰੱਖਣ ਅਤੇ ਬੀਤ ਇਲਾਕੇ ਵਿੱਚ ਦਿਨ ਦੇ ਸਮੇਂ ਟਿੱਪਰ ਨਾ ਚੱਲਣ ਦੇਣ 'ਤੇ ਸਹਿਮਤੀ ਜਤਾਈ। ਗੜ੍ਹਸ਼ੰਕਰ-ਨੰਗਲ ਰੋਡ, ਨੈਣਵਾਂ ਰੋਡ, ਹੈਬੋਵਾਲ ਰੋਡ, ਬਾਥੜੀ ਰੋਡ ਅਤੇ ਮਹਿੰਦਵਾਣੀ ਰੋਡ ਸਮੇਤ ਖੇਤਰ ਦੀਆਂ ਹੋਰ ਸੜਕਾਂ 'ਤੇ ਵੀ ਨਿਰਧਾਰਤ ਹੁਕਮ ਲਾਗੂ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਬਿਨਾਂ ਨੰਬਰ ਵਾਲੇ ਟਿੱਪਰਾਂ ਅਤੇ ਬਿਨਾਂ ਲਾਇਸੈਂਸ ਜਾਂ ਜ਼ਰੂਰੀ ਦਸਤਾਵੇਜ਼ਾਂ ਦੇ ਵਾਹਨ ਚਲਾਉਣ ਵਾਲਿਆਂ ਖਿਲਾਫ ਨਿਯਮਾਂ ਅਨੁਸਾਰ ਕਾਰਵਾਈ ਦਾ ਭਰੋਸਾ ਵੀ ਦਿੱਤਾ ਗਿਆ।

ਸੰਘਰਸ਼ ਕਮੇਟੀ ਦੇ ਮੈਂਬਰਾਂ ਨੇ ਟਿੱਪਰਾਂ ਤੋਂ ਹੋਣ ਵਾਲੀਆਂ ਸੜਕ ਦੁਰਘਟਨਾਵਾਂ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਖੇਤਰ ਵਿੱਚ ਕਈ ਹਾਦਸੇ ਹੋ ਚੁੱਕੇ ਹਨ ਅਤੇ ਆਮ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਬਣੀ ਹੋਈ ਹੈ। ਕਮੇਟੀ ਨੇ ਕਿਹਾ ਕਿ ਓਵਰਲੋਡਿੰਗ, ਦਿਨ ਦੇ ਸਮੇਂ ਟਿੱਪਰਾਂ ਦੀ ਆਵਾਜਾਈ ਅਤੇ ਬਿਨਾਂ ਦਸਤਾਵੇਜ਼ਾਂ ਵਾਲੇ ਵਾਹਨਾਂ 'ਤੇ ਕਾਰਵਾਈ ਜ਼ਰੂਰੀ ਹੈ।

**5 ਅਕਤੂਬਰ ਦਾ ਪੈਦਲ ਮਾਰਚ ਮੁਲਤਵੀ**

ਕਮੇਟੀ ਨੇ 5 ਅਕਤੂਬਰ ਨੂੰ ਅੱਡਾ ਝੁੰਗੀਆਂ (ਬੀਨੇਵਾਲ) ਤੋਂ ਐਸਡੀਐਮ ਦਫਤਰ ਗੜ੍ਹਸ਼ੰਕਰ ਤੱਕ ਪ੍ਰਸਤਾਵਿਤ ਪੈਦਲ ਰੋਸ ਮਾਰਚ ਪ੍ਰਸ਼ਾਸਨ ਦੇ ਭਰੋਸੇ ਤੋਂ ਬਾਅਦ ਫਿਲਹਾਲ ਮੁਲਤਵੀ ਕਰ ਦਿੱਤਾ ਹੈ। ਕਮੇਟੀ ਨੇ ਕਿਹਾ ਕਿ ਪ੍ਰਸ਼ਾਸਨ ਦੀ ਕਾਰਵਾਈ 'ਤੇ ਨਜ਼ਰ ਰੱਖੀ ਜਾਵੇਗੀ ਅਤੇ ਭਰੋਸੇ ਅਨੁਸਾਰ ਕਾਰਵਾਈ ਨਾ ਹੋਣ 'ਤੇ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।

ਮੀਟਿੰਗ ਵਿੱਚ ਕਮੇਟੀ ਵੱਲੋਂ ਅਜਾਇਬ ਸਿੰਘ ਬੋਪਾਰਾਏ, ਸਾਬਕਾ ਸਰਪੰਚ ਦੇਵਿੰਦਰ ਰਾਣਾ, ਸਾਬਕਾ ਸਰਪੰਚ ਸੁਰਿੰਦਰ ਪਾਲ, ਸਾਬਕਾ ਸਰਪੰਚ ਕੁਲਭੂਸ਼ਣ ਕੁਮਾਰ, ਮਾਸਟਰ ਪਵਨ ਸ਼ਰਮਾ, ਸਰਪੰਚ ਪਰਮਜੀਤ ਸਿੰਘ ਗੜ੍ਹੀਮਾਨਸੋਵਾਲ, ਪੰਚ ਸੁਸ਼ਿੰਦਰ ਰਾਣਾ, ਬਿੰਦੂ ਡੁੱਗਲਾ, ਰਾਮਜੀ ਦਾਸ ਚੌਹਾਨ, ਕਮਲ ਕਟਾਰੀਆ, ਸੰਜੀਵ ਕੁਮਾਰ, ਸਾਬਕਾ ਸਰਪੰਚ ਕੈਪਟਨ ਬਲਜੀਤ ਸਿੰਘ, ਤੀਰਥ ਸਿੰਘ ਮਾਨ, ਗੁਲਜਿੰਦਰ ਸਿੰਘ, ਮੋਹਨ ਲਾਲ, ਮਨੀ ਬਿਲੜੋ ਅਤੇ ਰਾਮ ਪਾਲ ਭਾਰਦਵਾਜ ਮਾਹਿਲਪੁਰ ਸਮੇਤ ਹੋਰ ਮੈਂਬਰ ਮੌਜੂਦ ਰਹੇ।

# ਕੈਂਸਰ ਇਲਾਜ ਵਿੱਚ ਇਲੈਕਟਰੋ ਹੋਮਿਓਪੈਥੀ ਦੀ ਭੂਮਿਕਾ 'ਤੇ ਡਾ. ਅਜੈ ਹਾਰਡੀਆ ਨਾਲ ਵਿਸ਼ੇਸ਼ ਸੰਵਾਦ

**ਪੈਗਾਮ-ਏ-ਜਗਤ**
**ਇੰਦੌਰ/ਹੁਸ਼ਿਆਰਪੁਰ, (ਦਲਜੀਤ ਅਜਨੋਹਾ)**

- **ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਦੀ ਵਿਸ਼ੇਸ਼ ਗੱਲਬਾਤ ਵਿੱਚ ਸਾਹਮਣੇ ਆਏ ਇਲਾਜ ਵਿਧੀ, ਸੰਭਾਵਨਾਵਾਂ ਅਤੇ ਸਾਵਧਾਨੀਆਂ ਨਾਲ ਜੁੜੇ ਮਹੱਤਵਪੂਰਨ ਪਹਿਲੂ**

ਕੈਂਸਰ ਅੱਜ ਦੁਨੀਆ ਦੀਆਂ ਸਭ ਤੋਂ ਗੰਭੀਰ ਸਿਹਤ ਚੁਣੌਤੀਆਂ ਵਿੱਚ ਸ਼ਾਮਲ ਹੈ। ਕੈਂਸਰ ਦੇ ਨਿਦਾਨ ਤੋਂ ਬਾਅਦ ਮਰੀਜ਼ ਅਤੇ ਉਸ ਦੇ ਪਰਿਵਾਰ ਸਾਹਮਣੇ ਇਲਾਜ, ਮਾੜੇ ਪ੍ਰਭਾਵਾਂ, ਦਰਦ, ਮਾਨਸਿਕ ਤਣਾਅ ਅਤੇ ਜੀਵਨ ਦੀ ਗੁਣਵੱਤਾ ਨਾਲ ਜੁੜੇ ਅਨੇਕਾਂ ਸਵਾਲ ਖੜ੍ਹੇ ਹੁੰਦੇ ਹਨ। ਇਸੇ ਵਿਸ਼ੇ ਨੂੰ ਲੈ ਕੇ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਦੇਵੀ ਅਹਿਲਿਆ ਕੈਂਸਰ ਹਸਪਤਾਲ ਐਂਡ ਰਿਸਰਚ ਸੈਂਟਰ, ਇੰਦੌਰ ਦੇ ਐਮ.ਡੀ. ਡਾ. ਅਜੈ ਹਾਰਡੀਆ ਨਾਲ ਇਲੈਕਟਰੋ ਹੋਮਿਓਪੈਥੀ ਅਤੇ ਕੈਂਸਰ ਇਲਾਜ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਪਹਿਲੂਆਂ 'ਤੇ ਵਿਸ਼ੇਸ਼ ਗੱਲਬਾਤ ਕੀਤੀ।



ਡਾ. ਹਾਰਡੀਆ ਲੰਬੇ ਸਮੇਂ ਤੋਂ ਇਲੈਕਟਰੋ ਹੋਮਿਓਪੈਥੀ ਨੂੰ ਕੈਂਸਰ ਦੇਖਭਾਲ ਦੇ ਖੇਤਰ ਵਿੱਚ ਅੱਗੇ ਵਧਾਉਣ ਦੀ ਗੱਲ ਕਰਦੇ ਰਹੇ ਹਨ। ਦੇਵੀ ਅਹਿਲਿਆ ਕੈਂਸਰ ਹਸਪਤਾਲ ਐਂਡ ਰਿਸਰਚ ਸੈਂਟਰ ਦੀ ਅਧਿਕਾਰਤ ਵੈੱਬਸਾਈਟ ਅਨੁਸਾਰ, ਸੰਸਥਾ ਵਿੱਚ ਇਲੈਕਟਰੋ ਹੋਮਿਓਪੈਥੀ ਅਤੇ ਹਰਬਲ ਮੈਡੀਸਨ ਆਧਾਰਿਤ ਇਲਾਜ ਦ੍ਰਿਸ਼ਟੀਕੋਣ 'ਤੇ ਕੰਮ ਕੀਤਾ ਜਾਂਦਾ ਹੈ।

ਇਲੈਕਟਰੋ ਹੋਮਿਓਪੈਥੀ ਨੂੰ ਇਸ ਦੇ ਸਮਰਥਕਾਂ ਵੱਲੋਂ ਇੱਕ ਵਿਕਲਪਕ ਚਿਕਿਤਸਾ ਵਿਧੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਵਿੱਚ ਮੁੱਖ ਤੌਰ 'ਤੇ ਪੌਦਿਆਂ ਤੋਂ ਪ੍ਰਾਪਤ ਤਿਆਰੀਆਂ ਦੀ ਵਰਤੋਂ ਅਤੇ ਸਰੀਰ ਦੇ ਵੱਖ-ਵੱਖ ਅੰਗਾਂ ਅਤੇ ਖ਼ੂਨ ਅਤੇ ਲਸਿਕਾ ਤੰਤਰ ਨੂੰ ਸੰਤੁਲਿਤ ਕਰਨ 'ਤੇ ਜ਼ੋਰ ਦਿੱਤੇ ਜਾਣ ਦੀ ਗੱਲ ਕਹੀ ਜਾਂਦੀ ਹੈ। ਹਾਲਾਂਕਿ, ਇਲੈਕਟਰੋ ਹੋਮਿਓਪੈਥੀ ਨੂੰ ਲੈ ਕੇ ਵਿਗਿਆਨਕ ਸਬੂਤਾਂ ਦੀ ਸਥਿਤੀ ਨੂੰ ਸਮਝਣਾ ਵੀ ਓਨਾ ਹੀ ਜ਼ਰੂਰੀ ਹੈ।

ਕੈਂਸਰ ਦੇ ਸੰਦਰਭ ਵਿੱਚ ਇਲੈਕਟਰੋ ਹੋਮਿਓਪੈਥੀ ਦੇ ਸਮਰਥਕਾਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਨਾਲ ਮਰੀਜ਼ਾਂ ਨੂੰ ਦਰਦ, ਸੋਜ, ਕਮਜ਼ੋਰੀ ਅਤੇ ਬਿਮਾਰੀ ਨਾਲ ਜੁੜੇ ਕੁਝ ਲੱਛਣਾਂ ਵਿੱਚ ਰਾਹਤ ਮਿਲ ਸਕਦੀ ਹੈ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋ ਸਕਦਾ ਹੈ। ਡਾ. ਹਾਰਡੀਆ ਅਨੁਸਾਰ ਉਨ੍ਹਾਂ ਦੀ ਸੰਸਥਾ ਕੈਂਸਰ ਮਰੀਜ਼ਾਂ ਲਈ ਇੱਕ ਵਿਕਲਪਕ ਅਤੇ ਸਮੁੱਚੇ ਇਲਾਜ ਦ੍ਰਿਸ਼ਟੀਕੋਣ 'ਤੇ ਕੰਮ ਕਰ ਰਹੀ ਹੈ। ਹਸਪਤਾਲ ਦੀ ਵੈੱਬਸਾਈਟ 'ਤੇ ਵੀ ਇਲੈਕਟਰੋ ਹੋਮਿਓਪੈਥੀ ਦੇ ਜ਼ਰੀਏ ਵੱਡੀ ਗਿਣਤੀ ਵਿੱਚ ਕੈਂਸਰ ਮਰੀਜ਼ਾਂ ਦੇ ਇਲਾਜ ਅਤੇ ਕਈ ਮਰੀਜ਼ਾਂ ਨੂੰ ਰਾਹਤ ਮਿਲਣ ਦਾ ਦਾਅਵਾ ਕੀਤਾ ਗਿਆ ਹੈ।

ਹਾਲਾਂਕਿ, ਅਜਿਹੇ ਸੰਸਥਾਗਤ ਦਾਅਵੇ ਅਤੇ ਮਰੀਜ਼ਾਂ ਦੇ ਤਜਰਬੇ ਆਪਣੇ ਆਪ ਵਿੱਚ ਉੱਚ ਗੁਣਵੱਤਾ ਵਾਲੇ ਵਿਗਿਆਨਕ ਸਬੂਤ ਦੇ ਬਰਾਬਰ ਨਹੀਂ ਮੰਨੇ ਜਾ ਸਕਦੇ। ਉਪਲਬਧ ਵਿਗਿਆਨਕ ਸਾਹਿਤ ਵਿੱਚ ਪਰੰਪਰਾਗਤ ਹੋਮਿਓਪੈਥੀ ਅਤੇ ਕੈਂਸਰ ਦੇ ਸਬੰਧ ਵਿੱਚ ਹਾਲੇ ਤੱਕ ਅਜਿਹਾ ਨਿਰਣਾਇਕ ਸਬੂਤ ਉਪਲਬਧ ਨਹੀਂ ਹੈ ਜਿਸ ਨਾਲ ਇਹ ਸਥਾਪਿਤ ਹੋਵੇ ਕਿ ਹੋਮਿਓਪੈਥੀ ਕੈਂਸਰ ਨੂੰ ਠੀਕ ਕਰ ਸਕਦੀ ਹੈ। ਨਾਲ ਹੀ, ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਲੈਕਟਰੋ ਹੋਮਿਓਪੈਥੀ ਅਤੇ ਪਰੰਪਰਾਗਤ ਹੋਮਿਓਪੈਥੀ ਵੱਖ-ਵੱਖ ਵਿਧੀਆਂ ਹਨ, ਇਸ ਲਈ ਪਰੰਪਰਾਗਤ ਹੋਮਿਓਪੈਥੀ 'ਤੇ ਹੋਈ ਖੋਜ ਦੇ ਸਿੱਟਿਆਂ ਨੂੰ ਸਿੱਧੇ ਤੌਰ 'ਤੇ ਇਲੈਕਟਰੋ ਹੋਮਿਓਪੈਥੀ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ।

ਕੈਂਸਰ ਮਰੀਜ਼ਾਂ ਲਈ ਇਲਾਜ ਦਾ ਫੈਸਲਾ ਬਿਮਾਰੀ ਦੀ ਕਿਸਮ, ਉਸ ਦੀ ਸਟੇਜ, ਮਰੀਜ਼ ਦੀ ਸਿਹਤ ਸਥਿਤੀ ਅਤੇ ਮਾਹਿਰ ਡਾਕਟਰੀ ਸਲਾਹ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਵਿਕਲਪਕ ਜਾਂ ਪੂਰਕ ਚਿਕਿਤਸਾ ਨੂੰ ਅਪਣਾਉਣ ਤੋਂ ਪਹਿਲਾਂ ਆਪਣੇ ਔਨਕੋਲੋਜਿਸਟ ਜਾਂ ਇਲਾਜ ਕਰ ਰਹੇ ਡਾਕਟਰ ਨਾਲ ਚਰਚਾ ਕਰਨਾ ਜ਼ਰੂਰੀ ਹੈ। ਅਪ੍ਰਮਾਣਿਤ ਇਲਾਜ ਦੇ ਕਾਰਨ ਸਥਾਪਿਤ ਕੈਂਸਰ ਇਲਾਜ ਵਿੱਚ ਦੇਰੀ ਕਰਨਾ ਜਾਂ ਉਸ ਨੂੰ ਬੰਦ ਕਰਨਾ ਮਰੀਜ਼ ਲਈ ਗੰਭੀਰ ਜੋਖਮ ਪੈਦਾ ਕਰ ਸਕਦਾ ਹੈ।

ਇਸੇ ਸੰਦਰਭ ਵਿੱਚ ਇਲੈਕਟਰੋ ਹੋਮਿਓਪੈਥੀ ਦੀ ਪ੍ਰਭਾਵਸ਼ੀਲਤਾ ਅਤੇ ਕੈਂਸਰ ਇਲਾਜ ਵਿੱਚ ਇਸ ਦੀ ਅਸਲ ਭੂਮਿਕਾ ਨੂੰ ਸਮਝਣ ਲਈ ਵਿਵਸਥਿਤ ਕਲੀਨਿਕਲ ਟਰਾਇਲ, ਸੁਤੰਤਰ ਵਿਗਿਆਨਕ ਖੋਜ, ਪਾਰਦਰਸ਼ੀ ਨਤੀਜੇ ਅਤੇ ਮਾਹਿਰਾਂ ਦੁਆਰਾ ਸਮੀਖਿਆ ਦੀ ਲੋੜ ਹੈ। ਭਾਰਤ ਵਿੱਚ ਵੱਖ-ਵੱਖ ਵਿਕਲਪਕ ਚਿਕਿਤਸਾ ਵਿਧੀਆਂ 'ਤੇ ਖੋਜ ਲਈ ਕੇਂਦਰੀ ਪੱਧਰ 'ਤੇ ਸੰਸਥਾਨ ਵੀ ਕੰਮ ਕਰ ਰਹੇ ਹਨ।

ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨਾਲ ਹੋਈ ਇਸ ਵਿਸ਼ੇਸ਼ ਗੱਲਬਾਤ ਵਿੱਚ ਇਲੈਕਟਰੋ ਹੋਮਿਓਪੈਥੀ ਦੀ ਧਾਰਨਾ, ਕੈਂਸਰ ਮਰੀਜ਼ਾਂ ਵਿੱਚ ਇਸ ਦੀ ਵਰਤੋਂ, ਇਲਾਜ ਦੌਰਾਨ ਦਰਦ ਅਤੇ ਹੋਰ ਲੱਛਣਾਂ ਤੋਂ ਰਾਹਤ, ਜੀਵਨ ਸ਼ੈਲੀ, ਖਾਣ-ਪੀਣ, ਮਰੀਜ਼ਾਂ ਦੀਆਂ ਉਮੀਦਾਂ ਅਤੇ ਇਸ ਵਿਕਲਪਕ ਵਿਧੀ ਨਾਲ ਜੁੜੇ ਵਿਗਿਆਨਕ ਸਬੂਤਾਂ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਕੈਂਸਰ ਵਰਗੀ ਗੰਭੀਰ ਬਿਮਾਰੀ ਨਾਲ ਜੁੜੇ ਕਿਸੇ ਵੀ ਇਲਾਜ ਨੂੰ ਲੈ ਕੇ ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰ ਲਈ ਉਮੀਦ ਦੇ ਨਾਲ-ਨਾਲ ਵਿਗਿਆਨਕ ਸਬੂਤ, ਮਾਹਿਰ ਡਾਕਟਰੀ ਸਲਾਹ ਅਤੇ ਇਲਾਜ ਦੀ ਸੁਰੱਖਿਆ ਨੂੰ ਤਰਜੀਹ ਦੇਣਾ ਬੇਹੱਦ ਮਹੱਤਵਪੂਰਨ ਹੈ। ਇਹੀ ਇਸ ਵਿਸ਼ੇਸ਼ ਗੱਲਬਾਤ ਦਾ ਮੁੱਖ ਸੰਦੇਸ਼ ਰਿਹਾ।

# ਦੀਵਾਨ ਤੇ ਸਤਵੀਰ ਨੇ ਸਚਿਨ ਪਾਇਲਟ ਨਾਲ ਕੀਤੀ ਮੁਲਾਕਾਤ, ਪੰਜਾਬ ਕਾਂਗਰਸ ਦੇ ਮਾਮਲਿਆਂ 'ਤੇ ਕੀਤੀ ਚਰਚਾ

**ਪੈਗਾਮ-ਏ-ਜਗਤ**
**ਨਵਾਂਸ਼ਹਿਰ (ਦੇਸ ਰਾਜ ਬਾਲੀ)**

- **ਕਿਹਾ: ਪੰਜਾਬੀ 'ਆਪ' ਦੇ ਕੁਸ਼ਾਸਨ ਤੋਂ ਅੱਕੇ, ਕਾਂਗਰਸ ਵੱਡੀ ਜਿੱਤ ਲਈ ਤਿਆਰ**

ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਪਵਨ ਦੀਵਾਨ ਅਤੇ ਜਿਲਾ ਯੋਜਨਾ ਬੋਰਡ ਐਸਬੀਐਸ ਨਗਰ ਦੇ ਸਾਬਕਾ ਚੇਅਰਮੈਨ ਸਤਵੀਰ ਸਿੰਘ ਪੱਲੀਝਿੱਕੀ ਨੇ ਅੱਜ ਨਵੀਂ ਦਿੱਲੀ ਸਥਿਤ ਇੰਦਰਾ ਭਵਨ ਵਿਖੇ ਏਆਈਸੀਸੀ ਜਨਰਲ ਸਕੱਤਰ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨਾਲ ਮੁਲਾਕਾਤ ਕੀਤੀ। ਦੀਵਾਨ ਅਤੇ ਸਤਵੀਰ ਨੇ ਪਾਇਲਟ ਨਾਲ ਵਿਸਥਾਰ ਨਾਲ ਗੱਲਬਾਤ ਕਰਦਿਆਂ, ਪੰਜਾਬ ਕਾਂਗਰਸ ਨਾਲ ਸਬੰਧਤ ਕਈ ਅਹਿਮ ਅਤੇ ਭੱਖਦੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।



ਇਸ ਮੁਲਾਕਾਤ ਨੂੰ ਬੇਹੱਦ ਸਫਲ ਕਰਾਰ ਦਿੰਦਿਆਂ ਦੀਵਾਨ ਅਤੇ ਸਤਵੀਰ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਪ੍ਰਤੀ ਪਾਰਟੀ ਦੀ ਵਚਨਬੱਧਤਾ ਨੂੰ ਹੋਰ ਅੱਗੇ ਵਧਾਉਣ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਉਨ੍ਹਾਂ ਨੇ ਪਾਇਲਟ ਨੂੰ ਸੂਬੇ ਵਿੱਚ ਬਣੇ 'ਅਰਾਜਕਤਾ' ਵਾਲੇ ਹਾਲਾਤ ਤੋਂ ਵੀ ਜਾਣੂ ਕਰਵਾਇਆ ਅਤੇ ਇਸ ਲਈ ਮੌਜੂਦਾ 'ਆਪ' ਸਰਕਾਰ ਦੇ 'ਕੁਸ਼ਾਸਨ' ਨੂੰ ਜ਼ਿੰਮੇਵਾਰ ਦੱਸਦਿਆਂ, ਕਿਹਾ ਕਿ ਕਾਂਗਰਸ ਲਈ ਇੱਕ ਭਰੋਸੇਯੋਗ ਬਦਲ ਵਜੋਂ ਆਪਣੀ ਭੂਮਿਕਾ ਹੋਰ ਮਜ਼ਬੂਤ ਕਰਨਾ ਬੇਹੱਦ ਜ਼ਰੂਰੀ ਹੈ।

ਦੀਵਾਨ ਅਤੇ ਸਤਵੀਰ ਨੇ ਕਿਹਾ ਕਿ ਅਸੀਂ ਸਚਿਨ ਪਾਇਲਟ ਨੂੰ ਸਪੱਸ਼ਟ ਤੌਰ 'ਤੇ ਦੱਸਿਆ ਕਿ ਪੰਜਾਬ ਵਿੱਚ 'ਜੰਗਲ ਰਾਜ' ਵਾਲੇ ਹਾਲਾਤ ਬਣੇ ਹੋਏ ਹਨ ਅਤੇ ਕਾਨੂੰਨ-ਵਿਵਸਥਾ ਦਿਨੋਂ-ਦਿਨ ਵਿਗੜ ਰਹੀ ਹੈ। ਹਾਲਾਤ ਇੰਨੇ ਮਾੜੇ ਹਨ ਕਿ ਸਮਾਜ ਦੇ ਹਰ ਵਰਗ ਨੂੰ 'ਆਪ' ਸਰਕਾਰ ਦੀਆਂ ਨਾਕਾਮ ਨੀਤੀਆਂ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਕਾਂਗਰਸ ਪੂਰੀ ਤਰ੍ਹਾਂ ਇਕਜੁੱਟ ਤੇ ਮਜ਼ਬੂਤ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਇੱਕਜੁੱਟਤਾ ਨਾਲ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦਾ ਉਦੇਸ਼ ਸੂਬੇ ਦੇ ਲੋਕਾਂ ਲਈ ਅਮਨ, ਸੁਸ਼ਾਸਨ ਅਤੇ ਸਨਮਾਨ ਨੂੰ ਮੁੜ ਬਹਾਲ ਕਰਨਾ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਤੋਂ ਪੂਰੀ ਤਰ੍ਹਾਂ ਨਿਰਾਸ਼ ਹਨ। ਇਹ ਗੱਲ ਸਪੱਸ਼ਟ ਹੈ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਜਿੱਤ ਲਈ ਤਿਆਰ ਹੈ।

ਉਨ੍ਹਾਂ ਨੇ ਕਿਹਾ ਕਿ ਸਚਿਨ ਪਾਇਲਟ ਨੇ ਉਨ੍ਹਾਂ ਵੱਲੋਂ ਉਠਾਏ ਗਏ ਹਰ ਮੁੱਦੇ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਸੱਤਾਧਾਰੀ ਧਿਰ ਵਿਰੁੱਧ ਆਪਣੀ ਮੁਹਿੰਮ ਨੂੰ ਹੋਰ ਤੇਜ਼ੀ ਨਾਲ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਕਾਂਗਰਸ ਦੇ ਇੱਕਜੁੱਟ ਅਤੇ ਭਰੋਸੇਯੋਗ ਸਿਆਸੀ ਬਦਲ ਵਜੋਂ ਉਭਰਨ ਦੇ ਸੰਕਲਪ ਨੂੰ ਹੋਰ ਮਜ਼ਬੂਤੀ ਮਿਲੀ ਹੈ।

# ਦੁਆਪਰ ਯੁੱਗ ਦੀ ਮਾਨਤਾ ਤੋਂ ਅੱਜ ਤੱਕ ਆਸਥਾ ਦਾ ਪ੍ਰਮੁੱਖ ਕੇਂਦਰ ਹੈ ਨਲਖੇੜਾ ਦਾ ਮਾਂ ਬਗਲਾਮੁਖੀ ਮੰਦਰ

**ਪੈਗਾਮ-ਏ-ਜਗਤ**
**ਨਲਖੇੜਾ, ਮੱਧ ਪ੍ਰਦੇਸ਼ (ਦਲਜੀਤ ਅਜਨੋਹਾ)**

ਮੱਧ ਪ੍ਰਦੇਸ਼ ਦੇ ਆਗਰ-ਮਾਲਵਾ ਜ਼ਿਲ੍ਹੇ ਦੇ ਨਲਖੇੜਾ ਵਿੱਚ ਲਖੁੰਦਰ ਨਦੀ ਦੇ ਪਵਿੱਤਰ ਕੰਢੇ 'ਤੇ ਸਥਿਤ ਮਾਂ ਬਗਲਾਮੁਖੀ ਮੰਦਰ ਦੇਸ਼ ਦੇ ਪ੍ਰਮੁੱਖ ਬਗਲਾਮੁਖੀ ਉਪਾਸਨਾ ਕੇਂਦਰਾਂ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਮਾਂ ਬਗਲਾਮੁਖੀ ਨੂੰ ਦਸ ਮਹਾਂਵਿਦਿਆਵਾਂ ਵਿੱਚ ਅੱਠਵੀਂ ਮਹਾਂਵਿਦਿਆ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ ਅਤੇ ਨਲਖੇੜਾ ਸਥਿਤ ਮੰਦਰ ਲੰਬੇ ਸਮੇਂ ਤੋਂ ਸਾਧਨਾ, ਅਨੁਸ਼ਠਾਨ ਅਤੇ ਸ਼ਰਧਾ ਦਾ ਮਹੱਤਵਪੂਰਨ ਕੇਂਦਰ ਮੰਨਿਆ ਜਾਂਦਾ ਰਿਹਾ ਹੈ। ਮੱਧ ਪ੍ਰਦੇਸ਼ ਸਰਕਾਰ ਦੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੈੱਬਸਾਈਟ ਵੀ ਮੰਦਰ ਨੂੰ ਲਖੁੰਦਰ ਨਦੀ ਦੇ ਕੰਢੇ 'ਤੇ ਸਥਿਤ ਪ੍ਰਾਚੀਨ ਧਾਰਮਿਕ ਸਥਾਨ ਦੱਸਦਿਆਂ ਇਸ ਦੀ ਦੁਆਪਰ ਯੁੱਗ ਨਾਲ ਜੁੜੀ ਮਾਨਤਾ ਦਾ ਜ਼ਿਕਰ ਕਰਦੀ ਹੈ।

ਮੰਦਰ ਦੇ ਮੁੱਖ ਪੁਜਾਰੀ ਮਨੋਹਰ ਦਾਸ ਪਾਂਡੇ ਨਾਲ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਦੀ ਹੋਈ ਵਿਸ਼ੇਸ਼ ਗੱਲਬਾਤ ਵਿੱਚ ਮੰਦਰ ਦੀਆਂ ਪ੍ਰਾਚੀਨ ਪਰੰਪਰਾਵਾਂ, ਮਾਂ ਬਗਲਾਮੁਖੀ ਦੀ ਉਪਾਸਨਾ ਅਤੇ ਨਲਖੇੜਾ ਧਾਮ ਦੇ ਧਾਰਮਿਕ ਮਹੱਤਵ ਨਾਲ ਜੁੜੇ ਅਨੇਕਾਂ ਪਹਿਲੂਆਂ 'ਤੇ ਵਿਸਥਾਰ ਨਾਲ ਚਰਚਾ ਹੋਈ।



ਮੁੱਖ ਪੁਜਾਰੀ ਮਨੋਹਰ ਦਾਸ ਪਾਂਡੇ ਅਨੁਸਾਰ, ਨਲਖੇੜਾ ਸਥਿਤ ਮਾਂ ਬਗਲਾਮੁਖੀ ਮੰਦਰ ਦੀ ਪਰੰਪਰਾ ਨੂੰ ਮਹਾਂਭਾਰਤ ਕਾਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਧਾਰਮਿਕ ਮਾਨਤਾ ਹੈ ਕਿ ਦੁਆਪਰ ਯੁੱਗ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਮਾਰਗਦਰਸ਼ਨ ਵਿੱਚ ਮਹਾਰਾਜ ਯੁਧਿਸ਼ਠਿਰ ਨੇ ਜਿੱਤ ਦੀ ਕਾਮਨਾ ਨਾਲ ਮਾਂ ਬਗਲਾਮੁਖੀ ਦੀ ਆਰਾਧਨਾ ਕੀਤੀ ਸੀ। ਮੰਦਰ ਦੇ ਇਤਿਹਾਸ ਨਾਲ ਸਬੰਧਤ ਸਰਕਾਰੀ ਵੇਰਵੇ ਵਿੱਚ ਵੀ ਇਹ ਮਾਨਤਾ ਦਰਜ ਹੈ ਕਿ ਮਹਾਂਭਾਰਤ ਯੁੱਧ ਵਿੱਚ ਜਿੱਤ ਪ੍ਰਾਪਤ ਕਰਨ ਦੇ ਉਦੇਸ਼ ਨਾਲ ਭਗਵਾਨ ਸ੍ਰੀ ਕ੍ਰਿਸ਼ਨ ਦੇ ਨਿਰਦੇਸ਼ 'ਤੇ ਮਹਾਰਾਜ ਯੁਧਿਸ਼ਠਿਰ ਨੇ ਇੱਥੇ ਮਾਂ ਬਗਲਾਮੁਖੀ ਦੀ ਸਥਾਪਨਾ ਕੀਤੀ ਸੀ। ਮੰਦਰ ਵਿੱਚ ਸਥਾਪਿਤ ਦੇਵੀ ਦੀ ਮੂਰਤੀ ਨੂੰ ਸਵੈ-ਭੂ ਮੰਨਣ ਦੀ ਪਰੰਪਰਾ ਵੀ ਪ੍ਰਚਲਿਤ ਹੈ।

ਮੰਦਰ ਲਖੁੰਦਰ ਨਦੀ ਦੇ ਕੰਢੇ ਸਥਿਤ ਹੈ। ਨਦੀ ਅਤੇ ਮੰਦਰ ਦਾ ਕੁਦਰਤੀ ਮਾਹੌਲ ਸ਼ਰਧਾਲੂਆਂ ਲਈ ਵਿਸ਼ੇਸ਼ ਅਧਿਆਤਮਿਕ ਖਿੱਚ ਰੱਖਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ੈਵ ਅਤੇ ਸ਼ਾਕਤ ਪਰੰਪਰਾ ਨਾਲ ਜੁੜੇ ਸਾਧੂ-ਸੰਤ ਵੀ ਇੱਥੇ ਸਾਧਨਾ ਅਤੇ ਧਾਰਮਿਕ ਅਨੁਸ਼ਠਾਨਾਂ ਲਈ ਪਹੁੰਚਦੇ ਹਨ। ਮੰਦਰ ਵਿੱਚ ਪੂਜਾ-ਪਾਠ ਦੇ ਨਾਲ ਵਿਸ਼ੇਸ਼ ਹਵਨ ਅਤੇ ਅਨੁਸ਼ਠਾਨਾਂ ਦੀ ਪਰੰਪਰਾ ਵੀ ਦੇਖਣ ਨੂੰ ਮਿਲਦੀ ਹੈ।

ਨਲਖੇੜਾ ਮੰਦਰ ਦੀ ਇੱਕ ਵਿਸ਼ੇਸ਼ ਧਾਰਮਿਕ ਪਛਾਣ ਗਰਭਗ੍ਰਹਿ ਵਿੱਚ ਮਾਂ ਬਗਲਾਮੁਖੀ ਦੇ ਨਾਲ ਮਾਂ ਲਕਸ਼ਮੀ ਅਤੇ ਮਾਂ ਸਰਸਵਤੀ ਦੀ ਹਾਜ਼ਰੀ ਨਾਲ ਜੁੜੀ ਹੈ। ਉਪਲਬਧ ਵੇਰਵਿਆਂ ਅਨੁਸਾਰ ਕੇਂਦਰੀ ਸਰੂਪ ਮਾਂ ਬਗਲਾਮੁਖੀ ਦਾ ਹੈ, ਜਦੋਂ ਕਿ ਉਨ੍ਹਾਂ ਦੇ ਨਾਲ ਲਕਸ਼ਮੀ ਅਤੇ ਸਰਸਵਤੀ ਦਾ ਸਰੂਪ ਵੀ ਪੂਜਿਤ ਹੈ। ਇਸ ਕਾਰਨ ਇਸ ਨੂੰ ਤ੍ਰਿਸ਼ਕਤੀ ਸਰੂਪ ਦੀ ਵਿਸ਼ੇਸ਼ ਉਪਾਸਨਾ ਪਰੰਪਰਾ ਨਾਲ ਜੋੜਿਆ ਜਾਂਦਾ ਹੈ। ਮੰਦਰ ਕੰਪਲੈਕਸ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ, ਭਗਵਾਨ ਹਨੂੰਮਾਨ ਅਤੇ ਭੈਰਵ ਦੀ ਵੀ ਹਾਜ਼ਰੀ ਦੱਸੀ ਜਾਂਦੀ ਹੈ।

ਮਾਂ ਬਗਲਾਮੁਖੀ ਨੂੰ ਪੀਤਾਂਬਰਾ ਦੇਵੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਧਾਰਮਿਕ ਪਰੰਪਰਾ ਵਿੱਚ ਉਨ੍ਹਾਂ ਦਾ ਸਬੰਧ ਪੀਲੇ ਰੰਗ ਨਾਲ ਮੰਨਿਆ ਜਾਂਦਾ ਹੈ। ਬਗਲਾਮੁਖੀ ਸਾਧਨਾ ਨੂੰ ਵਿਸ਼ੇਸ਼ ਤੌਰ 'ਤੇ ਨਕਾਰਾਤਮਕ ਸ਼ਕਤੀਆਂ ਤੋਂ ਰੱਖਿਆ, ਰੁਕਾਵਟਾਂ ਦੇ ਨਿਵਾਰਨ ਅਤੇ ਆਤਮਬਲ ਦੀ ਕਾਮਨਾ ਨਾਲ ਜੋੜਿਆ ਜਾਂਦਾ ਹੈ। ਮੰਦਰ ਵਿੱਚ ਆਉਣ ਵਾਲੇ ਸ਼ਰਧਾਲੂ ਆਪਣੀ-ਆਪਣੀ ਸ਼ਰਧਾ ਅਤੇ ਧਾਰਮਿਕ ਵਿਸ਼ਵਾਸ ਅਨੁਸਾਰ ਮਾਂ ਦੀ ਪੂਜਾ-ਅਰਚਨਾ ਕਰਦੇ ਹਨ। ਵਿਸ਼ੇਸ਼ ਮੌਕਿਆਂ ਅਤੇ ਨਰਾਤਿਆਂ ਦੌਰਾਨ ਮੰਦਰ ਵਿੱਚ ਸ਼ਰਧਾਲੂਆਂ ਦੀ ਗਿਣਤੀ ਵੱਧ ਜਾਂਦੀ ਹੈ।

ਨਲਖੇੜਾ ਦਾ ਇਹ ਮੰਦਰ ਸਿਰਫ ਦਰਸ਼ਨ ਦਾ ਕੇਂਦਰ ਹੀ ਨਹੀਂ, ਸਗੋਂ ਵਿਸ਼ੇਸ਼ ਸਾਧਨਾ ਅਤੇ ਹਵਨ ਪਰੰਪਰਾ ਲਈ ਵੀ ਜਾਣਿਆ ਜਾਂਦਾ ਹੈ। ਮੰਦਰ ਬਾਰੇ ਮੱਧ ਪ੍ਰਦੇਸ਼ ਸਰਕਾਰ ਦੇ ਅਧਿਕਾਰਤ ਵੇਰਵੇ ਵਿੱਚ ਵੀ ਸ਼ੈਵ ਅਤੇ ਸ਼ਾਕਤ ਸਾਧਕਾਂ ਦੇ ਇੱਥੇ ਪਹੁੰਚਣ ਅਤੇ ਵਿਸ਼ੇਸ਼ ਧਾਰਮਿਕ ਅਨੁਸ਼ਠਾਨਾਂ ਦੀ ਪਰੰਪਰਾ ਦਾ ਜ਼ਿਕਰ ਮਿਲਦਾ ਹੈ। ਮੁੱਖ ਪੁਜਾਰੀ ਮਨੋਹਰ ਦਾਸ ਪਾਂਡੇ ਨਾਲ ਗੱਲਬਾਤ ਵਿੱਚ ਮੰਦਰ ਦੀ ਇਸੇ ਸਾਧਨਾ ਪਰੰਪਰਾ ਅਤੇ ਧਾਰਮਿਕ ਅਨੁਸ਼ਾਸਨ ਨੂੰ ਲੈ ਕੇ ਵੀ ਚਰਚਾ ਹੋਈ। ਸ਼ਰਧਾਲੂਆਂ ਲਈ ਮੰਦਰ ਸਿਰਫ ਮਨੋਕਾਮਨਾ ਪੂਰਤੀ ਦਾ ਸਥਾਨ ਨਹੀਂ, ਸਗੋਂ ਆਸਥਾ, ਸਾਧਨਾ ਅਤੇ ਅਧਿਆਤਮਿਕ ਸ਼ਾਂਤੀ ਨਾਲ ਜੁੜਿਆ ਪਵਿੱਤਰ ਸਥਾਨ ਮੰਨਿਆ ਜਾਂਦਾ ਹੈ।

ਮੰਦਰ ਦੀ ਮੌਜੂਦਾ ਬਣਤਰ ਅਤੇ ਇਸ ਦੇ ਲੰਬੇ ਧਾਰਮਿਕ ਇਤਿਹਾਸ ਨੂੰ ਲੈ ਕੇ ਵੱਖ-ਵੱਖ ਸਰੋਤਾਂ ਵਿੱਚ ਵੱਖ-ਵੱਖ ਵੇਰਵੇ ਮਿਲਦੇ ਹਨ। ਕੁਝ ਸਰੋਤ ਮੰਦਰ ਦੇ ਜੀਰਣੋਧਾਰ ਨੂੰ 1815 ਨਾਲ ਜੋੜਦੇ ਹਨ, ਜਦੋਂ ਕਿ ਇਸ ਦੀ ਪ੍ਰਾਚੀਨਤਾ ਅਤੇ ਨਿਰਮਾਣ ਨੂੰ ਲੈ ਕੇ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਦਾਅਵੇ ਮਿਲਦੇ ਹਨ। ਇਸ ਲਈ ਮੰਦਰ ਦੀ ਹਜ਼ਾਰਾਂ ਸਾਲ ਪੁਰਾਣੀ ਉਮਰ ਵਰਗੇ ਦਾਅਵਿਆਂ ਨੂੰ ਪ੍ਰਮਾਣਿਤ ਇਤਿਹਾਸਕ ਤੱਥ ਦੀ ਬਜਾਏ ਧਾਰਮਿਕ ਪਰੰਪਰਾ ਅਤੇ ਸਥਾਨਕ ਮਾਨਤਾ ਦੇ ਰੂਪ ਵਿੱਚ ਦੇਖਣਾ ਵਧੇਰੇ ਉਚਿਤ ਹੈ। ਇਸ ਦੇ ਬਾਵਜੂਦ ਨਲਖੇੜਾ ਦਾ ਮਾਂ ਬਗਲਾਮੁਖੀ ਮੰਦਰ ਅੱਜ ਮੱਧ ਪ੍ਰਦੇਸ਼ ਦੇ ਮਹੱਤਵਪੂਰਨ ਧਾਰਮਿਕ ਸਥਾਨਾਂ ਵਿੱਚ ਆਪਣੀ ਵੱਖਰੀ ਪਛਾਣ ਰੱਖਦਾ ਹੈ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ਰਧਾਲੂ ਇੱਥੇ ਪਹੁੰਚਦੇ ਹਨ। ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨਾਲ ਹੋਈ ਵਿਸ਼ੇਸ਼ ਗੱਲਬਾਤ ਵਿੱਚ ਮੁੱਖ ਪੁਜਾਰੀ ਮਨੋਹਰ ਦਾਸ ਪਾਂਡੇ ਨੇ ਮੰਦਰ ਦੀ ਪਰੰਪਰਾ ਨੂੰ ਸਿਰਫ ਇੱਕ ਪ੍ਰਾਚੀਨ ਧਾਰਮਿਕ ਸਥਾਨ ਤੱਕ ਸੀਮਤ ਨਾ ਮੰਨਦਿਆਂ ਇਸ ਨੂੰ ਸ਼ਰਧਾਲੂਆਂ ਦੀ ਆਸਥਾ ਅਤੇ ਸਾਧਨਾ ਨਾਲ ਜੁੜਿਆ ਜੀਵੰਤ ਕੇਂਦਰ ਦੱਸਿਆ।

ਲਖੁੰਦਰ ਨਦੀ ਦਾ ਸ਼ਾਂਤ ਮਾਹੌਲ, ਮਾਂ ਬਗਲਾਮੁਖੀ ਦੀ ਉਪਾਸਨਾ, ਤ੍ਰਿਸ਼ਕਤੀ ਸਰੂਪ ਦੀ ਵਿਸ਼ੇਸ਼ਤਾ ਅਤੇ ਹਵਨ-ਸਾਧਨਾ ਦੀ ਪਰੰਪਰਾ ਨਲਖੇੜਾ ਧਾਮ ਨੂੰ ਵਿਸ਼ੇਸ਼ ਧਾਰਮਿਕ ਪਛਾਣ ਪ੍ਰਦਾਨ ਕਰਦੀ ਹੈ। ਇਹੀ ਕਾਰਨ ਹੈ ਕਿ ਸਮੇਂ ਦੇ ਨਾਲ ਮੰਦਰ ਦੀ ਪ੍ਰਸਿੱਧੀ ਅਤੇ ਸ਼ਰਧਾਲੂਆਂ ਦੀ ਆਸਥਾ ਨਿਰੰਤਰ ਬਣੀ ਹੋਈ ਹੈ। ਨਲਖੇੜਾ ਦਾ ਮਾਂ ਬਗਲਾਮੁਖੀ ਮੰਦਰ ਇਸ ਤਰ੍ਹਾਂ ਇਤਿਹਾਸ, ਧਾਰਮਿਕ ਮਾਨਤਾ, ਸਾਧਨਾ ਅਤੇ ਲੋਕ ਆਸਥਾ ਦੇ ਸੰਗਮ ਦੇ ਰੂਪ ਵਿੱਚ ਅੱਜ ਵੀ ਸ਼ਰਧਾਲੂਆਂ ਨੂੰ ਆਕਰਸ਼ਿਤ ਕਰ ਰਿਹਾ ਹੈ।

# ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਸਹੂਲਤਾਂ ਨੂੰ ਤਰਸੇ ਧਰਤੀਪੁੱਤਰ : ਰਾਜਿੰਦਰ ਸੋਰਖੀ

**ਪੈਗਾਮ-ਏ-ਜਗਤ/ਹਾਂਸੀ (ਦਿਨਕਰ ਗਾਵੜੀ)**

ਆਮ ਆਦਮੀ ਪਾਰਟੀ ਨੇ ਹਰਿਆਣਾ ਸੂਬੇ ਦੀ ਅਨਾਜ ਮੰਡੀ ਵਿੱਚ ਕਿਸਾਨਾਂ ਤੇ ਉਨ੍ਹਾਂ ਦੀਆਂ ਫਸਲਾਂ ਲਈ ਕੋਈ ਵਿਸ਼ੇਸ਼ ਵਿਵਸਥਾ ਨਾ ਕੀਤੇ ਜਾਣ ਅਤੇ ਬਰਸਾਤ ਦੇ ਮੌਸਮ ਵਿੱਚ ਫਸਲ ਭਿੱਜਣ ਕਾਰਨ ਹੋਣ ਵਾਲੇ ਭਾਰੀ ਨੁਕਸਾਨ 'ਤੇ ਚਿੰਤਾ ਜ਼ਾਹਰ ਕੀਤੀ ਹੈ। ਪਾਰਟੀ ਦੀ ਰਾਸ਼ਟਰੀ ਪ੍ਰੀਸ਼ਦ ਦੇ ਮੈਂਬਰ ਤੇ ਹਾਂਸੀ ਜ਼ਿਲ੍ਹੇ ਦੇ ਪਾਰਟੀ ਪ੍ਰਧਾਨ ਰਾਜਿੰਦਰ ਸੋਰਖੀ ਨੇ ਕਿਹਾ ਹੈ ਕਿ ਮੰਡੀਆਂ



ਵਿੱਚ ਇਨ੍ਹਾਂ ਦਿਨੀਂ ਫਸਲਾਂ ਦੀ ਭਾਰੀ ਆਮਦ ਹੋ ਰਹੀ ਹੈ ਅਤੇ ਲੋੜੀਂਦੇ ਸ਼ੈੱਡ ਨਾ ਹੋਣ ਕਰਕੇ ਕਿਸਾਨਾਂ ਨੂੰ ਆਪਣੀ ਫਸਲ ਖੁੱਲ੍ਹੇ ਅਸਮਾਨ ਹੇਠ ਸੜਕਾਂ 'ਤੇ ਰੱਖਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਹਾਲੇ ਬਰਸਾਤ ਦਾ ਸੀਜ਼ਨ ਚੱਲ ਰਿਹਾ ਹੈ। ਕੁਝ ਦਿਨ ਪਹਿਲਾਂ ਵੀ ਮੀਂਹ ਨੇ ਸੂਬੇ ਭਰ ਵਿੱਚ ਕਰੋੜਾਂ ਦੀ ਫਸਲ ਦਾ ਨੁਕਸਾਨ ਕਰ ਦਿੱਤਾ ਸੀ। ਹਾਲੇ ਕੁਝ ਦਿਨ ਹੋਰ ਵੀ ਵਰਖਾ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਅਨੇਕਾਂ ਅਜਿਹੀਆਂ ਮੰਡੀਆਂ ਹਨ ਜਿਨ੍ਹਾਂ ਵਿੱਚ 20-25 ਸਾਲ ਬੀਤਣ 'ਤੇ ਵੀ ਇੱਕ ਵੀ ਨਵੇਂ ਸ਼ੈੱਡ ਦਾ ਨਿਰਮਾਣ ਨਹੀਂ ਕੀਤਾ ਗਿਆ ਜਦੋਂ ਕਿ ਫਸਲ ਹਰ ਸਾਲ ਕੁਝ ਨਾ ਕੁਝ ਵਾਧੇ ਨਾਲ ਹੀ ਮੰਡੀਆਂ ਵਿੱਚ ਪਹੁੰਚਦੀ ਹੈ। ਫਸਲਾਂ ਦੀ ਸਮੇਂ ਸਿਰ ਖਰੀਦ, ਚੁਕਾਈ, ਸੁਰੱਖਿਆ ਤੇ ਸਫਾਈ ਵਿਵਸਥਾ ਨਾ ਹੋਣ ਕਾਰਨ ਕਿਸਾਨਾਂ ਵਿੱਚ ਭਾਜਪਾ ਸਰਕਾਰ ਪ੍ਰਤੀ ਡੂੰਘਾ ਰੋਸ ਹੈ। ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ ਐਲਾਨ ਤਾਂ ਬਹੁਤ ਕਰ ਰਹੀ ਹੈ ਪਰ ਧਰਾਤਲ 'ਤੇ ਕੁਝ ਕੰਮ ਹੁੰਦਾ ਦਿਖਾਈ ਨਹੀਂ ਦੇ ਰਿਹਾ। ਸੂਬਾ ਸਰਕਾਰ ਦੀਆਂ ਨੀਤੀਆਂ ਤੋਂ ਅੱਜ ਹਰ ਵਰਗ ਦੁਖੀ ਤੇ ਪਰੇਸ਼ਾਨ ਹੈ ਅਤੇ ਸੜਕਾਂ 'ਤੇ ਨਿਆਂ ਲਈ ਅੰਦੋਲਨ ਕਰ ਰਿਹਾ ਹੈ। ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਰਾਜਿੰਦਰ ਸੋਰਖੀ ਨੇ ਕਿਹਾ ਹੈ ਕਿ ਸਰਕਾਰ ਦੇ ਹੁਕਮਾਂ 'ਤੇ ਸਤੰਬਰ ਮਹੀਨੇ ਵਿੱਚ ਰਾਸ਼ਨ ਡਿਪੂ 'ਤੇ ਸਰ੍ਹੋਂ ਦਾ ਤੇਲ ਤੇ ਬਾਜਰਾ ਵੰਡਿਆ ਨਹੀਂ ਗਿਆ। ਸਰਕਾਰ ਨੇ ਬੀਪੀਐਲ ਕਾਰਡ ਧਾਰਕਾਂ ਤੇ ਉਨ੍ਹਾਂ ਦੇ ਪਰਿਵਾਰ ਬਾਰੇ ਇੰਨਾ ਵੀ ਨਹੀਂ ਸੋਚਿਆ ਕਿ ਲੋੜਵੰਦ ਲੋਕ ਆਪਣਾ ਗੁਜ਼ਾਰਾ ਕਿਵੇਂ ਕਰਨਗੇ। ਜਿੱਥੇ ਮੁੱਖ ਮੰਤਰੀ ਪੰਜਾਬ ਦੇ ਦੌਰਿਆਂ ਵਿੱਚ ਰੁੱਝੇ ਹਨ, ਉੱਥੇ ਹਰਿਆਣਾ ਦੇ ਮੰਤਰੀ ਵਿਕਾਸ ਦੇ ਨਾਂ 'ਤੇ ਜਨਤਾ ਨੂੰ ਭਰਮਾਉਣ ਵਿੱਚ ਲੱਗੇ ਹੋਏ ਹਨ। ਸਰਕਾਰ ਦੀ ਅਧਿਕਾਰੀਆਂ 'ਤੇ ਪਕੜ ਨਹੀਂ ਹੈ। ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਰਕਾਰ ਜਨਤਾ ਨੂੰ ਮੁੱਢਲੀਆਂ ਸਹੂਲਤਾਂ ਦਿਵਾਉਣ ਵਿੱਚ ਅਸਫਲ ਰਹੀ ਹੈ।

# ਭਾਜਪਾ ਦੇ ਸੀਨੀਅਰ ਨੇਤਾ ਸੋਹਨ ਲਾਲ ਚਾਨਣਾ ਦਾ 95 ਸਾਲ ਦੀ ਉਮਰ ਵਿੱਚ ਦੇਹਾਂਤ, ਭਾਜਪਾ ਨੇਤਾਵਾਂ ਨੇ ਅੰਤਿਮ ਯਾਤਰਾ ਵਿੱਚ ਪਹੁੰਚ ਕੇ ਦਿੱਤੀ ਸ਼ਰਧਾਂਜਲੀ

**ਪੈਗਾਮ-ਏ-ਜਗਤ/ਹਾਂਸੀ (ਦਿਨਕਰ ਗਾਵੜੀ)**

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਤੇ ਸੰਗਠਨ ਦੇ ਸਮਰਪਿਤ ਵਰਕਰ ਸੋਹਨ ਲਾਲ ਚਾਨਣਾ ਜੀ ਦਾ 95 ਸਾਲ ਦੀ ਉਮਰ ਵਿੱਚ ਅਚਾਨਕ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਦੀ ਖਬਰ ਮਿਲਦਿਆਂ ਹੀ ਭਾਜਪਾ ਵਰਕਰਾਂ ਅਤੇ ਅਹੁਦੇਦਾਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ।



ਭਾਜਪਾ ਨੇਤਾਵਾਂ ਅਤੇ ਵਰਕਰਾਂ ਨੇ ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋ ਕੇ ਵਿਛੜੇ ਨੇਤਾ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੁਖੀ ਪਰਿਵਾਰ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਵਿਅਕਤ ਕੀਤੀ।

ਭਾਜਪਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੈਣੀ ਨੇ ਸੋਹਨ ਲਾਲ ਚਾਨਣਾ ਜੀ ਦੇ ਦੇਹਾਂਤ 'ਤੇ ਡੂੰਘਾ ਸੋਗ ਵਿਅਕਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਦੇਹਾਂਤ ਨਾਲ ਭਾਜਪਾ ਪਰਿਵਾਰ ਨੇ ਇੱਕ ਸੀਨੀਅਰ, ਸਮਰਪਿਤ ਅਤੇ ਤਜਰਬੇਕਾਰ ਵਰਕਰ ਗੁਆ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੋਹਨ ਲਾਲ ਜੀ ਦੀ ਸਰਲ ਸ਼ਖਸੀਅਤ, ਸੰਗਠਨ ਪ੍ਰਤੀ ਵਫਾਦਾਰੀ ਅਤੇ ਸਮਾਜ ਪ੍ਰਤੀ ਸਮਰਪਣ ਸਦੈਵ ਯਾਦਗਾਰ ਰਹੇਗਾ। ਉਨ੍ਹਾਂ ਦਾ ਜਾਣਾ ਪਰਿਵਾਰ ਦੇ ਨਾਲ-ਨਾਲ ਸੰਗਠਨ ਲਈ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਨੇ ਪ੍ਰਮਾਤਮਾ ਅੱਗੇ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਥਾਂ ਦੇਣ ਅਤੇ ਦੁਖੀ ਪਰਿਵਾਰ ਨੂੰ ਇਹ ਦੁੱਖ ਸਹਿਣ ਦੀ ਸ਼ਕਤੀ ਪ੍ਰਦਾਨ ਕਰਨ ਦੀ ਪ੍ਰਾਰਥਨਾ ਕੀਤੀ।

ਅੰਤਿਮ ਯਾਤਰਾ ਦੌਰਾਨ ਭਾਵੁਕ ਦ੍ਰਿਸ਼ ਦੇਖਣ ਨੂੰ ਮਿਲਿਆ, ਜਦੋਂ ਸੋਹਨ ਲਾਲ ਚਾਨਣਾ ਜੀ ਦੀਆਂ ਧੀਆਂ ਮਨਜੀਤ, ਨੀਲਮ, ਹਰਜੀਤ, ਸੁਮਨ ਅਤੇ ਸੁਨੀਲਾ ਨੇ ਆਪਣੇ ਪਿਤਾ ਨੂੰ ਮੋਢਾ ਦੇ ਕੇ ਅੰਤਿਮ ਵਿਦਾਇਗੀ ਦਿੱਤੀ। ਇਹ ਪਲ ਮੌਜੂਦ ਸਾਰੇ ਲੋਕਾਂ ਲਈ ਬੇਹੱਦ ਭਾਵੁਕ ਰਿਹਾ।

ਅੰਤਿਮ ਯਾਤਰਾ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਧਰਮਵੀਰ ਰਤੇਰੀਆ, ਪ੍ਰਵੀਨ ਪੋਪਲੀ, ਅਸ਼ੋਕ ਕਨੌਜੀਆ, ਪ੍ਰਵੀਨ ਬਾਂਸਲ, ਮਨਜੀਤ ਸਿੰਘ ਜਾਂਗੜਾ, ਵਿਕਰਮ ਚੋਪੜਾ, ਤਨੁਜ ਖੁਰਾਣਾ, ਜਗਦੀਸ਼ ਭਾਟੀਆ, ਸਾਹਿਲ ਭਯਾਨਾ, ਰਮੇਸ਼ ਮਦਾਨ, ਅਸ਼ੋਕ ਢਾਲੀਆ ਸਮੇਤ ਅਨੇਕਾਂ ਅਹੁਦੇਦਾਰ ਅਤੇ ਵਰਕਰ ਮੌਜੂਦ ਰਹੇ ਅਤੇ ਭਰੀਆਂ ਅੱਖਾਂ ਨਾਲ ਸੋਹਨ ਲਾਲ ਚਾਨਣਾ ਜੀ ਨੂੰ ਅੰਤਿਮ ਵਿਦਾਇਗੀ ਦਿੱਤੀ।

''ਪੈਗਾਮ-ਏ-ਜਗਤ''
NEWS & WEB CHANNEL
HEAD OFFICE
F 388, Industrial Area,
Sector 74, Sahibzada Ajit
Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ ਵੱਡਾ ਵਪਾਰ
''ਪੈਗਾਮ-ਏ-ਜਗਤ'' ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।
Financial & Professional S

# ਲੁਵਾਸ ਵਿੱਚ 'ਆਣਵਿਕ ਜੀਵ-ਵਿਗਿਆਨ ਅਤੇ ਸੈੱਲ ਸੰਵਰਧਨ' 'ਤੇ 21 ਦਿਨਾਂ ਸਿਖਲਾਈ ਪ੍ਰੋਗਰਾਮ ਦੀ ਸਮਾਪਤੀ

**ਪੈਗ਼ਾਮ-ਏ-ਜਗਤ**
**ਹਿਸਾਰ (ਦਿਨਕਰ ਗਾਵੜੀ)**

ਲਾਲਾ ਲਾਜਪਤ ਰਾਏ ਪਸ਼ੂ ਚਿਕਿਤਸਾ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ (ਲੁਵਾਸ), ਹਿਸਾਰ ਦੇ ਪਸ਼ੂ ਜੈਵ ਤਕਨਾਲੋਜੀ ਵਿਭਾਗ ਵੱਲੋਂ 'ਆਣਵਿਕ ਜੀਵ-ਵਿਗਿਆਨ ਅਤੇ ਸੈੱਲ ਸੰਵਰਧਨ ਵਿੱਚ ਏਕੀਕ੍ਰਿਤ ਵਿਧੀਆਂ' ਵਿਸ਼ੇ 'ਤੇ ਆਯੋਜਿਤ 21 ਦਿਨਾਂ ਸਿਖਲਾਈ ਪ੍ਰੋਗਰਾਮ ਦੀ ਸਮਾਪਤੀ ਹੋਈ। ਇਹ ਪ੍ਰੋਗਰਾਮ 10 ਤੋਂ 30 ਸਤੰਬਰ ਤੱਕ ਆਯੋਜਿਤ ਕੀਤਾ ਗਿਆ। ਇਸ ਦਾ ਉਦੇਸ਼ ਭਾਗੀਦਾਰਾਂ ਨੂੰ ਆਣਵਿਕ ਜੀਵ-ਵਿਗਿਆਨ, ਜੈਵ ਤਕਨਾਲੋਜੀ ਅਤੇ ਸੈੱਲ ਸੰਵਰਧਨ ਦੀਆਂ ਆਧੁਨਿਕ ਤਕਨੀਕਾਂ ਦੀ ਸਿਧਾਂਤਕ ਅਤੇ ਵਿਹਾਰਕ ਸਿਖਲਾਈ ਪ੍ਰਦਾਨ ਕਰਨਾ ਸੀ।



ਪ੍ਰੋਗਰਾਮ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. (ਡਾ.) ਵਿਨੋਦ ਕੁਮਾਰ ਵਰਮਾ ਦੇ ਮਾਰਗਦਰਸ਼ਨ ਵਿੱਚ ਆਯੋਜਿਤ ਕੀਤਾ ਗਿਆ। ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਖੋਜ ਨਿਰਦੇਸ਼ਕ ਡਾ. ਰਜਤ ਗਰਗ ਨੇ ਕਿਹਾ ਕਿ ਆਧੁਨਿਕ ਖੋਜ ਵਿੱਚ ਸਿਧਾਂਤਕ ਗਿਆਨ ਦੇ ਨਾਲ ਵਿਗਿਆਨਕ ਤਕਨੀਕਾਂ ਵਿੱਚ ਵਿਹਾਰਕ ਦੱਖਤਾ ਵੀ ਜ਼ਰੂਰੀ ਹੈ। ਉਨ੍ਹਾਂ ਨੇ ਭਾਗੀਦਾਰਾਂ ਨੂੰ ਸਿਖਲਾਈ ਦੌਰਾਨ ਹਾਸਲ ਕੀਤੇ ਗਿਆਨ ਅਤੇ ਹੁਨਰ ਦਾ ਆਪਣੇ ਖੋਜ ਕਾਰਜਾਂ ਵਿੱਚ ਪ੍ਰਭਾਵੀ ਉਪਯੋਗ ਕਰਨ ਦਾ ਸੱਦਾ ਦਿੱਤਾ।

ਸੀਓਡੀਐਸਟੀ ਦੀ ਡੀਨ ਸੀਨੀਅਰ ਪ੍ਰੋਫੈਸਰ ਡਾ. ਸੁਸ਼ੀਲਾ ਮਾਨ ਨੇ ਵਿਭਾਗ ਅਤੇ ਆਯੋਜਨ ਕਮੇਟੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਵੀਨ ਵਿਗਿਆਨਕ ਤਕਨੀਕਾਂ ਦਾ ਗਿਆਨ ਅਤੇ ਉਨ੍ਹਾਂ ਦੀ ਵਿਹਾਰਕ ਵਰਤੋਂ ਗੁਣਵੱਤਾ ਭਰਪੂਰ ਖੋਜ ਲਈ ਮਹੱਤਵਪੂਰਨ ਹੈ।

ਪ੍ਰੋਗਰਾਮ ਦੇ ਨਿਰਦੇਸ਼ਕ ਅਤੇ ਪਸ਼ੂ ਜੈਵ ਤਕਨਾਲੋਜੀ ਵਿਭਾਗ ਦੇ ਵਿਭਾਗ ਮੁਖੀ ਡਾ. ਅਮਨ ਕੁਮਾਰ ਨੇ ਦੱਸਿਆ ਕਿ ਇਹ ਵਿਭਾਗ ਵੱਲੋਂ ਸਵੈ-ਵਿੱਤੀ ਯੋਜਨਾ ਤਹਿਤ ਆਯੋਜਿਤ 44ਵਾਂ ਸਿਖਲਾਈ ਪ੍ਰੋਗਰਾਮ ਹੈ। ਹੁਣ ਤੱਕ ਅਜਿਹੇ ਪ੍ਰੋਗਰਾਮਾਂ ਰਾਹੀਂ 700 ਤੋਂ ਵੱਧ ਭਾਗੀਦਾਰਾਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ। ਪ੍ਰੋਗਰਾਮ ਦੇ ਤਾਲਮੇਲਕ ਡਾ. ਕਨਿਸ਼ਕ ਬੱਤਰਾ ਨੇ ਦੱਸਿਆ ਕਿ ਭਾਗੀਦਾਰਾਂ ਨੂੰ ਭਾਸ਼ਣ, ਤਕਨੀਕੀ ਪ੍ਰਦਰਸ਼ਨ ਅਤੇ ਪ੍ਰਯੋਗਸ਼ਾਲਾ ਵਿੱਚ ਸਿੱਧੇ ਅਭਿਆਸ ਰਾਹੀਂ ਮੁੱਢਲੀਆਂ ਤੋਂ ਲੈ ਕੇ ਉੱਨਤ ਤਕਨੀਕਾਂ ਦੀ ਸਿਖਲਾਈ ਦਿੱਤੀ ਗਈ। ਸਿਖਲਾਈ ਵਿੱਚ ਵੱਖ-ਵੱਖ ਸੰਸਥਾਵਾਂ ਦੇ 20 ਭਾਗੀਦਾਰਾਂ ਨੇ ਭਾਗ ਲਿਆ। ਇਨ੍ਹਾਂ ਵਿੱਚ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ, ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਲਾਲਾ ਲਾਜਪਤ ਰਾਏ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਚੌਧਰੀ ਬੰਸੀ ਲਾਲ ਯੂਨੀਵਰਸਿਟੀ ਅਤੇ ਸੰਸਕਾਰਮ ਯੂਨੀਵਰਸਿਟੀ ਦੇ ਵਿਗਿਆਨੀ, ਸਹਾਇਕ ਪ੍ਰੋਫੈਸਰ, ਨੌਜਵਾਨ ਵਿਗਿਆਨੀ, ਖੋਜ ਸਹਿਯੋਗੀ ਅਤੇ ਖੋਜਾਰਥੀ ਸ਼ਾਮਲ ਰਹੇ। ਸਿਖਲਾਈ ਦੌਰਾਨ ਰੀਅਲ-ਟਾਈਮ ਪੀਸੀਆਰ, ਨੈਕਸਟ ਜਨਰੇਸ਼ਨ ਸੀਕੁਐਂਸਿੰਗ, ਐਚਪੀਐਲਸੀ, ਸੈੱਲ ਸੰਵਰਧਨ ਅਤੇ ਜੀਨ ਕਲੋਨਿੰਗ ਵਰਗੀਆਂ ਆਧੁਨਿਕ ਤਕਨੀਕਾਂ ਦੀ ਸਿਧਾਂਤਕ ਅਤੇ ਵਿਹਾਰਕ ਸਿਖਲਾਈ ਦਿੱਤੀ ਗਈ। ਭਾਗੀਦਾਰਾਂ ਨੂੰ ਪ੍ਰਯੋਗਸ਼ਾਲਾ ਵਿੱਚ ਇਨ੍ਹਾਂ ਤਕਨੀਕਾਂ ਦਾ ਖੁਦ ਅਭਿਆਸ ਕਰਨ ਦਾ ਮੌਕਾ ਵੀ ਮਿਲਿਆ। ਸਮਾਪਤੀ ਸਮਾਰੋਹ ਵਿੱਚ ਭਾਗੀਦਾਰਾਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਭਾਗੀਦਾਰਾਂ ਨੇ ਸਿਖਲਾਈ ਨੂੰ ਲਾਭਦਾਇਕ ਦੱਸਦਿਆਂ ਵਿਭਾਗ ਅਤੇ ਆਯੋਜਨ ਕਮੇਟੀ ਦਾ ਧੰਨਵਾਦ ਕੀਤਾ। ਅੰਤ ਵਿੱਚ ਡਾ. ਵਿਨੈ ਜੀ. ਜੋਸ਼ੀ ਨੇ ਧੰਨਵਾਦ ਕੀਤਾ।

# ਚੋਣ ਕਮਿਸ਼ਨ ਵਿਰੁੱਧ ਦੋਸ਼ਾਂ ਦੀ ਬਜਾਏ ਤੱਥਾਂ ਅਤੇ ਸੰਵਿਧਾਨਕ ਪ੍ਰਕਿਰਿਆ 'ਤੇ ਚਰਚਾ ਕਰੇ ਵਿਰੋਧੀ ਧਿਰ: ਮੇਅਰ ਅਕਸ਼ਿਤਾ ਸੈਣੀ

**ਪੈਗ਼ਾਮ-ਏ-ਜਗਤ/ਅੰਬਾਲਾ**
**30 ਸਤੰਬਰ (ਆਰ.ਸਿੰਘ)**

ਅੰਬਾਲਾ ਨਗਰ ਨਿਗਮ ਦੀ ਮੇਅਰ ਅਕਸ਼ਿਤਾ ਸੈਣੀ ਨੇ ਚੋਣ ਕਮਿਸ਼ਨ ਦੇ ਕੰਮਕਾਜ, ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ (SIR) ਅਤੇ ਚੋਣ ਪ੍ਰਕਿਰਿਆ ਬਾਰੇ ਵਿਰੋਧੀ ਧਿਰ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ ਅਤੇ ਵੋਟਰ ਸੂਚੀ ਦੀ ਸੋਧ ਇਸ ਦੀਆਂ ਲਾਜ਼ਮੀ ਜ਼ਿੰਮੇਵਾਰੀਆਂ ਦਾ ਹਿੱਸਾ ਹੈ। ਸੈਣੀ ਅੱਜ ਮੀਡੀਆ ਨਾਲ ਗੱਲਬਾਤ ਕਰ ਰਹੀ ਸੀ ਅਤੇ ਉਸ ਦੇ ਨਾਲ ਭਾਜਪਾ ਜ਼ਿਲ੍ਹਾ ਪ੍ਰਧਾਨ ਮਨਦੀਪ ਰਾਣਾ ਵੀ ਮੌਜੂਦ ਸਨ।



ਮੇਅਰ ਅਕਸ਼ਿਤਾ ਸੈਣੀ ਨੇ ਕਿਹਾ ਕਿ ਰਾਜਨੀਤਿਕ ਦੋਸ਼ਾਂ ਦੀ ਬਜਾਏ, ਚੋਣ ਪ੍ਰਕਿਰਿਆ ਨਾਲ ਸਬੰਧਿਤ ਮੁੱਦਿਆਂ 'ਤੇ ਤੱਥਾਂ, ਅਧਿਕਾਰਤ ਦਸਤਾਵੇਜ਼ਾਂ ਅਤੇ ਅਦਾਲਤੀ ਫ਼ੈਸਲਿਆਂ ਦੇ ਆਧਾਰ 'ਤੇ ਚਰਚਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੁਆਰਾ SIR ਅਤੇ ਵੋਟਰ ਸੂਚੀ ਪ੍ਰਕਿਰਿਆ ਬਾਰੇ ਜਾਰੀ ਕੀਤੀ ਗਈ ਜਾਣਕਾਰੀ, ਫਾਰਮ-6 ਅਤੇ ਅਦਾਲਤੀ ਕਾਰਵਾਈ ਵਰਗੇ ਮਹੱਤਵਪੂਰਨ ਦਸਤਾਵੇਜ਼ਾਂ ਨੂੰ ਵੀ ਜਨਤਕ ਚਰਚਾ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਉਸ ਨੇ ਕਿਹਾ ਕਿ ਸੁਪਰੀਮ ਕੋਰਟ ਦੇ 27 ਮਈ, 2026 ਦੇ ਫ਼ੈਸਲੇ ਵਿੱਚ ਬਿਹਾਰ ਵਿੱਚ SIR ਪ੍ਰਕਿਰਿਆ ਨਾਲ ਸਬੰਧਿਤ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਕੀਤਾ ਗਿਆ ਸੀ। ਇਸ ਲਈ, ਵੋਟਰ ਸੂਚੀ ਅਤੇ ਚੋਣ ਪ੍ਰਕਿਰਿਆ ਨਾਲ ਸਬੰਧਿਤ ਕਿਸੇ ਵੀ ਮੁੱਦੇ 'ਤੇ ਰਾਏ ਬਣਾਉਣ ਤੋਂ ਪਹਿਲਾਂ ਸਬੰਧਿਤ ਨਿਆਂਇਕ ਆਦੇਸ਼ਾਂ ਅਤੇ ਚੋਣ ਕਮਿਸ਼ਨ ਦੇ ਅਧਿਕਾਰਤ ਰਿਕਾਰਡਾਂ ਦੀ ਸਮੀਖਿਆ ਕਰਨਾ ਜ਼ਰੂਰੀ ਹੈ।

ਮੇਅਰ ਨੇ ਕਿਹਾ ਕਿ ਲੋਕਤੰਤਰ ਵਿੱਚ ਸੰਵਿਧਾਨਕ ਸੰਸਥਾਵਾਂ ਦੇ ਕੰਮਕਾਜ 'ਤੇ ਸਵਾਲ ਉਠਾਉਣਾ ਰਾਜਨੀਤਿਕ ਅਤੇ ਜਨਤਕ ਬਹਿਸ ਦਾ ਹਿੱਸਾ ਹੋ ਸਕਦਾ ਹੈ ਪਰ ਅਜਿਹੇ ਸਵਾਲ ਸਿਰਫ਼ ਪ੍ਰਮਾਣਿਤ ਤੱਥਾਂ ਦੇ ਅਧਾਰ 'ਤੇ ਹੀ ਉਠਾਏ ਜਾਣੇ ਚਾਹੀਦੇ ਹਨ। ਉਸ ਨੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਚੋਣ ਪ੍ਰਕਿਰਿਆ ਅਤੇ ਵੋਟਰਾਂ ਦੇ ਅਧਿਕਾਰਾਂ ਨਾਲ ਸਬੰਧਿਤ ਮੁੱਦਿਆਂ 'ਤੇ ਜ਼ਿੰਮੇਵਾਰ ਅਤੇ ਤੱਥਾਂ ਨਾਲ ਗੱਲਬਾਤ ਬਣਾਈ ਰੱਖਣ ਦੀ ਅਪੀਲ ਕੀਤੀ। ਇਸ ਦੌਰਾਨ ਭਾਜਪਾ ਜ਼ਿਲ੍ਹਾ ਪ੍ਰਧਾਨ ਮਨਦੀਪ ਰਾਣਾ ਨੇ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਵਿਰੋਧੀ ਧਿਰ ਕੋਲ ਜਨਤਾ ਨਾਲ ਸਬੰਧਿਤ ਠੋਸ ਮੁੱਦਿਆਂ ਦੀ ਘਾਟ ਹੈ। ਇਸ ਲਈ ਜਨਤਾ ਦਾ ਧਿਆਨ ਭਟਕਾਉਣ ਲਈ ਚੋਣ ਪ੍ਰਕਿਰਿਆ ਅਤੇ ਸੰਵਿਧਾਨਕ ਸੰਸਥਾਵਾਂ ਬਾਰੇ ਸਵਾਲ ਉਠਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮੁੱਦਿਆਂ ਦਾ ਰਾਜਨੀਤੀਕਰਨ ਕਰਨ ਦੀ ਬਜਾਏ, ਚਰਚਾ ਤੱਥਾਂ 'ਤੇ ਅਧਾਰਿਤ ਹੋਣੀ ਚਾਹੀਦੀ ਹੈ।

ਇਸ ਮੌਕੇ ਭਾਜਪਾ ਨੇਤਾ ਰਿਤੇਸ਼ ਗੋਇਲ, ਸੁਰਿੰਦਰ ਘਈ, ਯਸ਼ਪਾਲ ਚੌਧਰੀ, ਮਿਹਰ ਚੌਧਰੀ, ਯੋਗੇਸ਼ ਸਾਹਨੀ, ਆਕਾਸ਼ ਬਾਂਸਲ, ਮੁਕੇਸ਼ ਸ਼ਰਮਾ, ਸਤਯਮ ਬਾਂਸਲ ਅਤੇ ਕਈ ਭਾਜਪਾ ਵਰਕਰ ਮੌਜੂਦ ਸਨ।

# ਜਾਇਦਾਦ ਸੇਵਾਵਾਂ ਲਈ ਅਸਟੇਟ ਦਫ਼ਤਰ ਨੇ "ਈ-ਸੰਪਦਾ ਸੀਐਚਡੀ" ਮੋਬਾਈਲ ਐਪ ਅਤੇ ਫੇਸਲੈੱਸ ਸੇਵਾ ਸਪੁਰਦਗੀ ਸਹੂਲਤ ਸ਼ੁਰੂ ਕੀਤੀ

**ਪੈਗ਼ਾਮ-ਏ-ਜਗਤ**
**ਚੰਡੀਗੜ੍ਹ (ਹਰਮਿੰਦਰ ਨਾਗਪਾਲ)**

ਚੰਡੀਗੜ੍ਹ ਦੇ ਨਾਗਰਿਕਾਂ ਤੱਕ ਅਸਟੇਟ ਦਫ਼ਤਰ ਦੀਆਂ ਜਾਇਦਾਦ ਸਬੰਧੀ ਸੇਵਾਵਾਂ ਸੌਖੇ ਤਰੀਕੇ ਨਾਲ ਪਹੁੰਚਾਉਣ ਦੇ ਉਦੇਸ਼ ਨਾਲ ਦੋ ਨਾਗਰਿਕ-ਕੇਂਦਰਿਤ ਈ-ਪਹਿਲਾਂ—"ਈ-ਸੰਪਦਾ ਸੀਐਚਡੀ" ਮੋਬਾਈਲ ਐਪ ਅਤੇ ਫੇਸਲੈੱਸ ਸੇਵਾ ਸਪੁਰਦਗੀ ਸਹੂਲਤ—ਅੱਜ ਰਾਮ ਦਰਬਾਰ ਸਥਿਤ ਕਮਿਊਨਿਟੀ ਸੈਂਟਰ ਵਿੱਚ ਆਯੋਜਿਤ ਸਮਾਧਾਨ ਕੈਂਪ ਦੇ ਮੌਕੇ 'ਤੇ ਪੰਜਾਬ ਦੇ ਮਾਨਯੋਗ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਰਸਮੀ ਤੌਰ 'ਤੇ ਸ਼ੁਰੂ ਕੀਤੀਆਂ ਗਈਆਂ।



ਡਿਪਟੀ ਕਮਿਸ਼ਨਰ-ਸਹਿ-ਅਸਟੇਟ ਅਫ਼ਸਰ ਸ੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐਸ, ਨੇ ਹਾਜ਼ਰ ਲੋਕਾਂ ਨੂੰ ਇਨ੍ਹਾਂ ਦੋਵਾਂ ਪਹਿਲਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਲਾਭਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਈ-ਸੰਪਦਾ ਸੀਐਚਡੀ ਮੋਬਾਈਲ ਐਪ ਰਾਹੀਂ ਨਿਵਾਸੀ ਆਪਣੇ ਮੋਬਾਈਲ ਫੋਨ 'ਤੇ ਅਸਟੇਟ ਦਫ਼ਤਰ ਦੀਆਂ ਸੇਵਾਵਾਂ ਦਾ ਲਾਭ ਲੈ ਸਕਣਗੇ। ਇਸ ਐਪ ਤੋਂ ਨਾਗਰਿਕ ਕਿਸੇ ਜਾਇਦਾਦ ਦਾ ਵੇਰਵਾ ਦੇਖ ਸਕਦੇ ਹਨ, ਪਹਿਲਾਂ ਜਮ?ਹਾਂ ਕੀਤੀ ਗਈ ਅਰਜ਼ੀ ਦੀ ਸਥਿਤੀ ਜਾਂਚ ਸਕਦੇ ਹਨ, ਜਾਇਦਾਦ 'ਤੇ ਬਕਾਇਆ ਰਾਸ਼ੀ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਆਨਲਾਈਨ ਸ਼ਿਕਾਇਤ ਦਰਜ ਕਰ ਉਸ ਦਾ ਨਿਪਟਾਰਾ ਦੇਖ ਸਕਦੇ ਹਨ। ਇਨ੍ਹਾਂ ਸੇਵਾਵਾਂ ਲਈ ਅਸਟੇਟ ਦਫ਼ਤਰ ਆਉਣ ਦੀ ਲੋੜ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਇਹ ਐਪ ਫਿਲਹਾਲ ਐਂਡਰਾਇਡ ਪਲੇ ਸਟੋਰ 'ਤੇ ਉਪਲਬਧ ਹੈ ਅਤੇ ਜਲਦੀ ਹੀ ਆਈਓਐਸ ਐਪ ਸਟੋਰ 'ਤੇ ਵੀ ਉਪਲਬਧ ਹੋਵੇਗੀ।

ਅਸਟੇਟ ਅਫ਼ਸਰ ਨੇ ਦੱਸਿਆ ਕਿ ਫੇਸਲੈੱਸ ਸੇਵਾ ਸਪੁਰਦਗੀ ਸਹੂਲਤ ਤਹਿਤ ਬਿਨੈਕਾਰ ਬਿਨਾਂ ਅਪਾਇੰਟਮੈਂਟ ਲਏ ਜਾਂ ਅਸਟੇਟ ਦਫ਼ਤਰ ਆਏ, ਆਪਣੀ ਅਰਜ਼ੀ ਅਤੇ ਸਹਾਇਕ ਦਸਤਾਵੇਜ਼ ਆਨਲਾਈਨ ਜਮ?ਹਾਂ ਕਰ ਸਕਦੇ ਹਨ। ਇਹ ਦਸਤਾਵੇਜ਼ ਸਬੰਧਤ ਸ਼ਾਖਾ ਨੂੰ ਡਿਜੀਟਲ ਮਾਧਿਅਮ ਰਾਹੀਂ ਭੇਜੇ ਜਾਣਗੇ। ਇਸ ਸਹੂਲਤ ਅਧੀਨ ਅਸਟੇਟ ਦਫ਼ਤਰ ਦੀਆਂ ਜਾਇਦਾਦ ਸਬੰਧੀ ਸੇਵਾਵਾਂ ਅਰਜ਼ੀ ਜਮ?ਹਾਂ ਕਰਨ ਤੋਂ ਲੈ ਕੇ ਉਸ ਦੇ ਅੰਤਿਮ ਨਿਪਟਾਰੇ ਤੱਕ ਪੂਰੀ ਤਰ੍ਹਾਂ ਆਨਲਾਈਨ ਉਪਲਬਧ ਹਨ। ਇਸ ਪ੍ਰਕਿਰਿਆ ਵਿੱਚ ਬਿਨੈਕਾਰ ਅਤੇ ਸਬੰਧਤ ਅਧਿਕਾਰੀ ਵਿਚਕਾਰ ਸਿੱਧੇ ਸੰਪਰਕ ਦੀ ਲੋੜ ਨਹੀਂ ਹੋਵੇਗੀ।

ਉਨ੍ਹਾਂ ਕਿਹਾ ਕਿ ਇਹ ਦੋਵੇਂ ਪਹਿਲਾਂ ਮਿਲ ਕੇ ਅਸਟੇਟ ਦਫ਼ਤਰ ਦੀਆਂ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ, ਪਾਰਦਰਸ਼ੀ, ਕਾਗਜ਼-ਰਹਿਤ ਅਤੇ ਨਾਗਰਿਕ-ਅਨੁਕੂਲ ਬਣਾਉਣਗੀਆਂ। ਨਾਲ ਹੀ, ਅਸਟੇਟ ਦਫ਼ਤਰ ਵਿੱਚ ਲੋਕਾਂ ਦੀ ਆਵਾਜਾਈ ਘੱਟ ਹੋਵੇਗੀ ਅਤੇ ਸੇਵਾ ਸਪੁਰਦਗੀ ਵਿੱਚ ਸੁਧਾਰ ਆਵੇਗਾ।

ਇਸ ਮੌਕੇ 'ਤੇ ਸ੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐਸ, ਅਸਟੇਟ ਅਫ਼ਸਰ ਨੇ ਕਿਹਾ, "ਇਹ ਦੋਵੇਂ ਪਹਿਲਾਂ ਚੰਡੀਗੜ੍ਹ ਦੇ ਹਰ ਨਾਗਰਿਕ ਲਈ ਜਾਇਦਾਦ ਸਬੰਧੀ ਸੇਵਾਵਾਂ ਨੂੰ ਸਰਲ, ਤੇਜ਼ ਅਤੇ ਵਧੇਰੇ ਪਾਰਦਰਸ਼ੀ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹਨ। ਈ-ਸੰਪਦਾ ਸੀਐਚਡੀ ਅਤੇ ਫੇਸਲੈੱਸ ਸੇਵਾ ਸਪੁਰਦਗੀ ਰਾਹੀਂ ਨਿਵਾਸੀਆਂ ਨੂੰ ਆਮ ਕੰਮਾਂ ਲਈ ਵਾਰ-ਵਾਰ ਅਸਟੇਟ ਦਫ਼ਤਰ ਨਹੀਂ ਆਉਣਾ ਪਵੇਗਾ। ਮੈਂ ਨਾਗਰਿਕਾਂ ਨੂੰ ਇਨ੍ਹਾਂ ਸਹੂਲਤਾਂ ਦਾ ਵੱਧ ਤੋਂ ਵੱਧ ਉਪਯੋਗ ਕਰਨ ਦੀ ਅਪੀਲ ਕਰਦਾ ਹਾਂ। ਅਸਟੇਟ ਦਫ਼ਤਰ ਆਉਣ ਵਾਲੇ ਸਮੇਂ ਵਿੱਚ ਡਿਜੀਟਲ ਸੁਸ਼ਾਸਨ ਨੂੰ ਹੋਰ ਅੱਗੇ ਵਧਾਉਣ ਲਈ ਵਚਨਬੱਧ ਹੈ।"ਇਸ ਮੌਕੇ 'ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਸੇਵਾ ਪੂਰੀ, ਸਨਮਾਨ ਕਾਇਮ: ਪੁਲਿਸ ਲਾਈਨ ਹਾਂਸੀ ਵਿੱਚ ਸੇਵਾਮੁਕਤ ਕਰਮਚਾਰੀ ਨੂੰ ਦਿੱਤੀ ਵਿਦਾਇਗੀ

**ਪੈਗ਼ਾਮ-ਏ-ਜਗਤ**
**ਹਾਂਸੀ (ਦਿਨਕਰ ਗਾਵੜੀ)**

ਪੁਲਿਸ ਵਿਭਾਗ ਵਿੱਚ ਲੰਬੇ ਸਮੇਂ ਤੱਕ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਆਪਣੀਆਂ ਸੇਵਾਵਾਂ ਦੇਣ ਵਾਲੇ ਪੁਲਿਸ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਸਨਮਾਨ ਕਰਨਾ ਵਿਭਾਗ ਦੀ ਪਰੰਪਰਾ ਰਹੀ ਹੈ। ਇਸੇ ਲੜੀ ਵਿੱਚ ਪੁਲਿਸ ਸੁਪਰਡੈਂਟ ਹਾਂਸੀ ਵਿਨੋਦ ਕੁਮਾਰ ਦੇ ਕੁਸ਼ਲ ਮਾਰਗਦਰਸ਼ਨ ਵਿੱਚ ਪੁਲਿਸ ਲਾਈਨ ਹਾਂਸੀ ਵਿੱਚ ਸੇਵਾਮੁਕਤ ਹੋ ਰਹੇ ਸਬ-ਇੰਸਪੈਕਟਰ ਹਰਬੰਸ ਦੇ ਸਨਮਾਨ ਵਿੱਚ ਭਾਵਭਿੰਨਾ ਵਿਦਾਇਗੀ ਸਮਾਰੋਹ ਆਯੋਜਿਤ ਕੀਤਾ ਗਿਆ।

**• ਡੀਐਸਪੀ ਦੇਵੇਂਦਰ ਨੈਣ ਨੇ ਸਬ-ਇੰਸਪੈਕਟਰ ਹਰਬੰਸ ਨੂੰ ਯਾਦਗਾਰੀ ਚਿੰਨ੍ਹ ਅਤੇ ਫੁੱਲਮਾਲਾ ਭੇਟ ਕਰ ਕੀਤਾ ਸਨਮਾਨਿਤ**



**ਸੇਵਾਕਾਲ ਦੇ ਯੋਗਦਾਨ ਨੂੰ ਕੀਤਾ ਯਾਦ**

ਵਿਦਾਇਗੀ ਸਮਾਰੋਹ ਦੌਰਾਨ ਅਧਿਕਾਰੀਆਂ ਅਤੇ ਪੁਲਿਸ ਕਰਮਚਾਰੀਆਂ ਨੇ ਸਬ-ਇੰਸਪੈਕਟਰ ਹਰਬੰਸ ਦੇ ਸੇਵਾਕਾਲ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਵਿਭਾਗ ਪ੍ਰਤੀ ਕੀਤੇ ਗਏ ਯੋਗਦਾਨ, ਕਰਤੱਵਨਿਸ਼ਠਾ ਅਤੇ ਜ਼ਿੰਮੇਵਾਰੀ ਦੀ ਸ਼ਲਾਘਾ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਪੁਲਿਸ ਵਿਭਾਗ ਵਿੱਚ ਸੇਵਾ ਕਰਨਾ ਸਿਰਫ ਇੱਕ ਨੌਕਰੀ ਨਹੀਂ, ਸਗੋਂ ਸਮਾਜ ਅਤੇ ਕਾਨੂੰਨ ਵਿਵਸਥਾ ਪ੍ਰਤੀ ਜ਼ਿੰਮੇਵਾਰੀ ਦਾ ਫਰਜ਼ ਹੈ। ਲੰਬੇ ਸਮੇਂ ਤੱਕ ਇਸ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ ਨਾਲ ਨਿਭਾਉਣਾ ਆਪਣੇ ਆਪ ਵਿੱਚ ਮਾਣ ਵਾਲੀ ਗੱਲ ਹੈ। ਸਮਾਰੋਹ ਦੌਰਾਨ ਡੀਐਸਪੀ ਦੇਵੇਂਦਰ ਨੈਣ ਨੇ ਸੇਵਾਮੁਕਤ ਹੋ ਰਹੇ ਸਬ-ਇੰਸਪੈਕਟਰ ਹਰਬੰਸ ਨੂੰ ਫੁੱਲਮਾਲਾ ਪਾ ਕੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਵਿੱਚ ਸੇਵਾਕਾਲ ਦੌਰਾਨ ਪ੍ਰਾਪਤ ਤਜਰਬਾ, ਯਾਦਾਂ ਅਤੇ ਸਾਥੀਆਂ ਨਾਲ ਬਿਤਾਇਆ ਸਮਾਂ ਹਮੇਸ਼ਾ ਜੀਵਨ ਦਾ ਮਹੱਤਵਪੂਰਨ ਹਿੱਸਾ ਰਹੇਗਾ।

# ਸਾਈਬਰ ਅਪਰਾਧ ਤੋਂ ਬਚਾਅ ਲਈ ਸੁਚੇਤਤਾ ਅਤੇ ਸਮਝਦਾਰੀ ਜ਼ਰੂਰੀ : ਵਿਧਾਇਕ ਵਿਨੋਦ ਭਿਆਣਾ

**ਪੈਗ਼ਾਮ-ਏ-ਜਗਤ**
**ਹਾਂਸੀ (ਦਿਨਕਰ ਗਾਵੜੀ)**

ਸੇਵਾ ਸੰਕਲਪ ਮੁਹਿੰਮ ਤਹਿਤ ਸਥਾਨਕ ਐਸਡੀ ਮਹਿਲਾ ਮਹਾਵਿਦਿਆਲਿਆ ਦੇ ਸਭਾਗਾਰ ਵਿੱਚ ਜ਼ਿਲ੍ਹਾ ਪੱਧਰੀ ਸਾਈਬਰ ਸੁਰੱਖਿਆ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਵਿਧਾਇਕ ਵਿਨੋਦ ਭਿਆਣਾ ਨੇ ਮੁੱਖ ਮਹਿਮਾਨ ਵਜੋਂ ਪ੍ਰੋਗਰਾਮ ਦਾ ਸ਼ੁਭਾਰੰਭ ਕੀਤਾ। ਪ੍ਰੋਗਰਾਮ ਵਿੱਚ ਆਈਟੀ ਮਾਹਰ ਅਤੇ ਭਾਜਪਾ ਜ਼ਿਲ੍ਹਾ ਆਈਟੀ ਮੁਖੀ ਪੁਨੀਤ ਮਦਾਨ (ਆਈਟੀ ਗੁਰੂਕੁਲ) ਮੁੱਖ ਬੁਲਾਰੇ ਰਹੇ।

**• ਵਿਧਾਇਕ ਵਿਨੋਦ ਭਿਆਣਾ ਨੇ ਕੀਤਾ ਜ਼ਿਲ੍ਹਾ ਪੱਧਰੀ ਸਾਈਬਰ ਸੁਰੱਖਿਆ ਜਾਗਰੂਕਤਾ ਪ੍ਰੋਗਰਾਮ ਦਾ ਸ਼ੁਭਾਰੰਭ**



ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਵਿਨੋਦ ਭਿਆਣਾ ਨੇ ਕਿਹਾ ਕਿ ਡਿਜੀਟਲ ਤਕਨੀਕ ਨੇ ਜੀਵਨ ਨੂੰ ਸਰਲ ਬਣਾਇਆ ਹੈ, ਪਰ ਇਸ ਦੇ ਨਾਲ ਸਾਈਬਰ ਅਪਰਾਧ ਦਾ ਖਤਰਾ ਵੀ ਵਧਿਆ ਹੈ। ਅਜਿਹੇ ਵਿੱਚ ਹਰ ਵਿਅਕਤੀ ਦਾ ਜਾਗਰੂਕ ਅਤੇ ਸੁਚੇਤ ਰਹਿਣਾ ਜ਼ਰੂਰੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਣਜਾਣ ਲਿੰਕ 'ਤੇ ਕਲਿੱਕ ਕਰਨ, ਸ਼ੱਕੀ ਸੰਦੇਸ਼ਾਂ ਦਾ ਜਵਾਬ ਦੇਣ, ਨਿੱਜੀ ਜਾਣਕਾਰੀ ਸਾਂਝੀ ਕਰਨ ਅਤੇ ਬਿਨਾਂ ਜਾਂਚ-ਪੜਤਾਲ ਦੇ ਬੈਂਕਿੰਗ ਸਬੰਧੀ ਜਾਣਕਾਰੀ ਦੇਣ ਤੋਂ ਬਚਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਸਾਈਬਰ ਮਾਮਲਿਆਂ ਵਿੱਚ ਥੋੜ੍ਹੀ ਜਿਹੀ ਲਾਪਰਵਾਹੀ ਭਾਰੀ ਨੁਕਸਾਨ ਦਾ ਕਾਰਨ ਬਣ ਸਕਦੀ ਹੈ। ਵਿਦਿਆਰਥੀਆਂ ਨੂੰ ਖੁਦ ਜਾਗਰੂਕ ਹੋਣ ਦੇ ਨਾਲ ਆਪਣੇ ਪਰਿਵਾਰ ਅਤੇ ਆਸ-ਪਾਸ ਦੇ ਲੋਕਾਂ ਨੂੰ ਵੀ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੇਵਾ ਸੰਕਲਪ ਮੁਹਿੰਮ ਦਾ ਉਦੇਸ਼ ਸਮਾਜ ਦੇ ਹਰ ਵਰਗ ਤੱਕ ਲਾਭਦਾਇਕ ਜਾਣਕਾਰੀ ਅਤੇ ਸੇਵਾਵਾਂ ਪਹੁੰਚਾਉਣਾ ਹੈ ਅਤੇ ਸਾਈਬਰ ਅਪਰਾਧ ਤੋਂ ਬਚਾਅ ਪ੍ਰਤੀ ਜਾਗਰੂਕ ਕਰਨਾ ਵੀ ਇਸੇ ਦਿਸ਼ਾ ਵਿੱਚ ਮਹੱਤਵਪੂਰਨ ਕਾਰਜ ਹੈ।

ਆਈਟੀ ਮਾਹਰ ਪੁਨੀਤ ਮਦਾਨ ਨੇ ਸਾਈਬਰ ਸੁਰੱਖਿਆ ਦੇ ਵੱਖ-ਵੱਖ ਪਹਿਲੂਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਈਬਰ ਅਪਰਾਧੀ ਵੱਖ-ਵੱਖ ਤਰੀਕਿਆਂ ਨਾਲ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੇ ਮਜ਼ਬੂਤ ਪਾਸਵਰਡ ਰੱਖਣ, ਅਣਜਾਣ ਸੰਦੇਸ਼ਾਂ ਅਤੇ ਲਿੰਕ ਤੋਂ ਸਾਵਧਾਨ ਰਹਿਣ ਅਤੇ ਓਟੀਪੀ ਅਤੇ ਬੈਂਕਿੰਗ ਸਬੰਧੀ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ, ਆਨਲਾਈਨ ਗੇਮਿੰਗ, ਡਿਜੀਟਲ ਪੇਮੈਂਟ, ਈ-ਮੇਲ ਅਤੇ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਦੇ ਸਮੇਂ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਜਿਗਿਆਸਾਵਾਂ ਅਤੇ ਪ੍ਰਸ਼ਨਾਂ ਦਾ ਵੀ ਹੱਲ ਕੀਤਾ।

ਪ੍ਰੋਗਰਾਮ ਵਿੱਚ ਮਾਰਕੀਟ ਕਮੇਟੀ ਪ੍ਰਧਾਨ ਦਿਨੇਸ਼ ਧਵਨ, ਪ੍ਰਿੰਸੀਪਲ ਸੁਰੇਸ਼ ਗੁਪਤਾ, ਵਿਧਾਇਕ ਦੇ ਰਾਜਨੀਤਿਕ ਸਲਾਹਕਾਰ ਦਿਨੇਸ਼ ਭੁਟਾਨੀ, ਸਾਬਕਾ ਪ੍ਰਧਾਨ ਵਿਨੋਦ ਸੈਣੀ, ਬਲਾਕ ਕਮੇਟੀ ਪ੍ਰਧਾਨ ਪ੍ਰਤੀਨਿਧ ਸੁਭਾਸ਼ ਯਾਦਵ, ਸਾਬਕਾ ਕੌਂਸਲਰ ਅਸ਼ੋਕ ਢਾਲੀਆ, ਪ੍ਰੋ. ਗੀਤਾ ਦਹੀਆ, ਸ਼ੀਲੂ ਕੁਮਾਰੀ, ਲਾਇਬ੍ਰੇਰੀਅਨ ਸਵਿਤਾ ਮਲਿਕ ਸਮੇਤ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਅਤੇ ਵਿਦਿਆਰਥੀ ਮੌਜੂਦ ਰਹੇ।

# ਡੇਰਾ ਬੱਸੀ 'ਚ ਇੱਕੋ ਸਮੇਂ ਉਡੇ 500 ਡਰੋਨਾਂ ਦੇ ਸ਼ਾਨਦਾਰ ਸ਼ੋਅ ਨੇ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ ਤੇ ਫ਼ਲਸਫ਼ੇ ਤੋਂ ਕਰਵਾਇਆ ਜਾਣੂ

**ਡੇਰਾਬੱਸੀ, 30 ਸਤੰਬਰ**
**(ਪੈਗ਼ਾਮ-ਏ-ਜਗਤ)**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਅੱਜ ਦੇਰ ਸ਼ਾਮ ਸਰਕਾਰੀ ਕਾਲਜ ਡੇਰਾਬੱਸੀ ਵਿਖੇ ਇੱਕੋ ਸਮੇਂ ਉਡੇ 500 ਡਰੋਨਾਂ ਨੇ ਸੰਗਤਾਂ ਨੂੰ ਸ਼ਰਧਾ ਨਾਲ ਆਨੰਦਿਤ ਕਰ ਦਿੱਤਾ। ਰਾਤ ਨੂੰ ਅਸਮਾਨ ਵਿੱਚ ਰੌਸ਼ਨੀਆਂ ਨਾਲ ਜਗਮਗਾਉਂਦੇ ਸੈਂਕੜੇ ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਬਾਣੀ, ਵਿਚਾਰਧਾਰਾ ਅਤੇ ਮਹਾਨ ਫ਼ਲਸਫ਼ੇ ਨੂੰ ਦਿਲਕਸ਼ ਢੰਗ ਨਾਲ ਪੇਸ਼ ਕੀਤਾ ਗਿਆ, ਜਿਸ ਨੇ ਹਾਜ਼ਰ ਸੰਗਤ ਨੂੰ ਰੂਹਾਨੀ ਅਨੰਦ ਨਾਲ ਭਰ ਦਿੱਤਾ।



**• ਭਗਵੰਤ ਮਾਨ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਯਤਨਸ਼ੀਲ : ਵਿਧਾਇਕ ਕੁਲਜੀਤ ਰੰਧਾਵਾ**

ਇਸ ਮੌਕੇ ਵਿਧਾਨ ਸਭਾ ਹਲਕਾ ਡੇਰਾਬੱਸੀ ਦੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ, ਐਸ.ਡੀ.ਐਮ. ਡੇਰਾਬੱਸੀ ਸ੍ਰੀ ਅਮਿਤ ਗੁਪਤਾ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ। ਸੰਗਤ ਨੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਇਸ ਵਿਲੱਖਣ ਡਰੋਨ ਸ਼ੋਅ ਦਾ ਆਨੰਦ ਮਾਣਿਆ।

ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਸਮਾਜ ਦੇ ਹਰ ਵਰਗ ਦੀ ਭਲਾਈ, ਬਰਾਬਰੀ ਅਤੇ ਭਾਈਚਾਰਕ ਸਾਂਝ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਡਰੋਨ ਸ਼ੋਅ ਵਰਗੀ ਆਧੁਨਿਕ ਡਿਜੀਟਲ ਤਕਨੀਕ ਰਾਹੀਂ ਗੁਰੂ ਸਾਹਿਬ ਦੇ ਜੀਵਨ, ਬਾਣੀ ਅਤੇ ਸਿੱਖਿਆਵਾਂ ਨੂੰ ਨੌਜਵਾਨ ਪੀੜ੍ਹੀ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਬਰਾਬਰੀ, ਭਾਈਚਾਰੇ, ਮਿਹਨਤ, ਸੱਚੇ ਆਚਰਣ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਕਿਸੇ ਇੱਕ ਵਰਗ ਜਾਂ ਭਾਈਚਾਰੇ ਤੱਕ ਸੀਮਤ ਨਹੀਂ, ਸਗੋਂ ਸਮੁੱਚੀ ਮਨੁੱਖਤਾ ਲਈ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਦਾ ਮਹਾਨ ਸੰਦੇਸ਼ ਹੈ। ਉਨ੍ਹਾਂ ਜਾਤ-ਪਾਤ, ਊਚ-ਨੀਚ ਅਤੇ ਸਮਾਜਿਕ ਵਿਤਕਰੇ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਮਨੁੱਖ ਨੂੰ ਚੰਗੇ ਕਰਮਾਂ ਅਤੇ ਉੱਚੇ ਆਚਰਣ ਦਾ ਮਾਰਗ ਦਿਖਾਇਆ।

ਸ. ਰੰਧਾਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਸਾਲ ਤੱਕ ਚੱਲਣ ਵਾਲੇ ਸਮਾਗਮਾਂ ਲਈ 100 ਕਰੋੜ ਰੁਪਏ ਤੋਂ ਵੱਧ ਦਾ ਬਜਟ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਉਦੇਸ਼ ਗੁਰੂ ਸਾਹਿਬ ਦੇ ਮਹਾਨ ਵਿਚਾਰਾਂ ਅਤੇ ਮਨੁੱਖਤਾ ਦੀ ਭਲਾਈ ਦੇ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਆਧੁਨਿਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣਾ ਹੈ।

ਸਮਾਗਮ ਦੌਰਾਨ ਭਾਈ ਮਨਜੀਤ ਸਿੰਘ ਅੰਬਾਲੇ ਵਾਲਿਆਂ ਦੇ ਰਾਗੀ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ, ਜਿਸ ਨਾਲ ਸੰਗਤਾਂ ਨਿਹਾਲ ਹੋਈਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਇਸ ਵਿਲੱਖਣ ਉਪਰਾਲੇ ਦੀ ਸ਼ਲਾਘਾ ਕੀਤੀ।

# ਅਦਾਰਾ ਅਦਬੀ ਸਾਂਝ ਦੀ ਹੋਈ ਮੀਟਿੰਗ

**ਕਪੂਰਥਲਾ (ਪੈਗਾਮ ਏ ਜਗਤ)**
**ਜੱਸਪ੍ਰੀਤ ਸਿੰਘ "ਧਿੰਜਣ**

ਅਦਾਰਾ ਅਦਬੀ ਸਾਂਝ (ਰਜਿ.) ਦੀ ਮਹੀਨਾਵਾਰ ਸਾਹਿਤਕ ਇਕੱਤਰਤਾ ਗੁਰੂ ਨਾਨਕ ਲਾਇਬ੍ਰੇਰੀ ਕਪੂਰਥਲਾ ਵਿਖੇ, ਪ੍ਰਧਾਨ ਪ੍ਰੋਮਿਲਾ ਅਰੋੜਾ ਦੀ ਰਹਿਨੁਮਾਈ ਹੇਠ ਹੋਈ। ਇਸ ਇਕੱਤਰਤਾ ਵਿੱਚ ਅਦਬੀ ਸਾਂਝ (ਰਜਿ.) ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਹਿੱਸਾ ਲਿਆ। ਸਰਪ੍ਰਸਤ ਡਾ. ਹਰਭਜਨ ਸਿੰਘ ਤੇ ਪ੍ਰਧਾਨ ਪ੍ਰੋਮਿਲਾ ਅਰੋੜਾ ਨੇ ਇਸ ਸਾਹਿਤਕ ਇਕੱਤਰਤਾ ਦੀ ਪ੍ਰਧਾਨਗੀ ਕੀਤੀ। ਡਾ. ਹਰਭਜਨ ਸਿੰਘ ਨੇ ਮੁਬਾਰਕ ਦਿੰਦਿਆਂ ਆਖਿਆ ਕਿ ਮੈਡਮ ਪ੍ਰੋਮਿਲਾ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਹਿੰਦੀ ਸਾਹਿਤ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ ਜੋ ਕਿ ਸਾਡੀ ਸਭਾ, ਕਪੂਰਥਲਾ ਜ਼ਿਲ੍ਹਾ ਅਤੇ ਸਾਹਿਤ ਜਗਤ ਲਈ ਬੜੀ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਹੈ। ਸਾਬਕਾ ਪ੍ਰਧਾਨ ਸ਼ਹਿਬਾਜ਼ ਖ਼ਾਨ ਨੇ ਮੈਡਮ ਪ੍ਰੋਮਿਲਾ ਅਰੋੜਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹਨਾਂ ਦੀ ਇਹ ਪ੍ਰਾਪਤੀ ਇੱਕ ਮੀਲ ਪੱਥਰ ਵਜੋਂ ਸਥਾਪਿਤ ਹੋਵੇਗੀ ਅਤੇ ਸਮੁੱਚੇ ਅਦਾਰੇ ਦੀ ਇਹ ਅਰਦਾਸ ਹੈ ਕਿ ਭਵਿੱਖ ਵਿੱਚ ਵੀ ਉਹ ਆਪਣਾ, ਜ਼ਿਲ੍ਹੇ ਦਾ ਅਤੇ ਸਾਹਿਤ ਜਗਤ ਦਾ ਕੱਦ ਹੋਰ ਉੱਚਾ ਕਰਨਗੇ। ਇਸ ਉਪਰੰਤ ਹਾਜ਼ਿਰ ਕਲਮਕਾਰਾਂ ਦਾ ਇੱਕ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਮੋਹਨ ਸਿੰਘ ਮੋਤੀ, ਹਰਪ੍ਰੀਤ ਕੌਰ, ਸਵਰਾਜ ਕੌਰ, ਅਮਨ ਗਾਂਧੀ, ਕੁਲਦੀਪ ਕੌਰ, ਮੁਨੱਜ਼ਾ ਇਰਸ਼ਾਦ, ਸ਼ਹਿਬਾਜ਼ ਖ਼ਾਨ,ਆਸ਼ੂ ਕੁਮਰਾ,ਤੇ ਡਾ. ਹਰਭਜਨ ਸਿੰਘ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਇਸ ਇਕੱਤਰਤਾ ਨੂੰ ਹੋਰ ਵੀ ਗੂੜ੍ਹੀ ਸਾਹਿਤਕ ਰੰਗਤ ਦਿੱਤੀ। ਅੰਤ ਵਿੱਚ ਮੈਡਮ ਪ੍ਰੋਮਿਲਾ ਅਰੋੜਾ ਨੇ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।



# ਸਰਕਾਰੀ ਕਾਲਜ ਮੁਹਾਲੀ ਦੀਆਂ ਵਿਦਿਆਰਥਣਾਂ ਨੇ ਅਥਲੈਟਿਕਸ ਮੁਕਾਬਲਿਆਂ ਵਿੱਚ ਜਿੱਤੇ ਤਗਮੇ

**ਐਸ.ਏ.ਐਸ. ਨਗਰ, 30 ਸਤੰਬਰ**
**(ਪੈ.ਗਾਮ-ਏ-ਜਗਤ)**

ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ, ਐਸ.ਏ.ਐਸ. ਨਗਰ (ਮੁਹਾਲੀ) ਦੀਆਂ ਵਿਦਿਆਰਥਣਾਂ ਨੇ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-4, 2026 ਦੇ ਐਥਲੈਟਿਕਸ ਮੁਕਾਬਲਿਆਂ ਦੌਰਾਨ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ।



ਕਾਲੇਜ ਦੀ ਪ੍ਰਿੰਸੀਪਲ ਜਸਪ੍ਰੀਤ ਕੌਰ ਬੈਂਸ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸਪਨਾ ਨੇ 1500 ਮੀਟਰ ਅਤੇ 5000 ਮੀਟਰ ਵਿੱਚ ਪਹਿਲਾ ਸਥਾਨ ਅਤੇ 800 ਮੀਟਰ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਭਾਵਨਾ ਨੇ 800 ਮੀਟਰ ਅਤੇ 5000 ਮੀਟਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਕਾਜਲ ਨੇ 400 ਮੀਟਰ ਅਤੇ 5000 ਮੀਟਰ ਵਿੱਚ ਦੂਜਾ ਜਦਕਿ ਦਿਵਿਆ ਨੇ 1500 ਮੀਟਰ ਵਿੱਚ ਦੂਜਾ ਸਥਾਨ ਅਤੇ 800 ਮੀਟਰ ਵਿੱਚ ਤੀਜਾ ਸਥਾਨ ਹਾਸਲ ਕੀਤਾ। ਉਹਨਾਂ ਕਿਹਾ ਕਿ ਵਿਦਿਆਰਥਣਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਕਾਲੇਜ ਦਾ ਮਾਣ ਵਧਿਆ ਹੈ। ਉਹਨਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ ਭਾਵਨਾ ਅਤੇ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਫਿਜ਼ੀਕਲ ਐਜੂਕੇਸ਼ਨ ਵਿਭਾਗ ਦੀ ਮੁਖੀ ਪ੍ਰੋ. ਸਿਮਰਪ੍ਰੀਤ ਕੌਰ, ਪ੍ਰੋ. ਜਗਤਾਰ ਸਿੰਘ ਵੀ ਮੌਜੂਦ ਸਨ।

## ਮੁਹਾਲੀ ਪੁਲੀਸ ਨੇ ਇਮਾਨਦਾਰੀ ਦੀ ਮਿਸਾਲ ਪੇਸ਼ ਕਰਦਿਆਂ ਲਾਵਾਰਿਸ ਪਿਆ ਮਿਲਿਆ ਮੋਟਰ ਸਾਈਕਲ ਮਾਲਕ ਨੂੰ ਸੌਂਪਿਆ

**ਐਸ.ਏ.ਐਸ. ਨਗਰ, 30 ਸਤੰਬਰ**
**(ਪੈ.ਗਾਮ-ਏ-ਜਗਤ)**

ਮੁਹਾਲੀ ਜਿਲ੍ਹੇ ਵਿੱਚ ਲਾਂਡਰਾ ਵਿਖੇ ਤੈਨਾਤ ਸੜਕ ਸੁਰੱਖਿਆ ਫੋਰਸ ਨੂੰ ਗਸ਼ਤ ਕਰ ਰਹੀ ਸੀ ਤਾਂ ਭਾਗੋਮਾਜਰਾ ਨੇੜੇ ਸ਼ੱਕੀ ਹਾਲਾਤ ਵਿੱਚ ਇੱਕ ਸਪਲੈਂਡਰ ਮੋਟਰ ਸਾਈਕਲ ਮਿਲਿਆ, ਜਿਸ ਨੂੰ ਪੁਲੀਸ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ। ਪੁਲੀਸ ਵਲੋਂ ਇਸ ਮੋਟਰ ਸਾਈਕਲ ਦੀ ਜਾਂਚ ਕਰਨ ਤੇ ਸਾਮ੍ਹਣੇ ਆਇਆ ਕਿ ਮੋਟਰ ਸਾਈਕਲ ਬੀਤੀ 23 ਸਤੰਬਰ ਨੂੰ ਚੋਰੀ ਹੋਇਆ ਸੀ ਜਿਸਦੀ ਸ਼ਿਕਾਇਤ ਪਹਿਲਾਂ ਹੀ ਸੋਹਾਣਾ ਥਾਣੇ ਵਿੱਚ ਦਿੱਤੀ ਹੋਈ ਸੀ। ਇਸਤੇ ਏ ਐਸ ਆਈ ਪਰਮਜੀਤ ਕੁਮਾਰ ਅਤੇ ਉਹਨਾਂ ਦੀ ਟੀਮ ਪਵਨ ਕੁਮਾਰ, ਰਾਜਬੀਰ ਸਿੰਘ ਅਤੇ ਪੂਨਮ ਨੇ ਮਾਲਕ ( ਜੋ ਪਿੰਡ ਚਿੱਲਾ ਦਾ ਰਹਿਣ ਵਾਲਾ ਸੀ) ਨੂੰ ਲੱਭ ਕੇ ਉਸ ਦਾ ਮੋਟਰ ਸਾਈਕਲ ਵਾਪਿਸ ਕੀਤਾ ਗਿਆ।

# ਯੂਥ ਆਗੂ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਵੱਡੀ ਗਿਣਤੀ ਨੌਜਵਾਨ ਅਕਾਲੀ ਦਲ ਵਿੱਚ ਸ਼ਾਮਲ

**ਐਸ.ਏ.ਐਸ. ਨਗਰ, 30 ਸਤੰਬਰ**
**(ਪੈ.ਗਾਮ-ਏ-ਜਗਤ)**

ਯੂਥ ਆਗੂ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਮੁਹਾਲੀ ਦੇ ਵੱਡੀ ਗਿਣਤੀ ਨੌਜਵਾਨ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ। ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦਾ ਮੁਹਾਲੀ ਜ਼ਿਲ੍ਹੇ ਦੇ ਅਕਾਲੀ ਦਲ ਦੇ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਸਵਾਗਤ ਕੀਤਾ। ਇਸ ਮੌਕੇ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਨੌਜਵਾਨਾਂ ਦਾ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਨਾ ਪਾਰਟੀ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਸ਼ਾਮਲ ਹੋਣ ਨਾਲ ਮੁਹਾਲੀ ਜ਼ਿਲ੍ਹੇ ਸਮੇਤ ਪੂਰੇ ਪੰਜਾਬ ਵਿੱਚ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਮਿਲੇਗੀ। ਨਵੇਂ ਸ਼ਾਮਲ ਹੋਏ ਨੌਜਵਾਨਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ।



## 2 ਅਕਤੂਬਰ ਨੂੰ ਵਿਕਾਸ ਖੰਡ ਗਗਰੇਟ, ਬੰਗਾਣਾ ਅਤੇ ਊਨਾ ਵਿੱਚ ਵਿਸ਼ੇਸ਼ ਗ੍ਰਾਮ ਸਭਾਵਾਂ ਹੋਣਗੀਆਂ : ਰਮਨਵੀਰ ਚੌਹਾਨ

**ਊਨਾ, 30 ਸਤੰਬਰ (ਪੈ.ਗਾਮ-ਏ-ਜਗਤ)**

ਵਾਟਰਸ਼ੈੱਡ ਯੋਜਨਾ ਤਹਿਤ 2 ਅਕਤੂਬਰ ਨੂੰ ਜ਼ਿਲ੍ਹੇ ਦੇ ਗਗਰੇਟ ਵਿਕਾਸ ਖੰਡ ਦੀ ਅਮਲੇਹੜ, ਬੰਗਾਣਾ ਦੀ ਥਾਨਾਕਲਾਂ ਅਤੇ ਪਲਾਹਟਾ ਅਤੇ ਊਨਾ ਵਿਕਾਸ ਖੰਡ ਦੀ ਸਮੂਰ ਕਲਾਂ, ਡੰਗੋਲੀ, ਬਸੋਲੀ, ਟੱਬਾ, ਮਦਨਪੁਰ, ਲਮਲੇਹੜੀ ਅਤੇ ਝੰਬਰ ਗ੍ਰਾਮ ਪੰਚਾਇਤਾਂ ਵਿੱਚ ਵਿਸ਼ੇਸ਼ ਗ੍ਰਾਮ ਸਭਾਵਾਂ ਕਰਵਾਈਆਂ ਜਾਣਗੀਆਂ। ਇਹ ਜਾਣਕਾਰੀ ਜ਼ਿਲ੍ਹਾ ਵਿਕਾਸ ਅਧਿਕਾਰੀ ਊਨਾ ਰਮਨਵੀਰ ਚੌਹਾਨ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਜਲ ਸੰਭਾਲ, ਕੁਦਰਤੀ ਸਰੋਤ ਪ੍ਰਬੰਧਨ ਅਤੇ ਪੇਂਡੂ ਰੋਜ਼ੀ-ਰੋਟੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਵਾਟਰਸ਼ੈੱਡ ਵਿਕਾਸ ਪ੍ਰੋਗਰਾਮ ਤਹਿਤ ਕੀਤੇ ਗਏ ਵੱਖ-ਵੱਖ ਕੰਮਾਂ ਨੂੰ 2 ਅਕਤੂਬਰ ਨੂੰ ਹੋਣ ਵਾਲੀਆਂ ਵਿਸ਼ੇਸ਼ ਗ੍ਰਾਮ ਸਭਾਵਾਂ ਵਿੱਚ ਪ੍ਰਦਰਸ਼ਿਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਗ੍ਰਾਮ ਸਭਾਵਾਂ ਵਿੱਚ ਤਲਾਬਾਂ, ਚੈੱਕ ਡੈਮਾਂ, ਨਾਲਿਆਂ ਦੇ ਇਲਾਜ, ਅੰਮ੍ਰਿਤ ਸਰੋਵਰਾਂ ਸਮੇਤ ਜਲ ਸੰਭਾਲ ਨਾਲ ਸਬੰਧਤ ਕੰਮਾਂ ਨੂੰ ਤਸਵੀਰਾਂ ਅਤੇ ਵਿਸਥਾਰਪੂਰਵਕ ਜਾਣਕਾਰੀ ਸਮੇਤ ਪ੍ਰਦਰਸ਼ਿਤ ਕੀਤਾ ਜਾਵੇਗਾ। ਇਨ੍ਹਾਂ ਕੰਮਾਂ ਨਾਲ ਹਰੇਕ ਪੰਚਾਇਤ ਵਿੱਚ ਲਗਭਗ 200 ਤੋਂ 300 ਲੋਕਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਲਾਭ ਮਿਲਿਆ ਹੈ। ਇਸ ਤੋਂ ਇਲਾਵਾ, ਅਗਰਬੱਤੀ ਅਤੇ ਪੇਪਰ ਪਲੇਟ ਬਣਾਉਣ ਵਾਲੀਆਂ ਮਸ਼ੀਨਾਂ, ਖੇਤੀਬਾੜੀ ਦੇ ਸੰਦਾਂ ਅਤੇ ਸਵੈ-ਸਹਾਇਤਾ ਸਮੂਹਾਂ ਦੀਆਂ ਔਰਤਾਂ ਵੱਲੋਂ ਕੀਤੀਆਂ ਜਾ ਰਹੀਆਂ ਰੋਜ਼ੀ-ਰੋਟੀ ਦੀਆਂ ਗਤੀਵਿਧੀਆਂ ਨੂੰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ, ਜਿਨ੍ਹਾਂ ਤੋਂ ਹਰੇਕ ਪੰਚਾਇਤ ਵਿੱਚ ਕਰੀਬ 400 ਤੋਂ 600 ਲੋਕ ਲਾਭਵਾਨ ਹੋਏ ਹਨ।

ਉਨ੍ਹਾਂ ਪੇਂਡੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਗ੍ਰਾਮ ਸਭਾਵਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਵਾਟਰਸ਼ੈੱਡ ਯੋਜਨਾ ਤਹਿਤ ਕੀਤੇ ਜਾ ਰਹੇ ਕੰਮਾਂ ਅਤੇ ਉਨ੍ਹਾਂ ਤੋਂ ਮਿਲਣ ਵਾਲੇ ਲਾਭਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਆਪਣੇ ਸੁਝਾਅ ਵੀ ਦੇਣ। ਇਨ੍ਹਾਂ ਗ੍ਰਾਮ ਸਭਾਵਾਂ ਦਾ ਉਦੇਸ਼ ਪੇਂਡੂਆਂ ਦੀ ਭਾਗੀਦਾਰੀ ਵਧਾਉਣ ਦੇ ਨਾਲ ਜਲ ਸੰਭਾਲ, ਰੋਜ਼ੀ-ਰੋਟੀ ਨੂੰ ਉਤਸ਼ਾਹਿਤ ਕਰਨ ਅਤੇ ਆਤਮਨਿਰਭਰ ਪਿੰਡਾਂ ਦੇ ਨਿਰਮਾਣ ਵਿੱਚ ਲੋਕਾਂ ਦਾ ਸਹਿਯੋਗ ਯਕੀਨੀ ਬਣਾਉਣਾ ਹੈ।

## ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਰਾਮ ਦਰਬਾਰ ਦੇ ਨਿਵਾਸੀਆਂ ਲਈ 'ਸਮਾਧਾਨ ਕੈਂਪ' ਦਾ ਆਯੋਜਨ ਕੀਤਾ

**ਪੈ.ਗਾਮ-ਏ-ਜਗਤ ਚੰਡੀਗੜ੍ਹ/30 ਸਤੰਬਰ (ਹਰਮਿੰਦਰ ਨਾਗਪਾਲ)**



ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਕਮਿਊਨਿਟੀ ਸੈਂਟਰ ਵਿੱਚ ਰਾਮ ਦਰਬਾਰ ਦੇ ਨਿਵਾਸੀਆਂ ਲਈ ਇੱਕ 'ਸਮਾਧਾਨ ਕੈਂਪ' ਦਾ ਆਯੋਜਨ ਕੀਤਾ। ਜਿਸ ਨਾਲ ਨਾਗਰਿਕਾਂ ਨੂੰ ਪ੍ਰਸ਼ਾਸਕ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਸਾਹਮਣੇ ਸਿੱਧੇ ਤੌਰ 'ਤੇ ਆਪਣੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਰੱਖਣ ਦਾ ਇੱਕ ਮੰਚ ਮਿਲਿਆ। ਕੈਂਪ ਦਾ ਮੁੱਖ ਉਦੇਸ਼ ਨਾਗਰਿਕ ਸਹੂਲਤਾਂ, ਜਨ-ਸੇਵਾਵਾਂ ਅਤੇ ਸਥਾਨਕ ਬੁਨਿਆਦੀ ਢਾਂਚੇ ਨਾਲ ਜੁੜੀਆਂ ਸਮੱਸਿਆਵਾਂ ਨੂੰ ਸੁਲਝਾਉਣਾ ਸੀ, ਤਾਂ ਜੋ ਸਬੰਧਤ ਵਿਭਾਗ ਇਨ੍ਹਾਂ 'ਤੇ ਲੋੜੀਂਦੀ ਕਾਰਵਾਈ ਕਰ ਨਿਸ਼ਚਿਤ ਸਮਾਂ ਸੀਮਾ ਵਿੱਚ ਹੱਲ ਕੱਢ ਸਕਣ।

ਇਸ ਦੌਰਾਨ ਪ੍ਰਸ਼ਾਸਕ ਦੇ ਨਾਲ ਮੇਅਰ ਸ੍ਰੀ ਸੌਰਭ ਜੋਸ਼ੀ, ਯੂ.ਟੀ. ਚੰਡੀਗੜ੍ਹ ਦੇ ਮੁੱਖ ਸਕੱਤਰ ਸ੍ਰੀ ਐਚ. ਰਾਜੇਸ਼ ਪ੍ਰਸਾਦ, ਪ੍ਰਸ਼ਾਸਕੀ ਸਕੱਤਰ, ਵਿਭਾਗ ਮੁਖੀ ਅਤੇ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ। ਕੈਂਪ ਵਿੱਚ ਕੁੱਲ 66 ਨਿਵਾਸੀਆਂ ਨੇ ਨਿੱਜੀ ਤੌਰ 'ਤੇ ਪ੍ਰਸ਼ਾਸਕ ਸਾਹਮਣੇ ਆਪਣੀਆਂ ਸ਼ਿਕਾਇਤਾਂ ਰੱਖੀਆਂ। ਇਨ੍ਹਾਂ ਵਿੱਚ ਸਾਫ-ਸਫਾਈ, ਪੀਣ ਵਾਲੇ ਪਾਣੀ ਦੀ ਸਪਲਾਈ, ਬਿਜਲੀ, ਸੜਕਾਂ, ਸਟਰੀਟ ਲਾਈਟ, ਰਿਹਾਇਸ਼, ਜਨ ਸਿਹਤ ਸੇਵਾਵਾਂ, ਸਿੱਖਿਆ, ਠੋਸ ਕਚਰਾ ਪ੍ਰਬੰਧਨ, ਪਾਰਕਿੰਗ, ਸੰਪਰਕ ਕੇਂਦਰ ਖੋਲ੍ਹਣ ਦੀ ਮੰਗ ਅਤੇ ਬੁਨਿਆਦੀ ਢਾਂਚੇ ਨਾਲ ਜੁੜੇ ਹੋਰ ਮਾਮਲੇ ਸ਼ਾਮਲ ਸਨ।

ਚੰਡੀਗੜ੍ਹ ਪ੍ਰਸ਼ਾਸਨ ਦੇ ਸਬੰਧਤ ਅਧਿਕਾਰੀਆਂ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਖੇਤਰ ਵਿੱਚ ਚੱਲ ਰਹੇ ਅਤੇ ਪ੍ਰਸਤਾਵਿਤ ਵਿਕਾਸ ਕਾਰਜਾਂ ਦੀ ਜਾਣਕਾਰੀ ਦਿੱਤੀ, ਅਤੇ ਆਪਣੇ-ਆਪਣੇ ਵਿਭਾਗਾਂ ਨਾਲ ਜੁੜੇ ਮੁੱਦਿਆਂ ਦੇ ਸੰਭਾਵਿਤ ਹੱਲ ਦੱਸੇ। ਆਪਣੇ ਸੰਬੋਧਨ ਵਿੱਚ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਪ੍ਰਸ਼ਾਸਨ ਸਿੱਖਿਆ, ਖੇਡਾਂ ਦੇ ਬੁਨਿਆਦੀ ਢਾਂਚੇ, ਮਨੀਮਾਜਰਾ ਵਿੱਚ ਪ੍ਰਸਤਾਵਿਤ ਕਾਲਜ ਅਤੇ ਹੋਰ ਜਨਤਕ ਸੇਵਾਵਾਂ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਹਾਊਸਿੰਗ ਬੋਰਡ ਨਾਲ ਜੁੜੇ ਮਾਮਲਿਆਂ ਨੂੰ ਕੇਂਦਰ ਸਰਕਾਰ ਸਾਹਮਣੇ ਉਠਾਇਆ ਜਾ ਰਿਹਾ ਹੈ। ਉਨ੍ਹਾਂ ਨੇ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਰਾਮ ਦਰਬਾਰ ਵਿੱਚ ਪੁਲਿਸ ਬੀਟ ਬਾਕਸ ਸਥਾਪਤ ਕਰਨ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪਹਿਲੇ ਤਿੰਨ ਸਮਾਧਾਨ ਕੈਂਪਾਂ ਵਿੱਚ ਆਈਆਂ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ, ਜਦੋਂ ਕਿ ਵਿਸ਼ੇਸ਼ ਨਿਗਰਾਨੀ ਵਾਲੀਆਂ ਸ਼ਿਕਾਇਤਾਂ 'ਤੇ ਪ੍ਰਕਿਰਿਆ ਜਾਰੀ ਹੈ। ਪਾਣੀ ਦੀ ਸਪਲਾਈ 'ਤੇ ਗੱਲ ਕਰਦਿਆਂ ਸ੍ਰੀ ਕਟਾਰੀਆ ਨੇ ਕਿਹਾ ਕਿ ਇਸ ਚੁਣੌਤੀ ਨਾਲ ਸਮੂਹਿਕ ਯਤਨਾਂ ਅਤੇ ਜਲ ਸੰਭਾਲ ਵਿੱਚ ਜਨਤਾ ਦੇ ਸਹਿਯੋਗ ਨਾਲ ਨਜਿੱਠਿਆ ਜਾ ਰਿਹਾ ਹੈ। 'ਨਸ਼ਾ ਮੁਕਤ ਚੰਡੀਗੜ੍ਹ' ਮੁਹਿੰਮ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਇਸ ਨੂੰ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਦੱਸਿਆ ਅਤੇ ਨਸ਼ੇ ਦੀ ਦੁਰਵਰਤੋਂ ਅਤੇ ਤਸਕਰੀ ਵਿਰੁੱਧ ਮਿਲ ਕੇ ਲੜਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਿਹਤ ਅਤੇ ਸਟਰੀਟ ਵੈਂਡਿੰਗ ਨਾਲ ਜੁੜੇ ਨਾਗਰਿਕ ਮੁੱਦਿਆਂ 'ਤੇ ਲਗਾਤਾਰ ਕੰਮ ਕੀਤਾ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਇਹ ਭਰੋਸਾ ਵੀ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਲਈ ਲੋਕ ਭਵਨ ਦੇ ਦਰਵਾਜ਼ੇ ਜਨਤਾ ਲਈ ਹਮੇਸ਼ਾ ਖੁੱਲ੍ਹੇ ਹਨ। ਸਮਾਧਾਨ ਕੈਂਪ ਚੰਡੀਗੜ੍ਹ ਪ੍ਰਸ਼ਾਸਨ ਦੀ ਜਨ-ਸੰਪਰਕ ਅਤੇ ਜਨ-ਸਮੱਸਿਆ ਨਿਵਾਰਨ ਪਹਿਲ ਦਾ ਇੱਕ ਹਿੱਸਾ ਹੈ, ਜਿਸ ਨਾਲ ਨਾਗਰਿਕ ਨਾਗਰਿਕ ਸਹੂਲਤਾਂ, ਜਨਤਕ ਸੇਵਾਵਾਂ ਅਤੇ ਸਥਾਨਕ ਬੁਨਿਆਦੀ ਢਾਂਚੇ ਨਾਲ ਜੁੜੇ ਮਾਮਲਿਆਂ ਨੂੰ ਸਿੱਧੇ ਪ੍ਰਸ਼ਾਸਕ ਅਤੇ ਸਬੰਧਤ ਵਿਭਾਗਾਂ ਤੱਕ ਪਹੁੰਚਾ ਸਕਣ।

## ਬੱਚਿਆਂ ਦਾ ਕੋਨਾ

ਰੰਗ ਭਰੋ



### ਸੁਡੋਕੂ

Sudoku

| | | | | | | | | |
|---|---|---|---|---|---|---|---|---|
| | 5 | 1 | 8 | | 6 | 3 | | |
| | 9 | | 1 | | 2 | 7 | | 5 |
| | 4 | 8 | | 5 | | | 1 | 9 |
| | | | | 7 | 1 | | | |
| | | 4 | | 6 | 8 | | | |
| 1 | 2 | 7 | 5 | | 4 | 9 | 6 | 8 |
| 4 | | | 7 | | 3 | 1 | | 6 |
| | | | | 8 | | | | |
| 3 | | | 4 | 1 | | | 5 | 2 |

https://paigamejagat.com/games/sudoku.aspx

### ਪਿਛਲੇ ਸੁਡੋਕੂ ਦਾ ਹੱਲ

Sudoku — solution

| | | | | | | | | |
|---|---|---|---|---|---|---|---|---|
| 4 | 2 | 1 | 8 | 3 | 5 | 9 | 7 | 6 |
| 6 | 5 | 3 | 7 | 1 | 9 | 4 | 8 | 2 |
| 7 | 9 | 8 | 2 | 4 | 6 | 1 | 3 | 5 |
| 8 | 6 | 2 | 5 | 7 | 1 | 3 | 9 | 4 |
| 3 | 7 | 4 | 9 | 6 | 2 | 8 | 5 | 1 |
| 5 | 1 | 9 | 3 | 8 | 4 | 2 | 6 | 7 |
| 9 | 3 | 6 | 4 | 2 | 7 | 5 | 1 | 8 |
| 2 | 8 | 7 | 1 | 5 | 3 | 6 | 4 | 9 |
| 1 | 4 | 5 | 6 | 9 | 8 | 7 | 2 | 3 |

### ਅੰਤਰ ਲੱਭੋ




## ਜ਼ਿਲ੍ਹੇ ਦੇ 201 ਸਕੂਲਾਂ ਵਿੱਚ ਆਫ਼ਤ ਪ੍ਰਬੰਧਨ ਸਬੰਧੀ ਵਿਹਾਰਕ ਸਿਖਲਾਈ ਪ੍ਰੋਗਰਾਮ ਕਰਵਾਏ ਜਾਣਗੇ

- **ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਭੂਚਾਲ, ਅੱਗ ਤੋਂ ਸੁਰੱਖਿਆ, ਮੁੱਢਲੀ ਸਹਾਇਤਾ ਅਤੇ ਐਮਰਜੈਂਸੀ ਪ੍ਰਤੀਕਿਰਿਆ ਦੀ ਸਿਖਲਾਈ ਦਿੱਤੀ ਜਾਵੇਗੀ**

**ਊਨਾ, 30 ਸਤੰਬਰ (ਪੈ.ਗਾਮ-ਏ-ਜਗਤ)**

ਹਿਮਾਚਲ ਪ੍ਰਦੇਸ਼ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਗਲੇ ਛੇ ਮਹੀਨਿਆਂ ਦੌਰਾਨ ਜ਼ਿਲ੍ਹਾ ਊਨਾ ਦੇ ਸਾਰੇ ਸਰਕਾਰੀ ਅਤੇ ਨਿੱਜੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਕੂਲ ਆਫ਼ਤ ਤਿਆਰੀ ਅਤੇ ਪ੍ਰਦਰਸ਼ਨ ਪ੍ਰੋਗਰਾਮ ਕਰਵਾਏ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਦਾ ਉਦੇਸ਼ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਫ਼ਤ ਅਤੇ ਐਮਰਜੈਂਸੀ ਹਾਲਾਤ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਲੋੜੀਂਦੀ ਜਾਣਕਾਰੀ, ਵਿਹਾਰਕ ਹੁਨਰ ਅਤੇ ਸੁਰੱਖਿਆ ਉਪਾਵਾਂ ਦੀ ਸਿਖਲਾਈ ਦੇਣਾ ਹੈ।

ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਦੇ ਚੇਅਰਮੈਨ ਅਤੇ ਡਿਪਟੀ ਕਮਿਸ਼ਨਰ ਊਨਾ ਜਤਿਨ ਲਾਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਸਕੂਲ ਸੁਰੱਖਿਆ ਪ੍ਰੋਗਰਾਮ ਤਹਿਤ ਕਰਵਾਏ ਜਾ ਰਹੇ ਹਨ। ਪਹਿਲੇ ਪੜਾਅ ਵਿੱਚ ਜ਼ਿਲ੍ਹੇ ਦੇ ਕੁੱਲ 201 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਇਹ ਪ੍ਰੋਗਰਾਮ ਕਰਵਾਏ ਜਾਣਗੇ। ਇਨ੍ਹਾਂ ਵਿੱਚ 141 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ 60 ਨਿੱਜੀ ਸਕੂਲ ਸ਼ਾਮਲ ਹਨ। ਇਨ੍ਹਾਂ ਸਕੂਲਾਂ ਵਿੱਚ ਹਰ ਮਹੀਨੇ ਸਿਖਲਾਈ ਪ੍ਰਾਪਤ ਟੀਮਾਂ ਵੱਲੋਂ ਭੂਚਾਲ ਦੌਰਾਨ 'ਡਰੌਪ, ਕਵਰ ਐਂਡ ਹੋਲਡ' ਸੁਰੱਖਿਆ ਅਭਿਆਸ, ਪਰਿਵਾਰਕ ਆਫ਼ਤ ਪ੍ਰਬੰਧਨ ਯੋਜਨਾ ਤਿਆਰ ਕਰਨ ਅਤੇ ਪਰਿਵਾਰਕ ਐਮਰਜੈਂਸੀ ਕਿੱਟ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਐਮਰਜੈਂਸੀ ਪ੍ਰਤੀਕਿਰਿਆ ਉਪਕਰਨਾਂ ਅਤੇ ਸਾਧਨਾਂ ਦਾ ਪ੍ਰਦਰਸ਼ਨ, ਬੇਸਿਕ ਕਾਰਡੀਓਪਲਮੋਨਰੀ ਰਿਸਸਿਟੇਸ਼ਨ (ਸੀਪੀਆਰ) ਅਤੇ ਮੁੱਢਲੀ ਸਹਾਇਤਾ ਤਕਨੀਕਾਂ ਦੀ ਸਿਖਲਾਈ ਵੀ ਦਿੱਤੀ ਜਾਵੇਗੀ।



ਇਹ ਪਹਿਲ ਆਫ਼ਤ ਪ੍ਰਬੰਧਨ ਐਕਟ, 2005 ਅਤੇ ਰਾਸ਼ਟਰੀ ਸਕੂਲ ਸੁਰੱਖਿਆ ਨੀਤੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਲਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰੋਗਰਾਮ ਤਹਿਤ ਹਰੇਕ ਸਕੂਲ ਵਿੱਚ ਲਗਭਗ ਇੱਕ ਘੰਟਾ 30 ਮਿੰਟ ਦਾ ਆਫ਼ਤ ਤਿਆਰੀ ਅਤੇ ਪ੍ਰਦਰਸ਼ਨ ਸੈਸ਼ਨ ਕਰਵਾਇਆ ਜਾਵੇਗਾ। ਸਿਖਲਾਈ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੱਖ-ਵੱਖ ਆਫ਼ਤਾਂ ਦੌਰਾਨ ਅਪਣਾਈਆਂ ਜਾਣ ਵਾਲੀਆਂ ਸੁਰੱਖਿਆ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦਾ ਵਿਹਾਰਕ ਪ੍ਰਦਰਸ਼ਨ ਵੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅੱਗ ਤੋਂ ਸੁਰੱਖਿਆ ਦੇ ਉਪਾਵਾਂ ਪ੍ਰਤੀ ਜਾਗਰੂਕ ਕਰਨ ਦੇ ਨਾਲ ਅੱਗ ਬੁਝਾਊ ਯੰਤਰਾਂ ਦੀ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਵਰਤੋਂ ਦਾ ਵਿਹਾਰਕ ਪ੍ਰਦਰਸ਼ਨ ਵੀ ਕੀਤਾ ਜਾਵੇਗਾ। ਐਮਰਜੈਂਸੀ ਦੀ ਸਥਿਤੀ ਵਿੱਚ ਸੁਰੱਖਿਅਤ ਨਿਕਾਸੀ ਦੀ ਪ੍ਰਕਿਰਿਆ ਅਤੇ ਐਮਰਜੈਂਸੀ ਨਿਕਾਸੀ ਅਭਿਆਸ ਵੀ ਕਰਵਾਇਆ ਜਾਵੇਗਾ, ਤਾਂ ਜੋ ਕਿਸੇ ਵੀ ਆਫ਼ਤ ਦੀ ਸਥਿਤੀ ਵਿੱਚ ਵਿਦਿਆਰਥੀ ਅਤੇ ਸਕੂਲ ਸਟਾਫ਼ ਸੰਜਮ ਅਤੇ ਤਤਪਰਤਾ ਨਾਲ ਲੋੜੀਂਦੇ ਕਦਮ ਚੁੱਕ ਸਕਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਪਹਿਲ ਵਿਦਿਆਰਥੀਆਂ ਨੂੰ ਸਿਰਫ਼ ਆਫ਼ਤ ਦੇ ਸਮੇਂ ਸੁਰੱਖਿਅਤ ਰਹਿਣ ਦੀ ਜਾਣਕਾਰੀ ਦੇਣ ਤੱਕ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਵਿੱਚ ਸੁਰੱਖਿਆ, ਜਾਗਰੂਕਤਾ, ਤੁਰੰਤ ਪ੍ਰਤੀਕਿਰਿਆ ਅਤੇ ਭਾਈਚਾਰਕ ਜ਼ਿੰਮੇਵਾਰੀ ਦੀ ਭਾਵਨਾ ਵਿਕਸਿਤ ਕਰਨ ਵੱਲ ਵੀ ਇੱਕ ਮਹੱਤਵਪੂਰਨ ਕਦਮ ਹੈ।

ਸਕੂਲ ਪੱਧਰ 'ਤੇ ਨਿਯਮਤ ਸਿਖਲਾਈ ਅਤੇ ਮੌਕ ਅਭਿਆਸਾਂ ਰਾਹੀਂ ਵਿਦਿਆਰਥੀ ਐਮਰਜੈਂਸੀ ਹਾਲਾਤ ਵਿੱਚ ਆਪਣੀ ਸੁਰੱਖਿਆ ਦੇ ਨਾਲ-ਨਾਲ ਦੂਜਿਆਂ ਦੀ ਮਦਦ ਕਰਨ ਲਈ ਵੀ ਵਧੇਰੇ ਸਮਰੱਥ ਹੋ ਸਕਣਗੇ।

## ਜਲੰਧਰ ਵਿੱਚ ਹੋਈ ਮਹਾਰੈਲੀ ਲਈ ਮੁਹਾਲੀ ਤੋਂ ਭਾਜਪਾ ਪ੍ਰਧਾਨ ਦੀ ਅਗਵਾਈ ਹੇਠ ਆਗੂਆਂ ਅਤੇ ਵਰਕਰਾਂ ਨੇ ਕੀਤੀ ਸ਼ਮੂਲੀਅਤ

**ਐਸ.ਏ.ਐਸ. ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਭਾਜਪਾ ਵਲੋਂ ਪਰਾਗਪੁਰ ਵਿਖੇ 'ਨਸ਼ਾ ਮੁਕਤ ਪੰਜਾਬ ਯਾਤਰਾ' ਦੇ ਆਖਰੀ ਪੜ੍ਹਾਅ ਸੰਬੰਧੀ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਹੋਈ ਮਹਾਰੈਲੀ ਵਿੱਚ ਸ਼ਾਮਿਲ ਹੋਣ ਲਈ ਭਾਰਤੀ ਜਨਤਾ ਪਾਰਟੀ ਜਿਲ੍ਹਾ ਮੁਹਾਲੀ ਦੇ ਪ੍ਰਧਾਨ ਸ੍ਰੀ ਸੰਜੀਵ ਵਸ਼ਿਸ਼ਠ ਦੀ ਅਗਵਾਈ ਹੇਠ ਭਾਜਪਾ ਆਗੂਆਂ ਅਤੇ ਵਰਕਰਾਂ ਨੇ ਵੱਡੇ ਕਾਫਲੇ ਦੇ ਰੂਪ ਵਿੱਚ ਜਲੰਧਰ ਪਹੁੰਚ ਕੇ ਰੈਲੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਸੰਜੀਵ ਵਸ਼ਿਸ਼ਠ ਨੇ ਕਿਹਾ ਕਿ ਇਸ ਰੈਲੀ ਲਈ ਆਗੂਆਂ ਅਤੇ ਵਰਕਰਾਂ ਵਿੱਚ ਭਾਰੀ ਉਤਸਾਹ ਹੈ ਅਤੇ ਅਗਲੀ ਵਾਰ ਹੋਣ ਵਾਲੀਆਂ ਚੋਣਾਂ ਦੌਰਾਨ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨੀ ਤੈਅ ਹੈ।

## ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਨਿਗਮ ਵੱਲੋਂ ਇਕਹਿਰੀ ਵਰਤੋਂ ਵਾਲੇ ਪਲਾਸਟਿਕ ਵਿਰੁੱਧ ਜਾਗਰੂਕਤਾ ਲਈ ਨੁੱਕੜ ਨਾਟਕ ਦਾ ਆਯੋਜਨ

**ਐਸ.ਏ.ਐਸ. ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫ਼ਤਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਨਗਰ ਨਿਗਮ ਮੁਹਾਲੀ ਦੇ ਸਹਿਯੋਗ ਨਾਲ ਮੁਹਾਲੀ ਦੇ ਵੱਖ-ਵੱਖ ਪ੍ਰਮੁੱਖ ਸਥਾਨਾਂ ਤੇ ਇਕਹਿਰੀ (ਸਿੰਗਲ ਯੂਜ਼) ਵਰਤੋਂ ਵਾਲੇ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਨੁੱਕੜ ਨਾਟਕ ਕਰਵਾਏ ਗਏ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਪ੍ਰੋਗਰਾਮ ਮਦਨਪੁਰ ਚੌਂਕ, ਮੁਹਾਲੀ ਬੱਸ ਅੱਡਾ ਅਤੇ ਸਬਜ਼ੀ ਮੰਡੀ, ਸੈਕਟਰ 68, ਮੁਹਾਲੀ ਵਿਖੇ ਕਰਵਾਇਆ ਗਿਆ। ਨੁੱਕੜ ਨਾਟਕਾਂ ਰਾਹੀਂ ਟੀਮ ਨੇ ਇਕ ਵਾਰ ਵਰਤੋਂ ਵਾਲੇ ਪਲਾਸਟਿਕ ਕਾਰਨ ਵਾਤਾਵਰਣ ਤੇ ਪੈ ਰਹੇ ਮਾੜੇ ਪ੍ਰਭਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਅਤੇ ਲੋਕਾਂ ਨੂੰ ਇਸ ਦੀ ਵਰਤੋਂ ਤੋਂ ਗੁਰੇਜ਼ ਕਰਦਿਆਂ ਮੁੜ ਵਰਤੋਂਯੋਗ ਅਤੇ ਵਾਤਾਵਰਣ ਪੱਖੀ ਵਿਕਲਪ ਅਪਣਾਉਣ ਲਈ ਪ੍ਰੇਰਿਤ ਕੀਤਾ।

## ਨਿੱਕਾ ਬੀਜ ਅਤੇ ਵੱਡਾ ਸੁਪਨਾ



**ਪੈ.ਗਾਮ-ਏ-ਜਗਤ**

ਲੱਕੀ ਨੂੰ ਪੌਦੇ ਲਗਾਉਣ ਦਾ ਬਹੁਤ ਸ਼ੌਕ ਸੀ। ਇੱਕ ਦਿਨ ਉਸ ਨੂੰ ਦਾਦਾ ਜੀ ਦੇ ਬਾਗ ਵਿੱਚ ਇੱਕ ਨਿੱਕਾ ਜਿਹਾ ਬੀਜ ਮਿਲਿਆ।

ਲੱਕੀ ਨੇ ਬੀਜ ਨੂੰ ਹੱਥ ਵਿੱਚ ਫੜ ਕੇ ਪੁੱਛਿਆ, ਦਾਦਾ ਜੀ, ਇਹ ਬੀਜ ਵੱਡਾ ਹੋ ਕੇ ਕੀ ਬਣੇਗਾ?

ਦਾਦਾ ਜੀ ਮੁਸਕਰਾ ਕੇ ਬੋਲੇ, ਇਸ ਨੂੰ ਮਿੱਟੀ ਵਿੱਚ ਬੀਜ ਕੇ ਪਾਣੀ ਦਿਓ। ਫਿਰ ਧੀਰਜ ਨਾਲ ਉਡੀਕ ਕਰਨਾ। ਸ਼ਾਇਦ ਇੱਕ ਦਿਨ ਇਹ ਇੱਕ ਵੱਡਾ ਰੁੱਖ ਬਣ ਜਾਵੇ।

ਲੱਕੀ ਨੇ ਬੜੇ ਪਿਆਰ ਨਾਲ ਬੀਜ ਨੂੰ ਬਾਗ ਦੀ ਮਿੱਟੀ ਵਿੱਚ ਬੀਜ ਦਿੱਤਾ। ਉਸ ਨੇ ਥੋੜ੍ਹਾ ਪਾਣੀ ਪਾਇਆ ਅਤੇ ਖੁਸ਼ੀ ਨਾਲ ਬੋਲਿਆ, ਹੁਣ ਕੱਲ੍ਹ ਤੱਕ ਤਾਂ ਇਹ ਰੁੱਖ ਬਣ ਹੀ ਜਾਵੇਗਾ!

ਅਗਲੀ ਸਵੇਰ ਲੱਕੀ ਦੌੜਦਾ ਹੋਇਆ ਬਾਗ ਵਿੱਚ ਗਿਆ। ਪਰ ਉੱਥੇ ਕੁਝ ਵੀ ਨਹੀਂ ਸੀ।

ਮੇਰਾ ਬੀਜ ਕਿੱਥੇ ਹੈ? ਉਹ ਹੈਰਾਨ ਹੋਇਆ।

ਦਾਦਾ ਜੀ ਨੇ ਕਿਹਾ, ਬੀਜ ਨੂੰ ਸਮਾਂ ਚਾਹੀਦਾ ਹੈ।

ਲੱਕੀ ਨੇ ਅਗਲੇ ਦਿਨ ਫਿਰ ਪਾਣੀ ਪਾਇਆ। ਫਿਰ ਉਸ ਤੋਂ ਅਗਲੇ ਦਿਨ ਵੀ। ਪਰ ਮਿੱਟੀ ਉੱਪਰ ਕੋਈ ਪੌਦਾ ਦਿਖਾਈ ਨਾ ਦਿੱਤਾ।

ਇੱਕ ਹਫ਼ਤੇ ਬਾਅਦ ਲੱਕੀ ਥੋੜ੍ਹਾ ਉਦਾਸ ਹੋ ਗਿਆ। ਉਸ ਨੇ ਕਿਹਾ, ਸ਼ਾਇਦ ਇਹ ਬੀਜ ਕਦੇ ਨਹੀਂ ਉੱਗੇਗਾ।

ਦਾਦਾ ਜੀ ਨੇ ਉਸ ਨੂੰ ਮਿੱਟੀ ਦੇ ਨੇੜੇ ਬਿਠਾਇਆ ਅਤੇ ਬੋਲੇ, ਕੁਝ ਚੀਜ਼ਾਂ ਅੱਖਾਂ ਨੂੰ ਦਿਖਾਈ ਦੇਣ ਤੋਂ ਪਹਿਲਾਂ ਮਿੱਟੀ ਦੇ ਅੰਦਰ ਤਿਆਰ ਹੁੰਦੀਆਂ ਹਨ। ਜੇ ਤੂੰ ਅੱਜ ਹਾਰ ਮੰਨ ਲਈ ਤਾਂ ਤੈਨੂੰ ਪਤਾ ਹੀ ਨਹੀਂ ਲੱਗੇਗਾ ਕਿ ਇਸ ਬੀਜ ਦੇ ਅੰਦਰ ਕਿੰਨੀ ਤਾਕਤ ਹੈ।

ਲੱਕੀ ਨੇ ਫਿਰ ਹਿੰਮਤ ਕੀਤੀ। ਉਹ ਹਰ ਰੋਜ਼ ਪੌਦੇ ਨੂੰ ਪਾਣੀ ਦਿੰਦਾ ਅਤੇ ਆਲੇ-ਦੁਆਲੇ ਦੀ ਘਾਹ ਸਾਫ਼ ਕਰਦਾ।

ਕੁਝ ਦਿਨਾਂ ਬਾਅਦ ਇੱਕ ਸਵੇਰ ਉਸ ਨੇ ਮਿੱਟੀ ਵਿੱਚੋਂ ਨਿੱਕੀ ਜਿਹੀ ਹਰੀ ਕੌਂਪਲ ਬਾਹਰ ਆਉਂਦੀ ਦੇਖੀ।

ਦਾਦਾ ਜੀ! ਇਹ ਤਾਂ ਨਿਕਲ ਆਇਆ! ਲੱਕੀ ਖੁਸ਼ੀ ਨਾਲ ਚੀਕਿਆ।

ਦਿਨ ਬੀਤਦੇ ਗਏ। ਨਿੱਕੀ ਕੌਂਪਲ ਹੌਲੀ-ਹੌਲੀ ਪੌਦਾ ਬਣ ਗਈ। ਕੁਝ ਸਾਲਾਂ ਬਾਅਦ ਉਹ ਇੱਕ ਵੱਡਾ, ਛਾਂਦਾਰ ਰੁੱਖ ਬਣ ਗਿਆ। ਉਸ ਦੀਆਂ ਟਾਹਣੀਆਂ 'ਤੇ ਪੰਛੀ ਆ ਕੇ ਬੈਠਣ ਲੱਗੇ ਅਤੇ ਗਰਮੀਆਂ ਵਿੱਚ ਬੱਚੇ ਉਸ ਦੀ ਛਾਂ ਹੇਠ ਖੇਡਣ ਲੱਗੇ।

ਲੱਕੀ ਰੁੱਖ ਵੱਲ ਦੇਖ ਕੇ ਮੁਸਕਰਾਇਆ। ਉਸ ਨੂੰ ਸਮਝ ਆ ਗਿਆ ਕਿ ਵੱਡੀਆਂ ਚੀਜ਼ਾਂ ਇੱਕ ਦਿਨ ਵਿੱਚ ਨਹੀਂ ਬਣਦੀਆਂ।

ਉਸ ਨੇ ਰੁੱਖ ਦੇ ਤਣੇ 'ਤੇ ਹੱਥ ਰੱਖ ਕੇ ਕਿਹਾ, ÷ਤੂੰ ਮੈਨੂੰ ਸਿਖਾਇਆ ਹੈ ਕਿ ਛੋਟੀ ਸ਼ੁਰੂਆਤ ਵੀ ਵੱਡਾ ਸੁਪਨਾ ਪੂਰਾ ਕਰ ਸਕਦੀ ਹੈ।÷

ਸਿੱਖਿਆ: ਕੁਦਰਤ ਸਾਨੂੰ ਸਿਖਾਉਂਦੀ ਹੈ ਕਿ ਹਰ ਚੰਗੀ ਚੀਜ਼ ਨੂੰ ਵਧਣ ਲਈ ਸਮਾਂ ਚਾਹੀਦਾ ਹੈ। ਧੀਰਜ ਰੱਖੋ, ਮਿਹਨਤ ਕਰਦੇ ਰਹੋ ਅਤੇ ਆਪਣੇ ਸੁਪਨੇ 'ਤੇ ਵਿਸ਼ਵਾਸ ਕਦੇ ਨਾ ਛੱਡੋ।

## ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵਲੋਂ ਸਿਖਿਆ ਬੋਰਡ ਦੇ ਡੇਲੀਵੇਜ਼ ਕਰਮਚਾਰੀਆਂ ਦੀ ਤੁਰੰਤ ਹਾਜ਼ਰੀ ਲਗਵਾਉਣ ਦੀ ਮੰਗ

**ਐਸ.ਏ.ਐਸ. ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ (ਪੰਜਾਬ) ਦੇ ਸੂਬਾ ਸਕੱਤਰ ਪਰਮਦੀਪ ਸਿੰਘ ਬੈਦਵਾਣ ਅਤੇ ਜ਼ਿਲ੍ਹਾ ਪ੍ਰਧਾਨ ਕਿਰਪਾਲ ਸਿੰਘ ਸਿਆਊ ਨੇ ਬੋਰਡ ਮੈਨੇਜਮੈਂਟ ਨੂੰ ਪੱਤਰ ਲਿਖ ਕੇ ਡੇਲੀਵੇਜ਼ ਕਰਮਚਾਰੀਆਂ ਦੀ ਤੁਰੰਤ ਹਾਜ਼ਰੀ ਲਗਵਾਉਣ ਦੀ ਮੰਗ ਕੀਤੀ ਹੈ। ਪੱਤਰ ਵਿੱਚ ਉਹਨਾਂ ਕਿਹਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮੈਨੇਜਮੈਂਟ ਵੱਲੋਂ ਬੋਰਡ ਵਿੱਚ ਕੰਮ ਕਰ ਰਹੇ 160 ਦੇ ਕਰੀਬ ਡੇਲੀਵੇਜ਼ ਕਰਮਚਾਰੀਆਂ ਨੂੰ ਪਿਛਲੇ ਕੁੱਝ ਦਿਨਾ ਤੋਂ ਹਾਜ਼ਰੀ ਲਗਾਉਣ ਦੀ ਇਜਾਜ਼ਤ ਨਾ ਦੇਣ ਅਤੇ ਨਾ ਹੀ ਕਰਮਚਾਰੀਆਂ ਨੂੰ ਹਾਜ਼ਰੀ ਨਾ ਲਗਾਉਣ ਸਬੰਧੀ ਕੋਈ ਸਪੱਸ਼ਟ ਲਿਖਤੀ ਕਾਰਨ ਦੱਸੇ ਜਾਣ ਕਾਰਨ ਡੇਲੀਵੇਜ਼ ਕਰਮਚਾਰੀਆਂ ਵਿੱਚ ਆਪਣੀ ਨੌਕਰੀ ਨੂੰ ਲੈ ਕੇ ਚਿੰਤਾ ਅਤੇ ਅਨਿਸ਼ਚਿਤਤਾ ਦਾ ਮਾਹੌਲ ਬਣਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਜੇਕਰ ਬੋਰਡ ਮੈਨੇਜਮੈਂਟ ਨੇ 15 ਸਾਲ ਤੋਂ ਵੱਧ ਸਮੇਂ ਤੋਂ ਕੰਮ ਕਰਦੇ ਇਨ੍ਹਾਂ ਕਰਮਚਾਰੀਆਂ ਦੀ ਹਾਜ਼ਰੀ ਨਾ ਲਗਵਾਈ ਤਾਂ ਭਾਰਤੀ ਕਿਸਾਨ ਯੂਨੀਅਨ ਵੱਲੋਂ ਬੋਰਡ ਦੇ ਡੇਲੀਵੇਜ਼ ਕਰਮਚਾਰੀਆਂ ਦੀ ਹਮਾਇਤ ਵਿੱਚ ਇੱਕ ਅਕਤੂਬਰ ਨੂੰ ਸੀਟੂ ਵੱਲੋਂ ਬੋਰਡ ਦੇ ਮੁੱਖ ਗੇਟ ਤੇ ਰੋਸ ਰੈਲੀ ਵਿੱਚ ਵੱਧ ਚੜ ਕੇ ਹਿੱਸਾ ਲਿਆ ਜਾਵੇਗਾ ਅਤੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ। ਯੂਨੀਅਨ ਆਗੂਆਂ ਨੇ ਦੱਸਿਆ ਕਿ



ਡੇਲੀਵੇਜ਼ ਕਰਮਚਾਰੀਆਂ ਨਾਲ ਸਬੰਧਿਤ ਬੋਰਡ ਦੀ ਨੀਤੀ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਚੁਣੌਤੀ ਦਿੱਤੀ ਗਈ ਹੈ। ਮਾਨਯੋਗ ਹਾਈ ਕੋਰਟ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ 27 ਅਕਤੂਬਰ ਤਹਿ ਕੀਤੀ ਗਈ ਹੈ। ਪਰੰਤੂ ਬੋਰਡ ਮੈਨਜਮੈਂਟ ਇਹਨਾਂ ਕਰਮਚਾਰੀਆਂ ਨੂੰ ਜਾਨਬੁਝ ਕੇ ਤੰਗ ਪਰੇਸ਼ਾਨ ਕਰ ਰਹੀ ਹੈ ਜਿਸਨੂੰ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਕਿਸੇ ਵੀ ਕਿਮਤ ਤੇ ਬਰਦਾਸ਼ਤ ਨਹੀਂ ਕਰੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡੇਲੀਵੇਜ਼ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ, ਜਨਰਲ ਸਕੱਤਰ ਇੰਦਰਜੀਤ ਸਿੰਘ, ਖਜਾਨਚੀ ਬੂਟਾ ਸਿੰਘ, ਮੀਤ ਪ੍ਰਧਾਨ ਭਗਵੰਤ ਸਿੰਘ, ਗੁਰਪ੍ਰੀਤ ਸਿੰਘ, ਕਰਨ ਸਿੰਘ, ਨਿਰਮਲ ਸਿੰਘ, ਬਿਕਰਮ ਸਿੰਘ, ਮਨਦੀਪ ਸਿੰਘ, ਸੁਰੇਸ਼ ਕੁਮਾਰ, ਹਰਵਿੰਦਰ ਸਿੰਘ, ਨਵੀਨ ਵਾਲੀਆ ਆਦਿ ਹਾਜ਼ਰ ਸਨ।

## 22 ਸਕੂਲਾਂ ਦੇ ਵਿਦਿਆਰਥੀਆਂ ਨੇ ਬਲਾਕ ਪੱਧਰੀ ਸਾਇੰਸ ਸੈਮੀਨਾਰ ਵਿੱਚ ਦਿਖਾਈ ਪ੍ਰਤਿਭਾ

- **ਸਮ੍ਰਿਤੀ ਨੇ ਪਹਿਲਾ, ਗੁਰਜੋਤ ਕੌਰ ਨੇ ਦੂਜਾ ਅਤੇ ਕਰਮਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ**

**ਬਨੂੜ, 30 ਸਤੰਬਰ (ਪੈ.ਗਾਮ-ਏ-ਜਗਤ)**



ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੂਟਾ ਸਿੰਘ ਵਾਲਾ ਵਿਖੇ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਬਲਾਕ ਪੱਧਰੀ ਸਾਇੰਸ ਸੈਮੀਨਾਰ-2026 ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਨੂੜ ਬਲਾਕ ਦੇ 22 ਸਕੂਲਾਂ ਤੋਂ 8ਵੀਂ ਤੋਂ 10ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਆਪਣੀ ਵਿਗਿਆਨਕ ਸੋਚ, ਗਿਆਨ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਸਾਇੰਸ ਸੈਮੀਨਾਰ ਦਾ ਵਿਸ਼ਾ "ਵਿਕਸਤ ਊਰਜਾ ਟੋਕਰੀ-2047: ਸੰਭਾਵਨਾਵਾਂ ਅਤੇ ਚੁਣੌਤੀਆਂ" ਰਿਹਾ। ਵਿਦਿਆਰਥੀਆਂ ਨੇ ਇਸ ਵਿਸ਼ੇ ਤਹਿਤ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਭਾਰਤ ਵਿੱਚ ਆਜ਼ਾਦੀ ਦੇ 100 ਸਾਲ ਪੂਰੇ ਹੋਣ ਤੱਕ ਨਵਿਆਉਣਯੋਗ ਊਰਜਾ ਦੇ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਇੱਕ ਆਤਮਨਿਰਭਰ, ਊਰਜਾ-ਸੁਰੱਖਿਅਤ ਅਤੇ ਵਿਕਸਤ ਦੇਸ਼ ਬਣਨ ਦੀਆਂ ਕਿਹੜੀਆਂ ਸੰਭਾਵਨਾਵਾਂ ਹਨ। ਵਿਦਿਆਰਥੀਆਂ ਨੇ ਭਵਿੱਖ ਵਿੱਚ ਭਾਰਤ ਸਾਹਮਣੇ ਆਉਣ ਵਾਲੀਆਂ ਊਰਜਾ ਸਬੰਧੀ ਚੁਣੌਤੀਆਂ ਤੇ ਵੀ ਵਿਚਾਰ-ਵਟਾਂਦਰਾ ਕੀਤਾ ਅਤੇ ਉਨ੍ਹਾਂ ਦੇ ਸੰਭਾਵਿਤ ਹੱਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਮੁਕਾਬਲੇ ਦੇ ਨਤੀਜਿਆਂ ਵਿੱਚ ਸਰਕਾਰੀ ਹਾਈ ਸਕੂਲ ਕਾਰਕੌਰ ਦੀ ਵਿਦਿਆਰਥਣ ਸਮ੍ਰਿਤੀ ਨੇ ਪਹਿਲਾ ਸਥਾਨ ਹਾਸਲ ਕੀਤਾ। ਸਰਕਾਰੀ ਹਾਈ ਸਕੂਲ ਸਲੇਮਪੁਰ ਨਗਲ ਦੀ ਵਿਦਿਆਰਥਣ ਗੁਰਜੋਤ ਕੌਰ ਨੇ ਦੂਜਾ ਸਥਾਨ, ਜਦਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੂਟਾ ਸਿੰਘ ਵਾਲਾ ਦੀ ਵਿਦਿਆਰਥਣ ਕਰਮਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਸਮ੍ਰਿਤੀ ਹੁਣ ਜ਼ਿਲ੍ਹਾ ਪੱਧਰੀ ਸਾਇੰਸ ਸੈਮੀਨਾਰ ਵਿੱਚ ਬਨੂੜ ਬਲਾਕ ਦੀ ਨੁਮਾਇੰਦਗੀ ਕਰੇਗੀ। ਜ਼ਿਲ੍ਹਾ ਪੱਧਰੀ ਸਾਇੰਸ ਸੈਮੀਨਾਰ 6 ਅਕਤੂਬਰ ਨੂੰ ਕਰਵਾਇਆ ਜਾਵੇਗਾ।

## ਪਿੰਡ ਬਲੌਂਗੀ ਅਤੇ ਨਾਲ ਲੱਗਦੀਆਂ ਕਲੋਨੀਆਂ ਵਿੱਚ ਪੀ.ਜੀ. ਦੀਆਂ ਉਸਾਰੀਆਂ ਜਾਰੀ

**ਬਲੌਂਗੀ, 30 ਸਤੰਬਰ (ਪੈ.ਗਾਮ-ਏ-ਜਗਤ)**

ਮੁਹਾਲੀ ਦੇ ਪਿੰਡ ਬਲੌਂਗੀ ਅਤੇ ਨਾਲ ਲੱਗਦੀਆਂ ਕਲੋਨੀਆਂ ਵਿੱਚ ਪੀ ਜੀ (ਪੇਇੰਗ ਗੈਸਟ) ਦੀਆਂ ਉਸਾਰੀਆਂ ਧੜੱਲੇ ਨਾਲ ਜਾਰੀ ਹਨ। ਇਲਾਕਾ ਵਾਸੀਆਂ ਦਾ ਇਲਜਾਮ ਹੈ ਕਿ ਉਸਾਰੀ ਕਰਨ ਵਾਲੇ ਵਿਅਕਤੀਆਂ ਵਲੋਂ ਪ੍ਰਸ਼ਾਸ਼ਨ ਨਾਲ ਮਿਲੀਭੁਗਤ ਕਰਕੇ ਇਹ ਗੈਰਕਾਨੂਨੀ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ। ਇਲਾਕਾ ਵਾਸੀ ਰਾਹੁਲ, ਸੁਨੀਲ, ਕੀਰਤ ਅਤੇ ਲਾਡੀ ਅਤੇ ਹੋਰਨਾਂ ਲੋਕਾਂ ਨੇ ਦੋਸ਼ ਲਗਾਇਆ ਕਿ ਬਲੌਂਗੀ ਨੂੰ ਨਗਰ ਨਿਗਮ ਵਿੱਚ ਸ਼ਾਮਲ ਕੀਤੇ ਜਾਣ ਅਤੇ ਨਗਰ ਨਿਗਮ ਚੋਣਾਂ ਹੋਣ ਤੋਂ ਬਾਅਦ ਵੀ ਇਨ੍ਹਾਂ ਉਸਾਰੀਆਂ ਤੇ ਕੋਈ ਪ੍ਰਭਾਵਸ਼ਾਲੀ ਰੋਕ ਨਹੀਂ ਲੱਗੀ ਹੈ।

ਵਸਨੀਕਾਂ ਦਾ ਕਹਿਣਾ ਹੈ ਕਿ ਬਲੌਂਗੀ ਵਿੱਚ ਤਿੰਨ ਵਾਰਡ ਬਣ ਚੁੱਕੇ ਹਨ ਅਤੇ ਇੱਥੋਂ ਐਮ.ਸੀ. ਵੀ ਚੁਣੇ ਗਏ ਹਨ, ਪਰ ਇਸ ਦੇ ਬਾਵਜੂਦ ਦਸ਼ਮੇਸ਼ ਕਲੋਨੀ, ਏਕਤਾ ਕਲੋਨੀ, ਆਦਰਸ਼ ਕਲੋਨੀ ਅਤੇ ਬਲਾਕ-ਏ ਤੇ ਬਲਾਕ-ਬੀ ਸਮੇਤ ਕਈ ਇਲਾਕਿਆਂ ਵਿੱਚ ਪੀ ਜੀ ਦੀਆਂ ਉਸਾਰੀਆਂ ਜਾਰੀ ਹਨ। ਇਲਾਕਾ ਵਾਸੀਆਂ ਦਾ ਦੋਸ਼ ਹੈ ਕਿ ਕਈ ਰਿਹਾਇਸ਼ੀ



ਮਕਾਨਾਂ ਨੂੰ ਵੱਡੇ ਪੱਧਰ ਤੇ ਪੀਜੀ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ ਅਤੇ ਕਈ ਇਮਾਰਤਾਂ ਵਿੱਚ ਵੱਡੀ ਗਿਣਤੀ ਵਿੱਚ ਕਮਰੇ ਬਣਾਏ ਜਾ ਰਹੇ ਹਨ।

ਵਸਨੀਕਾਂ ਨੇ ਕਿਹਾ ਕਿ ਰਿਹਾਇਸ਼ੀ ਇਲਾਕਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਜਾਂ ਵਰਤੋਂ ਲਈ ਸਬੰਧਤ ਅਥਾਰਟੀ ਨਗਰ ਨਿਗਮ ਦੇ ਬਿਲਡਿੰਗ ਬਾਇਲਾਜ਼, ਲੈਂਡ-ਯੂਜ਼, ਨਕਸ਼ਾ ਮਨਜ਼ੂਰੀ, ਪਾਰਕਿੰਗ, ਫਾਇਰ ਸੇਫਟੀ, ਬਿਜਲੀ ਲੋਡ ਅਤੇ ਹੋਰ ਲਾਗੂ ਨਿਯਮਾਂ ਦੀ ਪਾਲਣਾ ਜ਼ਰੂਰੀ ਹੁੰਦੀ ਹੈ ਪਰੰਤੂ ਜਿਆਦਾਤਰ ਪੀ ਜੀ ਮਾਲਕਾਂ ਵੱਲੋਂ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਵਸਨੀਕਾਂ ਅਨੁਸਾਰ ਕਈ ਇਮਾਰਤਾਂ ਵਿੱਚ 30 ਤੋਂ 100 ਤੱਕ ਕਮਰੇ ਬਣਾਏ ਜਾ ਰਹੇ ਹਨ, ਜਿਸ ਨਾਲ ਗਲੀਆਂ ਵਿੱਚ ਪਾਰਕਿੰਗ, ਬਿਜਲੀ ਲੋਡ, ਪਾਣੀ ਅਤੇ ਸੀਵਰੇਜ ਸਮੇਤ ਹੋਰ ਬੁਨਿਆਦੀ ਸਹੂਲਤਾਂ ਤੇ ਦਬਾਅ ਪੈ ਰਿਹਾ ਹੈ।

ਇਲਾਕਾ ਵਾਸੀਆਂ ਨੇ ਉਸਾਰੀ ਦੌਰਾਨ ਸੁਰੱਖਿਆ ਮਾਣਕਾਂ ਨੂੰ ਅਣਦੇਖਿਆ ਕਰਨ ਦੇ ਇਲਜਾਮ ਲਗਾਏ ਹਨ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਬਣ ਰਹੀ ਪੀਜੀ ਇਮਾਰਤ ਦਾ ਮਲਬਾ ਡਿੱਗਣ ਕਾਰਨ ਵਿਜੇ ਪਾਠਕ ਦੀ ਪਤਨੀ ਦੇ ਸਿਰ ਤੇ ਸੱਟ ਲੱਗਣ ਦੀ ਘਟਨਾ ਸਾਹਮਣੇ ਆਈ ਸੀ। ਉਹਨਾਂ ਕਿਹਾ ਕਿ ਉਸਾਰੀ ਵਾਲੀਆਂ ਥਾਵਾਂ ਤੇ ਮਜ਼ਦੂਰਾਂ ਅਤੇ ਰਾਹਗੀਰਾਂ ਦੀ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਹੋਣੇ ਚਾਹੀਦੇ ਹਨ। ਵਸਨੀਕਾਂ ਨੇ ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਅਤੇ ਨਵੇਂ ਮੇਅਰ ਸਰਬਜੀਤ ਸਿੰਘ ਸਮਾਣਾ ਤੋਂ ਮੰਗ ਕੀਤੀ ਹੈ ਕਿ ਬਲੌਂਗੀ ਵਿੱਚ ਚੱਲ ਰਹੀਆਂ ਕਥਿਤ ਗੈਰ-ਕਾਨੂੰਨੀ ਉਸਾਰੀਆਂ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਜੇਕਰ ਕੋਈ ਉਸਾਰੀ ਨਿਯਮਾਂ ਦੀ ਉਲੰਘਣਾ ਕਰਦੀ ਪਾਈ ਜਾਂਦੀ ਹੈ ਤਾਂ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਜੇਕਰ ਨਿਯਮਾਂ ਦੀ ਪਾਲਣਾ ਹੋ ਰਹੀ ਹੈ ਤਾਂ ਲੋਕਾਂ ਨੂੰ ਸਥਿਤੀ ਬਾਰੇ ਸਪੱਸ਼ਟ ਜਾਣਕਾਰੀ ਦਿੱਤੀ ਜਾਵੇ।

## ਦਮਨਜੀਤ ਸਿੰਘ ਬਣੇ ਪੀ.ਐਸ.ਪੀ.ਸੀ.ਐਲ. ਦੇ ਚੀਫ ਇੰਜਨੀਅਰ

**ਐਸ.ਏ.ਐਸ. ਨਗਰ, 30 ਸਤੰਬਰ (ਪੈ.ਗਾਮ-ਏ-ਜਗਤ)**



ਪੀ ਐਸ ਪੀ ਸੀ ਐਲ ਵਲੋਂ ਇੰਜਨੀਅਰ ਦਮਨਜੀਤ ਸਿੰਘ ਨੂੰ ਤਰੱਕੀ ਦੇ ਕੇ ਚੀਫ ਇੰਜਨੀਅਰ (ਇਲੈਕਟੀਕਲ ਅਤੇ ਪਲਾਨਿੰਗ) ਬਣਾ ਦਿੱਤਾ ਗਿਆ ਹੈ। ਇੰਜਨੀਅਰ ਦਮਨਜੀਤ ਸਿੰਘ ਮੁਹਾਲੀ ਸੈਕਟਰ 70 ਦੇ ਵਸਨੀਕ ਹਨ ਅਤੇ ਇਸਤੋਂ ਪਹਿਲਾਂ ਉਹ ਡਿਪਟੀ ਚੀਫ ਇੰਜਨੀਅਰ (ਸੇਲਜ 2 ਪਟਿਆਲਾ) ਵਜੋਂ ਸੇਵਾ ਨਿਭਾ ਰਹੇ ਸਨ।

## ਸੜਕ ਸੁਰੱਖਿਆ ਨਿਯਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ-ਵਧੀਕ ਡਿਪਟੀ ਕਮਿਸ਼ਨਰ

*ਪੈ.ਗਾਮ-ਏ-ਜਗਤ/ਹੁਸ਼ਿਆਰਪੁਰ/ਦਲਜੀਤ ਅਜਨੋਹਾ*

*ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਅੱਜ ਇੱਥੇ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਾਕੇਸ਼ ਕੁਮਾਰ ਮੀਨਾ ਨੇ ਸਬੰਧਿਤ ਅਧਿਕਾਰੀਆਂ ਨੂੰ ਸੜਕ ਸੁਰੱਖਿਆ ਨਿਯਮਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਸੜਕ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਨੂੰ ਪੀਐਮ- ਰਾਹਤ ਯੋਜਨਾ ਦਾ ਲਾਭ ਦਵਾਇਆ ਜਾਵੇ। ਵਧੀਕ ਡਿਪਟੀ ਕਮਿਸ਼ਨਰ ਨਿਧੀ ਕੁਮੁਦ ਬੰਬਾਹ, ਆਰ.ਟੀ.ਓ ਅਮਨਦੀਪ ਕੌਰ ਘੁੰਮਣ ਅਤੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਦੀ ਮੌਜੂਦਗੀ ਵਿਚ ਵਧੀਕ ਡਿਪਟੀ ਕਮਿਸ਼ਰ ਰਾਕੇਸ਼ ਕੁਮਾਰ ਮੀਨਾ ਨੇ ਕਿਹਾ ਕਿ ਸੜਕ ਹਾਦਸਿਆਂ ਵਿੱਚ ਜ਼ਖਮੀ ਹੋਏ ਲੋਕਾਂ ਦੀ ਜਾਨ ਬਚਾਉਣ ਦੇ ਉਦੇਸ਼ ਨਾਲ ਸਰਕਾਰ ਵੱਲੋਂ ਚਲਾਈ ਜਾ ਰਹੀ ਪੀਐਮ-ਰਾਹਤ ਯੋਜਨਾ ਆਮ ਲੋਕਾਂ ਲਈ ਬਹੁਤ ਹੀ ਲਾਭਦਾਇਕ ਹੈ। ਉਨ੍ਹਾਂ ਕਿਹਾ ਕਿ ਸੜਕ ਹਾਦਸੇ ਦੀ ਸੂਰਤ ਵਿੱਚ ਜ਼ਖਮੀਆਂ ਦੀ ਤੁਰੰਤ ਮਦਦ ਕਰਨ ਅਤੇ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਉਨ੍ਹਾਂ ਨੂੰ ਨਜ਼ਦੀਕੀ ਸੂਚੀਬੱਧ ਹਸਪਤਾਲ ਵਿੱਚ ਪਹੁੰਚਾਉਣ ਨਾਲ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਰਾਹਵੀਰ ਸਕੀਮ ਤਹਿਤ ਹਾਦਸੇ ਦੇ 60 ਮਿੰਟਾਂ ਦੇ ਅੰਦਰ-ਅੰਦਰ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਉਣ ਵਾਲਿਆਂ ਨੂੰ 25 ਹਜ਼ਾਰ ਰੁਪਏ ਨਕਦ ਅਤੇ ਹੌਸਲਾ ਅਫਜਾਈ ਦਾ ਪੱਤਰ ਵੀ ਦਿੱਤਾ ਜਾਂਦਾ ਹੈ।*

ਅਦਾਰਾ
"ਪੈ.ਗਾਮ-ਏ-ਜਗਤ" ਅਖਬਾਰ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ
ਪੱਤਰਕਾਰਾਂ ਦੀ ਲੋੜ।
Mobile : 9878862733, 9872340701